ਜਗਤ ਗੁਰੂ ਨਾਨਕ ਦੇਵ
ਪੰਜਾਬ ਸਟੇਟ ਓਪਨ ਯੂਨੀਵਰਸਿਟੀ
ਪਟਿਆਲਾ

# JAGAT GURU NANAK DEV
# PUNJAB STATE OPEN UNIVERSITY, PATIALA

(Established by Act No. 19 of 2019 of the Legislature of State of Punjab)

## The Motto of the University
## (SEWA)

SKILL ENHANCEMENT EMPLOYABILITY WISDOM ACCESSIBILITY




# ਐਮ ਏ ਪੰਜਾਬੀ

# ਸਮੈਸਟਰ ਚੌਥਾ

# ਸੋਲਵਾਂ ਪਰਚਾ: ਆਧੁਨਿਕ ਪੰਜਾਬੀ (1960 ਤੋਂ ਬਾਅਦ)

# PBIM21316T

**ADDRESS:** C/28, The Lower Mall, Patiala-147001
**WEBSITE:** www.psou.ac.in

SELF-INSTRUCTIONAL STUDY MATERIAL FOR JGND PSOU, ALL COPYRIGHTS WITH JGND PSOU, PATIALA

# JAGAT GURU NANAK DEV

# PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**


**COURSE COORDINATOR AND EDITOR:**

**DR. DHARMINDER SINGH**

**ASSISTANT PROFESSOR IN PUNJABI**

**PROGRAM COORDINATOR:**

**DR. AMARJIT SINGH**

**ASSISTANT PROFESSOR IN PUNJABI**

## JAGAT GURU NANAK DEV

## PUNJAB STATE OPEN UNIVERSITY PATIALA

**(Established by Act No.19 of 2019 of Legislature of the State of Punjab)**

# PREFACE

Jagat Guru Nanak Dev Punjab State Open University, Patiala was established in December 2019 by Act 19 of the Legislature of State of Punjab. It is the first and only Open University of the State, entrusted with the responsibility of making higher education accessible to all, especially to those sections of society who do not have the means, time or opportunity to pursue regular education.

In keeping with the nature of an Open University, this University provides a flexible education system to suit every need. The time given to complete a programme is double the duration of a regular mode programme. Well-designed study material has been prepared in consultation with experts in their respective fields.

The University offers programmes which have been designed to provide relevant, skill-based and employability-enhancing education. The study material provided in this booklet is self-instructional, with self-assessment exercises, and recommendations for further readings. The syllabus has been divided in sections, and provided as units for simplification.

The University has a network of 10 Learner Support Centres/Study Centres, to enable students to make use of reading facilities, and for curriculum-based counselling and practicals. We, at the University, welcome you to be a part of this instituition of knowledge.

Prof.G.S Batra

Dean Academic Affairs

**M.A (PUNJABI)**
**(ਸਮੈਸਟਰ-ਚੌਥਾ)**

# ਸੋਲ੍ਹਵਾਂ ਪਰਚਾ : ਆਧੁਨਿਕ ਪੰਜਾਬੀ ਕਵਿਤਾ (1960 ਤੋ ਬਾਅਦ)

ਕੁੱਲ ਅੰਕ : 100
ਬਾਹਰੀ ਮੁਲਾਂਕਣ:70
ਅੰਦਰੂਨੀ ਮੁਲਾਂਕਣ:30
ਪਾਸ: 40%
ਕ੍ਰੈਡਿਟ:4

ਉਦੇਸ਼:

ਇਸ ਕੋਰਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਅਲੱਗ- ਅਲੱਗ ਦਿਸ਼ਾਵਾਂ ਰਾਹੀਂ ਆਧੁਨਿਕ ਪੰਜਾਬੀ ਕਵਿਤਾ ਨਾਲ ਜਾਣੂ ਕਰਵਾਉਣਾ ਹੈ।ਇਸ ਦੇ ਨਾਲ ਹੀ ਆਧੁਨਿਕ ਪੰਜਾਬੀ ਕਵਿਤਾ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੂੰ ਆਧੁਨਿਕ ਪੰਜਾਬੀ ਕਵਿਤਾ ਸੰਬੰਧੀ ਵੱਧ ਤੋਂ ਵੱਧ ਜਾਣਕਾਰੀ ਦੇਣ ਦਾ ਵੀ ਉਦੇਸ਼ ਹੈ।

**INSTRUCTIONS FOR THE PAPER SETTER/EXAMINER:**

1. The syllabus prescribed should be strictly adhered to.
2. The question paper will consist of three sections: A, B, and C. Sections A and B will have four questions each from the respective sections of the syllabus and will carry 10 marks each. The candidates will attempt two questions from each section.
3. Section C will have fifteen short answer questions covering the entire syllabus. Each question will carry 3 marks. Candidates will attempt any 10 questions from this section.
4. The examiner shall give a clear instruction to the candidates to attempt questions only at one place and only once. Second or subsequent attempts, unless the earlier ones have been crossed out, shall not be evaluated.
5. The duration of each paper will be three hours.

**INSTRUCTIONS FOR THE CANDIDATES:**

Candidates are required to attempt any two questions each from the sections A, and B of the question paper, and any ten short answer questions from Section C. They have to attempt questions only at one place and only once.

Second or subsequent attempts, unless the earlier ones have been crossed out, shall not be evaluated.

**ਭਾਗ ੳ**- ਆਧੁਨਿਕ ਪੰਜਾਬੀ ਕਾਵਿ : ਸਿਧਾਂਤਕ ਪਰਿਪੇਖ

**ੳ.**1 ਆਧੁਨਿਕ ਪੰਜਾਬੀ ਕਾਵਿ : ਇਤਿਹਾਸ
**ੳ.**2 ਆਧੁਨਿਕ ਪੰਜਾਬੀ ਕਾਵਿ : ਪ੍ਰਵਿਰਤੀਆਂ

**ਭਾਗ ਅ-** ਸ਼ਿਵ ਕੁਮਾਰ-ਬਿਰਹਾ ਤੂੰ ਸੁਲਤਾਨ

ਸ਼ਿਵ ਕੁਮਾਰ-ਬਿਰਹਾ ਤੂੰ ਸੁਲਤਾਨ:ਵਿਚਾਰਧਾਰਾਈ ਅਧਿਐਨ
ਸ਼ਿਵ ਕੁਮਾਰ-ਬਿਰਹਾ ਤੂੰ ਸੁਲਤਾਨ -ਅਧਿਐਨ ਦ੍ਰਿਸ਼ਟੀ

**ਅ.**1 ਸੁਰਜੀਤ ਪਾਤਰ : ਲਫ਼ਜ਼ਾਂ ਦੀ ਦਰਗਾਹ

ਸੁਰਜੀਤ ਪਾਤਰ : ਲਫ਼ਜ਼ਾਂ ਦੀ ਦਰਗਾਹ -ਵਿਚਾਰਧਾਰਾਈ ਅਧਿਐਨ
ਸੁਰਜੀਤ ਪਾਤਰ : ਲਫ਼ਜ਼ਾਂ ਦੀ ਦਰਗਾਹ -ਅਧਿਐਨ ਦ੍ਰਿਸ਼ਟੀ

**ਅ.**2 ਪਾਸ਼ : ਸਾਡੇ ਸਮਿਆਂ ਵਿਚ
ਪਾਸ਼ : ਸਾਡੇ ਸਮਿਆਂ ਵਿਚ-ਵਿਚਾਰਧਾਰਾਈ ਅਧਿਐਨ
ਪਾਸ਼ : ਸਾਡੇ ਸਮਿਆਂ ਵਿਚ-ਅਧਿਐਨ ਦ੍ਰਿਸ਼ਟੀ

**ਭਾਗ-ੲ**

ਭਾਗ ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿੱਚੋਂ ਸੰਖੇਪ ਉੱਤਰਾਂ ਵਾਲੇ ਪ੍ਰਸ਼ਨ।
ਅੰਕ ਵੰਡ ਅਤੇ ਪੇਪਰ ਸੈਟਰ ਲਈ ਅੰਕ ਵੰਡ ਅਤੇ ਪੇਪਰ ਸੈਟਰ ਲਈ ਵਿਸ਼ੇਸ਼ ਹਦਾਇਤਾਂ

1. ਭਾਗ ੳ.1 ਵਿੱਚੋਂ ਆਧੁਨਿਕ ਪੰਜਾਬੀ ਕਾਵਿ : ਸਿਧਾਂਤਕ ਪਰਿਪੇਖ ਨਾਲ ਸੰਬੰਧ ਦੇ ਵਿਸ਼ਾ ਖੇਤਰ ਵਿੱਚੋਂ ਪ੍ਰਸ਼ਨ ਪੁੱਛਿਆ ਜਾਵੇਗਾ।
2. ਭਾਗ ੳ.1 ਵਿੱਚੋਂ ਆਧੁਨਿਕ ਪੰਜਾਬੀ ਕਾਵਿ : ਇਤਿਹਾਸ ਦੀ ਵਿਆਖਿਆ।
3. ਭਾਗ ੳ.2 ਆਧੁਨਿਕ ਪੰਜਾਬੀ ਕਾਵਿ : ਪ੍ਰਵਿਰਤੀਆਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
4. ਭਾਗ ੳ.2 ਆਧੁਨਿਕ ਪੰਜਾਬੀ ਕਾਵਿ : ਪ੍ਰਵਿਰਤੀਆਂ ਦੇ ਰੂਪਾਂ ਸਬੰਧੀ ਪ੍ਰਸ਼ਨ ਪੁੱਛਿਆ ਜਾਵੇਗਾ।
5. ਆਧੁਨਿਕ ਪੰਜਾਬੀ ਕਾਵਿ : ਸਿਧਾਂਤਕ ਪਰਿਪੇਖ ਦੇ ਨਾਲ ਸਬੰਧਤ ਵਰਣਾਤਮਕ ਪ੍ਰਸ਼ਨ ਪੁੱਛੇ ਜਾਣਗੇ।
6. ਸ਼ਿਵ ਕੁਮਾਰ-ਬਿਰਹਾ ਤੂੰ ਸੁਲਤਾਨ, ਸੁਰਜੀਤ ਪਾਤਰ : ਲਫ਼ਜ਼ਾਂ ਦੀ ਦਰਗਾਹ ਅਤੇ ਪਾਸ਼ : ਸਾਡੇ ਸਮਿਆਂ ਵਿਚ ਵਿਚੋਂ ਵਿਵਹਾਰਕ ਪ੍ਰਸ਼ਨ ਪੁੱਛੇ ਜਾਣਗੇ।
7. ਸੰਖੇਪ ਉੱਤਰਾਂ ਵਾਲੇ ਪ੍ਰਸ਼ਨ- ੳ.1, ੳ.2 ਅਤੇ ਅ.1 ਵਾਲੇ ਭਾਗਾਂ ਵਿਚੋਂ ਪੁੱਛੇ ਜਾਣਗੇ।ਵਿਦਿਆਰਥੀਆਂ ਨੇ ਸਾਰੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦੇਣੇ ਹੋਣਗੇ।

## ਅੰਦਰੂਨੀ ਮੁਲਾਂਕਣ 30 ਅੰਕ

ਵਿਦਿਆਰਥੀ ਪਾਠਕ੍ਰਮ ਨਾਲ ਸਬੰਧਿਤ ਤਿੰਨ ਅਸਾਈਮੈਂਟਸ ਤਿਆਰ ਕਰਨਗੇ।ਇਹ ਤਿੰਨੇ ਅਸਾਇਨਮੈਂਟਸ: ਸ਼ਿਵ ਕੁਮਾਰ-ਬਿਰਹਾ ਤੂੰ ਸੁਲਤਾਨ, ਸੁਰਜੀਤ ਪਾਤਰ : ਲਫ਼ਜ਼ਾਂ ਦੀ ਦਰਗਾਹ ਅਤੇ ਪਾਸ਼ : ਸਾਡੇ ਸਮਿਆਂ ਵਿਚ ਪਾਠ ਕ੍ਰਮ ਵਿਚ ਨਿਰਧਾਰਿਤ ਵਿਸ਼ਿਆਂ ਨਾਲ ਹੀ ਸਬੰਧਤ ਹੋਣਗੀਆਂ।ਅੰਦਰੂਨੀ ਮੁਲਾਂਕਣ ਦੇ ਪ੍ਰਾਪਤ ਅੰਕ ਇਹਨਾਂ ਤਿੰਨਾਂ ਅਸਾਈਮੈਂਟਸ ਦੀ ਤਿਆਰ ਕੀਤੀ ਗਈ ਫਾਇਲ 'ਤੇ ਅਧਾਰਿਤ ਹੋਣਗੇ।

## ਸਹਾਇਕ ਪਾਠ-ਸਮੱਗਰੀ

### ਖੋਜ-ਪੁਸਤਕਾਂ

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਕਰਮਜੀਤ ਸਿੰਘ | 2000 | ਆਧੁਨਿਕ ਪੰਜਾਬੀ ਕਾਵਿ-ਧਾਰਾਵਾਂ ਦੇ ਵਿਚਾਰਧਾਰਾਈ ਆਧਾਰ | ਗੁ.ਨਾ.ਦੇ.ਯੂਨੀਵਰਸਿਟੀ |
| ਸਤਿੰਦਰ ਸਿੰਘ | 1996 | ਆਧੁਨਿਕ ਪੰਜਾਬੀ ਕਾਵਿ-ਰੂਪਾਕਾਰ | ਗੁ.ਨਾ.ਦੇ.ਯੂਨੀਵਰਸਿਟੀ |
| ਬਲਜੀਤ ਕੌਰ | 2007 | ਵੀਹਵੀ ਸਦੀ ਦੀ ਪੰਜਾਬੀ ਕਵਿਤਾ | ਗੁ.ਨਾ.ਦੇ.ਯੂਨੀਵਰਸਿਟੀ |

### ਸੰਬੰਧਿਤ ਪੁਸਤਕਾਂ

| ਲੇਖਕ | ਸਾਲ | ਸਿਰਲੇਖ | ਪਬਲਿਸ਼ਰ |
|---|---|---|---|
| ਸ਼ਿਵ ਕੁਮਾਰ | 1950 | ਬਿਰਹਾ ਤੂੰ ਸੁਲਤਾਨ | ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ |
| ਪਾਸ਼ | 1966 | ਸਾਡੇ ਸਮਿਆਂ ਵਿਚ | ਪੰਜਾਬੀ ਯੂਨੀਵਰਸਿਟੀ, ਪਟਿਆਲਾ |

# ਐਮ ਏ ਪੰਜਾਬੀ
# ਸਮੈਸਟਰ ਚੌਥਾ
# ਸੋਲਵਾਂ ਪਰਚਾ: ਆਧੁਨਿਕ ਪੰਜਾਬੀ (1960 ਤੋਂ ਬਾਅਦ)
# PBIM21316T

**ਭਾਗ ਪਹਿਲਾ**

## 1.ਪੰਜਾਬੀ ਕਵਿਤਾ ਦਾ ਇਤਿਹਾਸਕ ਪਿਛੋਕੜ

### 1.1 ਆਧੁਨਿਕ ਪੰਜਾਬੀ ਕਵਿਤਾ ਇਤਿਹਾਸਕ ਪਰਿਪੇਖ :

ਪੰਜਾਬੀ ਕਵਿਤਾ ਦੇ ਇਤਿਹਾਸ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਪੰਜਾਬੀ ਕਵਿਤਾ ਦਾ ਆਰੰਭ ਸਤਵੀਂ ਅਠਵੀਂ ਸਦੀ ਵਿੱਚ ਨਾਥਾਂ ਜੋਗੀਆਂ ਦੀ ਕਵਿਤਾ ਨਾਲ ਹੋ ਜਾਂਦਾ ਹੈ। ਇਹ ਨਾਥ ਜੋਗੀ ਕਿਉਂਕਿ ਪੰਜਾਬ ਦੀ ਧਰਤੀ ਤੇ ਵਿਚਰ ਰਹੇ ਸਨ ਇਸ ਲਈ ਇਹਨਾਂ ਦੀ ਕਵਿਤਾ ਵਿੱਚ ਪੰਜਾਬ ਨਾਲ ਸਬੰਧਿਤ ਨਾਵਾਂ, ਥਾਵਾਂ, ਸਥਾਨਾਂ ਦੇ ਵੇਰਵਿਆਂ ਦੇ ਨਾਲ ਨਾਲ ਇਥੋਂ ਦੇ ਸਭਿਆਚਾਰ ਅਤੇ ਜੀਵਨ ਰਹਿਤਲ ਦੇ ਅੰਸ਼ ਵੀ ਮਿਲਦੇ ਹਨ। ਉਸਤੋਂ ਪਿੱਛੋਂ ਸੂਫ਼ੀ ਕਵੀ ਬਾਬਾ ਫਰੀਦ ਵੀ ਪੰਜਾਬ ਦੀ ਧਰਤੀ ਨਾਲ ਨੇੜੇ ਤੋਂ ਜੁੜਿਆ ਹੋਇਆ ਕਵੀ ਹੈ। ਉਸਦੀ ਕਵਿਤਾ ਨਾ ਸਿਰਫ ਪਿਉਰ ਠੁਕਦਾਰ ਪੰਜਾਬੀ ਵਿੱਚ ਲਿਖੀ ਗਈ ਸਗੋਂ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਦਰਸ਼ਨ ਵੀ ਉਸਦੀ ਕਵਿਤਾ ਵਿੱਚ ਹੋ ਜਾਂਦੇ ਹਨ। ਉਸ ਤੋਂ ਪਿੱਛੋਂ ਸੂਫ਼ੀ ਕਾਵਿ, ਗੁਰਮਤਿ ਕਾਵਿ, ਕਿੱਸਾ ਕਾਵਿ, ਬੀਰ ਕਾਵਿ ਦੀ ਇਕ ਨਿਰੰਤਰ ਧਾਰਾ ਪੰਜਾਬ ਦੀ ਧਰਤੀ ਤੇ ਵਹਿੰਦੀ ਹੈ ਜਿਸ ਵਿੱਚ ਪੰਜਾਬੀ ਜਨ ਜੀਵਨ ਦੇ ਸਾਰੇ ਮਸਲਿਆਂ ਦਾ ਜ਼ਿਕਰ ਮਿਲਦਾ ਹੈ। ਇਸ ਦੌਰ ਨੂੰ ਤਾਂ ਪੰਜਾਬੀ ਕਵਿਤਾ/ਸਾਹਿਤ ਦਾ ਸੁਨਹਿਰੀ ਕਾਲ ਕਿਹਾ ਜਾਂਦਾ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਪਿਛੋਕੜ ਵਿੱਚ ਇਹ ਲੰਮੀ ਚੌੜੀ ਕਾਵਿ ਪਰੰਪਰਾ ਹੈ ਜਿਸ ਤੋਂ ਅਧੁਨਿਕ ਪੰਜਾਬੀ ਕਵਿਤਾ ਊਰਜਾ ਗ੍ਰਹਿਣ ਕਰਦੀ ਹੈ। ਇਹ ਕਵਿਤਾ ਬੇਸ਼ੱਕ ਮੱਧਕਾਲੀਨ ਚੇਤਨਾ ਵਾਲੀ ਅਤੇ ਧਾਰਮਿਕ-ਅਧਿਆਤਮਕ ਸਰੋਕਾਰਾਂ ਨਾਲ ਜੁੜੀ ਹੋਈ ਹੈ ਪਰ ਇਹ ਮੁੱਢਲੇ ਦੌਰ ਦੀ ਕਵਿਤਾ ਨੂੰ ਨਾ ਸਿਰਫ ਨਿਰੰਤਰਤਾ ਪ੍ਰਦਾਨ ਕਰਦੀ ਹੈ ਸਗੋਂ ਪ੍ਰੇਰਨਾ ਅਤੇ ਕਾਵਿ ਸੂਹਜ ਵੀ ਮੁਹੱਈਆ ਕਰਦੀ ਹੈ। ਇਸ ਕਾਵਿ ਪਰੰਪਰਾ ਵਿੱਚੋਂ ਹੀ ਆਧੁਨਿਕ ਪੰਜਾਬੀ ਕਵਿਤਾ ਆਪਣਾ ਮੂੰਹ ਮੱਥਾ ਅਤੇ ਰੰਗ ਰੂਪ ਸੰਵਾਰਨਾ ਸ਼ੁਰੂ ਕਰਦੀ ਹੈ।

1.2 ਆਧੁਨਿਕ ਪੰਜਾਬੀ ਕਵਿਤਾ ਦਾ ਅਰੰਭਕ ਦੌਰ:-

ਆਧੁਨਿਕ ਪੰਜਾਬੀ ਕਵਿਤਾ ਬੇਸ਼ੱਕ ਪੰਜਾਬੀ ਸਾਹਿਤ ਦੀਆਂ ਦੂਸਰੀਆਂ ਵਿਧਾਵਾਂ ਵਾਂਗੂ ਸਿੱਧੇ ਤੌਰ ਤੇ ਪੱਛਮੀ ਸਾਹਿਤ ਤੋਂ ਪ੍ਰਭਾਵਿਤ ਨਹੀਂ ਹੁੰਦੀ ਸਗੋਂ ਪੰਜਾਬੀ ਲੋਕ ਸਾਹਿਤ ਅਤੇ ਮਾਧਕਾਲੀ ਕਾਵਿ ਪ੍ਰਵਚਨ ਤੋਂ ਸਿੱਧੇ ਤੌਰ ਤੇ ਉਰਜਾ ਗ੍ਰਹਿਣ ਕਰਦੀ ਹੈ। ਫਿਰ ਵੀ ਜਿਸ ਕਵਿਤਾ ਨੂੰ ਅਸੀਂ ਸਮਕਾਲੀ ਸਮੇਂ ਆਧੁਨਿਕ ਕਵਿਤਾ ਕਹਿੰਦੇ ਹਾਂ ਉਸ

ਉਪਰ ਪੱਛਮੀ ਰੂਪਾਕਾਰਾਂ ਦਾ ਪ੍ਰਭਾਵ ਜ਼ਰੂਰ ਨਜ਼ਰ ਆਉਂਦਾ ਹੈ। ਡਾ. ਰਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ,"ਪੰਜਾਬ ਵਿਚ ਬਸਤੀਵਾਦੀ ਹਾਕਮਾਂ ਦੀ ਦਖਲਅੰਦਾਜ਼ੀ 1849 ਤੋਂ ਬਹੁਤ ਪਹਿਲਾਂ ਸ਼ੁਰੂ ਹੋ ਗਈ ਸੀ ਜਦੋਂ ਮਹਾਰਾਜਾ ਰਣਜੀਤ ਸਿੰਘ ਨਾਲ 1808 ਵਿਚ ਅੰਗਰੇਜ਼ਾਂ ਦੀ ਸੰਧੀ ਹੁੰਦੀ ਹੈ ਜਿਸ ਅਧੀਨ ਮਹਾਰਾਜਾ ਸਤਲੁਜ ਦਰਿਆ ਦੇ ਚੜ੍ਹਦੇ ਪਾਸੇ ਆਪਣਾ ਹੱਕ ਛੱਡ ਦਿੰਦਾ ਹੈ। ਇਸੇ ਸਮੇਂ ਹੀ ਵੱਡੀ ਪੱਧਰ 'ਤੇ ਇਸਾਈ ਮਿਸ਼ਨਰੀ ਪੰਜਾਬੀ ਭਾਸ਼ਾ ਸਿਖਦੇ ਹਨ, ਪੰਜਾਬੀ ਵਿਚ ਅਨੁਵਾਦ ਕਰਦੇ ਹਨ, ਇਸ ਦੀਆਂ ਵਿਆਕਰਨਾਂ ਬਣਾਉਂਦੇ ਹਨ, ਕੋਸ਼ ਤਿਆਰ ਕਰਦੇ ਹਨ ਅਤੇ ਇਥੋਂ ਦੀ ਲੋਕਧਾਰਾ, ਸਭਿਆਚਾਰ ਤੇ ਇਤਿਹਾਸ ਨੂੰ ਸਮਝਣ ਦਾ ਯਤਨ ਕਰਦੇ ਹਨ। ਇਸ ਸਮੇਂ ਦਰਮਿਆਨ ਬਾਹਰ ਨਾ ਦਿਖਦੀਆਂ ਪਰ ਅੰਦਰੋਂ ਮਹੱਤਵਪੂਰਨ ਤਬਦੀਲੀਆਂ ਸ਼ੁਰੂ ਹੁੰਦੀਆਂ ਹਨ। ਜਦੋਂ ਕਿ ਸਮੁੱਚੇ ਪੰਜਾਬ ਉਪਰ ਕਬਜੇ ਤੋਂ ਤੁਰੰਤ ਬਾਅਦ ਦਿਸਦੀਆਂ ਤਬਦੀਲੀਆਂ ਸ਼ੁਰੂ ਹੋ ਜਾਂਦੀਆਂ ਹਨ। ਪੰਜਾਬ ਦੇ ਇਤਿਹਾਸ ਵਿਚ 1849 ਤੋਂ 1857 ਦਾ ਸਮਾਂ ਪੰਜਾਬੀਆਂ ਦੀ ਮਨੋਸੰਰਚਨਾ ਪੱਖੋਂ ਮਹੱਤਵਪੂਰਨ ਹੈ। ਇਸ ਸਮੇਂ ਪੰਜਾਬੀ ਅਤੇ ਖਾਸ ਕਰਕੇ ਸਿੱਖ ਨਿਹੱਥੇ ਕੀਤੇ ਹੋਏ ਹਨ ਅਤੇ ਨਵਾਂ-ਨਵਾਂ ਰਾਜ ਗੁਆਚਿਆ ਹੋਣ ਕਾਰਨ ਉਹ ਇਕ ਪਾਸੇ ਤਾਂ ਨਿਰਾਸ਼ ਹਨ ਅਤੇ ਦੂਸਰੇ ਪਾਸੇ ਅੰਗਰੇਜ਼ਾਂ ਨੂੰ ਨਫ਼ਰਤ ਕਰਦੇ ਹਨ। ਪੰਜਾਬ ਦੀ ਧਾਰਮਿਕ ਸੰਰਚਨਾ ਕਾਰਨ ਸਾਰੇ ਪੰਜਾਬੀਆਂ ਵਿਚ ਇਕੋ ਜਿਹੇ ਭਾਵ ਨਹੀਂ ਹਨ ਪਰ ਇਸ ਦੇ ਬਾਵਜੂਦ ਆਪਣਾ ਰਾਜ ਖੁੱਸ ਜਾਣ ਕਾਰਨ ਉਦਾਸੀ ਅਤੇ ਗੁੱਸਾ ਮੌਜੂਦ ਹੈ ਭਾਵੇਂ ਇਹ ਚੇਤੰਨ ਰਾਜਾ ਸ਼੍ਰੇਣੀ ਤਕ ਹੀ ਸੀਮਤ ਹੈ। 1857 ਦੇ ਗਦਰ ਤੋਂ ਬਾਅਦ ਪੰਜਾਬ ਸਿੱਧਾ ਇੰਗਲੈਂਡ ਦੀ ਮਹਾਰਾਣੀ ਦੇ ਅਧੀਨ ਹੀ ਨਹੀਂ ਹੋ ਜਾਂਦਾ ਸਗੋਂ ਅੰਗਰੇਜ਼ਾਂ ਦਾ ਪੰਜਾਬੀਆਂ ਖਾਸ ਕਰਕੇ ਸਿੱਖਾਂ ਪ੍ਰਤੀ ਦ੍ਰਿਸ਼ਟੀਕੋਣ ਵੀ ਬਦਲ ਜਾਂਦਾ ਹੈ। ਪੰਜਾਬ ਵਿਚ ਨਵੇਂ ਢੰਗ ਦੇ ਹਸਪਤਾਲ, ਸਕੂਲ ਖੁੱਲ੍ਹਣ ਲੱਗਦੇ ਹਨ। ਸੜਕਾਂ ਅਤੇ ਰੇਲ- ਲਾਈਨਾਂ ਵਿਛਣ ਲੱਗਦੀਆਂ ਹਨ। ਨਹਿਰਾਂ ਨਿਕਲਣ ਲੱਗਦੀਆਂ ਹਨ। ਫੌਜ ਵਿਚ ਭਰਤੀ ਸ਼ੁਰੂ ਹੋ ਜਾਂਦੀ ਹੈ। ਦਫਤਰੀ ਕੰਮਾਂ ਲਈ ਬੰਗਾਲੀ ਬਾਬੂਆਂ ਦੇ ਨਾਲ ਹੀ ਪੰਜਾਬੀਆਂ ਵਿਚ ਵੀ ਬਾਬੂ ਬਣਨ ਦੀ ਰੁਚੀ ਪੈਦਾ ਹੁੰਦੀ ਹੈ। ਇੰਜ ਨਵੀਂ ਮੱਧ ਸ਼੍ਰੇਣੀ ਪੈਦਾ ਹੋਣੀ ਸ਼ੁਰੂ ਹੁੰਦੀ ਹੈ ਜਿਸ ਨੇ ਅੱਗੇ ਜਾ ਕੇ ਆਧੁਨਿਕਤਾ ਦਾ ਵਾਹਨ ਬਣਨਾ ਹੈ,ਇਸ ਸਮੇਂ ਰਾਜਨੀਤਿਕ ਦ੍ਰਿਸ਼ ਦੂਹਰਾ ਹੈ। ਇਕ ਪਾਸੇ ਤਾਂ ਅੰਗਰੇਜ਼ ਸਾਮਰਾਜ ਨਾਲ ਮਿਲ ਕੇ ਚੱਲਣ ਵਾਲੀਆਂ ਧਾਰਮਿਕ ਅਤੇ ਸਮਾਜ ਸੁਧਾਰਕ ਲਹਿਰਾਂ ਪੈਦਾ ਹੋ ਰਹੀਆਂ ਹਨ। ਦੂਸਰੇ ਪਾਸੇ ਅੰਗਰੇਜ਼ ਸਾਮਰਾਜ ਦਾ ਮੁਕੰਮਲ ਬਾਈਕਾਟ ਕਰਨ ਵਾਲੀਆਂ ਧਾਰਮਿਕ, ਰਾਜਨੀਤਿਕ ਲਹਿਰਾਂ ਉੱਠ ਰਹੀਆਂ ਹਨ। ਇਸ ਸਮੇਂ ਦੌਰਾਨ ਸਾਹਿਤਕ ਪੱਖ ਤੋਂ ਪੁਰਾਣੀ ਪਰੰਪਰਾ ਨਵੀਆਂ ਚੁਣੌਤੀਆਂ ਦੇ ਸਨਮੁਖ ਆਪਣੇ ਆਪ ਨੂੰ ਬਦਲਣ ਦੀ ਚੇਸ਼ਟਾ ਵਿਚ ਹੈ ਪਰ ਆਪਣੇ ਰੂਪ, ਵਿਚਾਰਧਾਰਾ ਅਤੇ ਪਾਠਕ ਮੰਡਲ ਕਾਰਨ ਅਜਿਹਾ ਕਰਨ ਤੋਂ ਅਸਮਰਥ ਹੈ। ਅਜੇ ਹੀਰ ਦੇ ਕਿੱਸੇ ਲਿਖੇ ਜਾ ਰਹੇ ਹਨ। ਭਾਵੇਂ ਉਨ੍ਹਾਂ ਵਿਚ ਸਥਾਨਕਤਾ ਪ੍ਰਧਾਨ ਹੋ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਵੀਰ ਕਾਵਿ ਰਚਿਆ ਜਾ ਰਿਹਾ ਹੈ ਪਰ ਵੀਰ ਕਾਵਿ ਦਾ ਨਾਇਕ ਕਦੇ ਰਣਜੀਤ ਸਿੰਘ ਬਣ ਜਾਂਦਾ ਹੈ ਅਤੇ ਕਦੇ ਅੰਗਰੇਜ਼ ਬਣ ਜਾਂਦੇ ਹਨ। ਬਹੁਤੀ ਤਬਦੀਲੀ ਵਾਰਤਕ ਵਿਚ ਆ ਰਹੀ ਸੀ। ਇਸ ਪੜਾਅ ਨੂੰ ਮੁੱਢਲਾ ਬਸਤੀਵਾਦੀ ਦੌਰ ਆਖਿਆ ਹੈ। ਇਸ ਨੂੰ ਆਧੁਨਿਕ ਦੌਰ ਦਾ ਮੁੱਢ ਵੀ ਆਖਿਆ ਜਾ ਸਕਦਾ ਹੈ ਅਤੇ ਇਹ ਆਪਣੀ ਪ੍ਰਕਿਰਤੀ ਦੇ ਪੱਖੋਂ ਪਰਿਵਰਤਨ ਕਾਲ ਅਖਵਾਉਣ ਦਾ ਹੱਕਦਾਰ ਹੈ।"1 ਇਸ ਦੌਰ ਵਿੱਚ ਇਕ ਪਾਸੇ ਸਿੱਖ ਧਰਮ ਨਾਲ ਸੰਬੰਧਿਤ ਵੱਖ ਵੱਖ ਲਹਿਰਾਂ ਜਿਵੇਂ

ਗੁਰੂਦੁਆਰਾ ਸੁਧਾਰ ਲਹਿਰ, ਨਿਰੰਗਕਾਰੀ ਲਹਿਰ, ਨਾਮਧਾਰੀ ਲਹਿਰ, ਕੂਕਾ ਲਹਿਰ  ਇਸਾਈ ਮਿਸ਼ਰਨੀਆਂ, ਹਿੰਦੂ ਧਰਮ ਨਾਲ ਸਬੰਧਿਤ ਬ੍ਰਹਮੋ ਸਮਾਜ ਲਹਿਰ, ਆਰੀਆ ਸਮਾਜ ਲਹਿਰ ਅਤੇ ਇਸਲਾਮ ਨਾਲ ਸਬੰਧਿਤ ਅਹਿਮੀਦੀਆਂ ਲਹਿਰ ਆਦਿ ਨੇ ਆਪਣੇ ਆਪਣੇ ਖੇਮਿਆਂ ਰਾਹੀਂ ਪੰਜਾਬੀ ਕਵੀਆਂ ਅਤੇ ਸਾਹਿਤਕਾਰਾਂ ਨੂੰ ਪ੍ਰਭਾਵਿਤ ਅਤੇ ਸਥਾਪਿਤ ਕੀਤਾ। ਇਸ ਦੌਰ ਵਿੱਚ ਜਿਥੇ ਕਿੱਸੇ ਲਿਖੇ ਜਾ ਰਹੇ ਸਨ ਉਥੇ ਵੀਰ ਰਸ ਵਾਲੀ ਕਵਿਤਾ ਵੀ ਲਿਖੀ ਜਾ ਰਹੀ ਸੀ। ਇਸ ਦੌਰ ਦੇ ਕਵੀਆਂ ਵਿੱਚ ਇਹ ਨਾਂ ਗਿਣਵਾਏ ਜਾ ਸਕਦੇ ਹਨ: ਕਿੱਸਾ ਕਵੀ- ਫਜਲ ਸ਼ਾਹ, ਮੀਆਂ ਮੁਹੰਮਦ ਬਖ਼ਸ਼, ਹਾਸ਼ਮ ਮੁਖ਼ਲਿਸ, ਗੰਗਾ ਰਾਮ, ਕਿਸ਼ਨ ਸਿੰਘ ਆਰਿਫ਼, ਮੁਹੰਮਦ ਬੂਟਾ, ਬਗਵਾਨ ਸਿੰਘ, ਮੌਲਵੀ ਗ਼ੁਲਾਮ ਰਸੂਲ ਆਦਿ। ਵਾਰਕਾਰ ਅਤੇ ਜੰਗਨਾਮਾਕਾਰ- ਕਾਹਨ ਸਿੰਘ ਬੰਗਾ, ਮਟਕ, ਕਵੀ ਸੋਭਾ, ਖਜ਼ਾਨ ਸਿੰਘ, ਮੀਆਂ ਕਰੀਮ ਬਖ਼ਸ਼, ਕਰਮ ਸਿੰਘ, ਕਵੀ ਵਧਾਵਾ ਸਿੰਘ, ਮੇਹਰ ਸਿੰਘ ਖਾਲਸਾ ਆਦਿ। ਇਹਨਾਂ ਕਵੀਆਂ ਤੋਂ ਇਲਾਵਾ ਕੁਝ ਸੂਫ਼ੀ ਕਵੀ, ਸਟੇਜੀ ਕਵੀ ਅਤੇ ਕਵੀਸ਼ਰ ਵੀ ਸਰਗਰਮ ਰਹੇ ਹਨ।

1.3 ਪੰਜਾਬੀ ਕਵਿਤਾ ਦਾ ਦੂਜਾ ਪੜਾਅ:

ਇਸ ਦੌਰ ਦੀ ਕਵਿਤਾ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਹਨ। ਇਸ ਕਵਿਤਾ ਦੀਆਂ ਵੰਨਗੀਆਂ ਪਰੰਪਰਾ ਵਾਲੀਆਂ ਹੀ ਹਨ। ਪਰ ਪੇਸ਼ਕਾਰੀ ਅਤੇ ਵਿਸ਼ਿਆਂ ਪੱਖੋਂ ਇਸ ਵਿੱਚ ਤਬਦੀਲੀ ਹੋ ਜਾਂਦੀ ਹੈ। ਇਹ ਕਵਿਤਾ ਬਹੁਤ ਸਾਰੀਆਂ ਲਹਿਰਾਂ ਦੀ ਉਪਜ ਹੈ। ਇਸ ਕਰਕੇ ਇਸ ਕਵਿਤਾ ਵਿੱਚ ਕਈ ਤਰ੍ਹਾਂ ਦੇ ਪ੍ਰਤੀਰੋਧ ਨਜ਼ਰ ਆਉਂਦੇ ਹਨ। ਅੰਗਰੇਜ਼ੀ ਰਾਜ ਦੇ ਹੇਠ ਆ ਜਾਣ ਨਾਲ ਅਜ਼ਾਦ ਤਬੀਅਤ ਦੀ ਪੰਜਾਬੀ ਕੌਮ ਅੰਦਰ ਇਕ ਤਰ੍ਹਾਂ ਦੀ ਖਲਬਲੀ ਮੱਚਣੀ ਸ਼ੁਰੂ ਹੋ ਜਾਂਦੀ ਹੈ। ਇਸ ਦਾ ਜਲੌਅ ਸਾਨੂੰ ਇਸ ਦੌਰ ਦੀ ਕਵਿਤਾ ਵਿੱਚ ਨਜ਼ਰ ਆਉਂਦਾ ਹੈ। ਪੰਜਾਬੀ ਕਵਿਤਾ ਦਾ ਇਤਿਹਾਸ ਲਿਖਦਿਆਂ ਡਾ ਰਾਜਿੰਦਰ ਪਾਲ ਸਿੰਘ ਬਰਾੜ ਨੇ ਅੰਕਿਤ ਕੀਤਾ ਹੈ ਕਿ ਦੂਸਰਾ ਪੜਾਅ 1900 ਤੋਂ ਲੈ ਕੇ 1947 ਤਕ ਇਕ ਪਾਸੇ ਤਾਂ ਬਸਤੀਵਾਦ ਪੂਰੇ ਜੋਬਨ ਉਪਰ ਹੈ ਅਤੇ ਦੂਸਰੇ ਪਾਸੇ ਇਸ ਦਾ ਵਿਰੋਧ ਵੀ ਵੱਡੀ ਪੱਧਰ ਉਪਰ ਸ਼ੁਰੂ ਹੋ ਜਾਂਦਾ ਹੈ। ਇਸ ਸਮੇਂ ਵਿਚ ਪੰਜਾਬੀ ਚੇਤਨਾ ਅੰਦਰ ਆਧੁਨਿਕਤਾ ਵੱਡੀ ਪੱਧਰ 'ਤੇ ਪਰਵੇਸ਼ ਪਾਉਂਦੀ ਹੈ ਅਤੇ ਇਸ ਦਾ ਪ੍ਰਗਟਾਅ ਸਾਹਿਤ ਅੰਦਰ ਵੀ ਹੋਣ ਲੱਗਦਾ ਹੈ। ਭਾਵੇਂ ਸਾਹਿਤ ਦੇ ਪੜਾਵਾਂ ਨੂੰ ਕੈਲੰਡਰੀ ਸਾਲਾਂ ਵਿਚ ਵੰਡਣਾ ਬਹੁਤਾ ਯੋਗ ਨਹੀਂ ਹੁੰਦਾ ਪਰੰਤੂ ਨਵੀਂ ਸਦੀ ਦੇ ਚੜ੍ਹਨ ਨਾਲ ਸਾਹਿਤ ਵਿਚ ਆਧੁਨਿਕਤਾ ਪ੍ਰਬਲ ਰੂਪ ਵਿਚ ਪਰਗਟ ਹੋਣ ਲੱਗਦੀ ਹੈ। ਕਿੱਸਿਆਂ ਅਤੇ ਵਾਰਾਂ ਦੇ ਨਾਲੋ ਨਾਲ ਨਵੇਂ ਢੰਗ ਦੀ ਕਵਿਤਾ ਸਾਹਮਣੇ ਆਉਂਦੀ ਹੈ। ਇਸ ਕਵਿਤਾ ਵਿਚ ਬਿਰਤਾਂਤ ਦੀ ਥਾਵੇਂ ਆਧੁਨਿਕ ਮਨੁੱਖ ਦੇ ਅੰਸ਼ਕ ਭਾਵ ਹਨ। ਇਸ ਦੌਰ ਵਿਚ ਪੁਰਾਣੇ ਢੰਗ ਦੀ ਕਵਿਤਾ ਤਾਂ ਲਿਖੀ ਜਾਂਦੀ ਰਹੀ ਅਤੇ ਉਸ ਦਾ ਪ੍ਰਭਾਵ ਖੇਤਰ ਵੀ ਬਹੁਤ ਸੀ ਪਰ ਉਹ ਅਨਪੜ੍ਹ ਪੇਂਡੂ ਲੋਕਾਂ ਦੀ ਕਵਿਤਾ ਸੀ। ਨਵੀਂ ਕਵਿਤਾ ਭਾਵੇਂ ਸੀਮਤ ਖੇਤਰ ਵਿਚ ਸੀ ਪਰ ਇਹ ਪੜ੍ਹੇ ਲਿਖੇ ਸ਼ਹਿਰੀ ਲੋਕਾਂ ਦੀ ਕਵਿਤਾ ਸੀ। ਗਿਣਤੀ ਦੇ ਪੱਖ ਤੋਂ ਪਰੰਪਰਿਕ ਕਵਿਤਾ ਦੇ ਪਾਠਕ/ਸਰੋਤੇ ਵਧੇਰੇ ਸਨ ਪਰ ਪ੍ਰਭਾਵ ਪੱਖੋਂ ਨਵੀਂ ਕਵਿਤਾ ਦੇ ਪਾਠਕ/ਸਰੋਤੇ ਮਹੱਤਵਪੂਰਨ ਸਨ। ਇਹ ਨਵੀਂ ਕਵਿਤਾ ਨਵੀਂ ਪੈਦਾ ਹੋਈ ਮੱਧ ਸ਼੍ਰੇਣੀ ਦੀਆਂ ਵਿਚਾਰਾਂ-ਭਾਵਾਂ ਦਾ ਸਿੱਧਾ ਪ੍ਰਗਟਾਅ ਸੀ। ਇਸ ਕਵਿਤਾ ਵਿਚ ਰਾਜਸੀ ਸਥਿਤੀ ਤੋਂ ਇਕ ਪਾਸੇ ਤਾਂ ਬੇਲਾਗਤਾ ਸੀ ਪਰ ਦੂਜੇ ਪਾਸੇ ਇਸੇ ਕਵਿਤਾ ਵਿਚ ਹੀ ਬਸਤੀਵਾਦ ਦਾ

ਤੀਬਰ ਵਿਰੋਧ ਵੀ ਸੀ। ਇਸ ਦੌਰ ਦੀ ਕਵਿਤਾ ਨੂੰ ਅਸੀਂ ਬਸਤੀਵਾਦੀ ਦੌਰ ਦੀ ਕਵਿਤਾ ਆਖਿਆ ਹੈ। ਇਸ ਨੂੰ ਪੂਰਵ ਸੁਤੰਤਰਤਾ ਦੇ ਦੌਰ ਦੀ ਕਵਿਤਾ ਵੀ ਕਿਹਾ ਜਾ ਸਕਦਾ ਅਤੇ ਸੁਪਨੇ ਦਾ ਸਿਰਜਣ ਵੀ ਆਖਿਆ ਜਾ ਸਕਦਾ ਹੈ।"2 ਇਉਂ ਇਸ ਦੌਰ ਵਿੱਚ ਕੁਝ ਰਾਜਸੀ ਅਤੇ ਵਿਚਾਰਧਾਰਕ ਤਬਦੀਲੀਆਂ ਦੇ ਸਿੱਟੇ ਵਜੋਂ ਪੰਜਾਬੀ ਕਵਿਤਾ ਵਿੱਚ ਵਿਸ਼ੇ ਅਤੇ ਪੇਸ਼ਕਾਰੀ ਵਿੱਚ ਵੀ ਤਬਦੀਲੀ ਆਉਂਦੀ ਹੈ। ਦੇਸ਼ ਦੀ ਆਜ਼ਾਦੀ ਦੀ ਲਹਿਰ ਤੇਜੀ ਫੜ੍ਹ ਰਹੀ ਸੀ। ਇਸ ਲਹਿਰ ਨੂੰ ਜੁੰਬਸ਼ ਦੇਣ ਲਈ ਗਦਰ ਲਹਿਰ , ਕਿਸਾਨ ਲਹਿਰ, ਸਿੰਘ ਸਭਾ ਲਹਿਰ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ। ਵਿਦੇਸ਼ੀ ਕੌਮ ਦੀ ਗੁਲਾਮੀ ਤੋਂ ਹਿੰਦੂ ਸਿੱਖ, ਮਜਦੂਰ, ਕਿਸਾਨ, ਦਸਤਕਾਰ ਸਭ ਵਰਗ ਔਖੇ ਸਨ । ਇਸ ਵਿਦੇਸ਼ੀ ਗ਼ੁਲਾਮੀ ਤੋਂ ਖਹਿੜਾ ਛਡਾਉਣ ਲਈ ਪੰਜਾਬੀ ਕਵੀਆਂ ਨੇ ਆਪਣਾ ਭਰਪੂਰ ਯੋਗਦਾਨ ਪਾਇਆ। ਉਹਨਾਂ ਨੇ ਆਪਣੀ ਕਵਿਤਾ ਰਾਹੀਂ ਲੋਕਾਂ ਵਿੱਚ ਰਾਜਸੀ ਚੇਤਨਾ ਪੈਦਾ ਕੀਤੀ ਅਤੇ ਵਿਦੇਸ਼ੀ ਗ਼ੁਲਾਮੀ ਤੋਂ ਛੁਟਕਾਰਾ ਪਾਉਣ ਲਈ ਪ੍ਰੇਰਨਾ ਪੈਦਾ ਕੀਤੀ। ਇਸ ਦੌਰ ਵਿੱਚ ਦੇਸ਼ ਦੀ ਆਜ਼ਾਦੀ ਦੀ ਲਹਿਰ ਜੋਰ ਫੜ ਰਹੀ ਸੀ। ਆਜ਼ਾਦੀ ਦੇ ਸੰਘਰਸ਼ ਨੂੰ ਤੇਜ਼ ਕਰਨ ਵਿੱਚ ਇਹਨਾਂ ਪੰਜਾਬੀ ਕਵੀਆਂ ਦਾ ਬਹੁਤ ਵੱਡਾ ਯੋਗਦਾਨ ਰਿਹਾ ਹੈ। ਇਸੇ ਲਈ ਇਸ ਦੌਰ ਨੂੰ ਪੰਜਾਬੀ ਕਵਿਤਾ ਦਾ ਸੰਕ੍ਰਾਂਤੀ ਕਾਲ ਵੀ ਕਿਹਾ ਜਾਂਦਾ ਹੈ। ਇਸ ਦੌਰ ਦੀ ਕਵਿਤਾ ਦੇ ਕੁਝ ਨਮੂਨੇ :

ਜਦੋਂ ਇਹ ਪਰਲੋਕ ਸਿਧਾਰ ਗਏ,

ਅਸੀਂ ਭੁੱਲ ਗਏ ਆਪਣੀ ਚਾਲ ਸਿੰਘੋ।

ਰਾਹ ਛੱਡ ਕੇ ਅਸੀਂ ਕੁਰਾਹ ਪੈ ਗਏ,

ਤਾਂਹੀ ਹੋਏ ਹਾਂ ਬਹੁਤ ਨਿਢਾਲ ਸਿੰਘੋ।

ਇਸੇ ਕਵਿਤਾ ਵਿਚ ਹੀ ਦੇਸ਼ੀ ਰਿਆਸਤਾਂ ਦੇ ਅੰਗਰੇਜ਼-ਪ੍ਰਸਤ ਹੋਣ ਨੂੰ ਵੀ ਨਿੰਦਿਆ ਅਤੇ ਭੰਡਿਆ ਗਿਆ ਹੈ। ਕਵੀ ਲਿਖਦਾ ਹੈ :

ਆਏ ਵਿਚ ਪੰਜਾਬ ਅੰਗਰੇਜ਼ ਜ਼ਾਲਮ,

ਦਿੱਤਾ ਮੁਲਕ ਨੂੰ ਕਰ ਕੰਗਾਲ ਸਿੰਘੋ।

ਏਥੇ ਆਉਣ ਦੀ ਏਨ੍ਹਾਂ ਮਜਾਲ ਕੀ ਸੀ,

ਜੇ ਨਾ ਲਿਆਉਂਦੇ ਨਾਭਾ ਪਟਿਆਲ ਸਿੰਘੋ।

ਮਦਦ ਇਨ੍ਹਾਂ ਦੀ ਫਤਹਿ ਪੰਜਾਬ ਕੀਤਾ;

ਜਿਹੜੇ ਬੜੇ ਨਾ ਨਿਮਕ ਹਲਾਲ ਸਿੰਘੋ

ਇਨ੍ਹਾਂ ਕਰਮ ਕੀਤਾ ਵੀਰੇ ਬਹੁਤ ਭੈੜਾ,

ਐਸਾ ਕਰੇ ਨਾ ਕੋਈ ਚੰਡਾਲ ਸਿੰਘੋ।

ਅੱਜ ਗੋਰਿਆ ਦੇ ਬਣੇ ਰਹਿਣ ਸਾਥੀ,

ਰਹੇ ਆਪਣੇ ਪੇਟ ਨੂੰ ਪਾਲ ਸਿੰਘੋ।

ਪਿੱਛੇ ਅਸੀਂ ਫਿਰ ਡੂੰਘੜੀ ਨੀਂਦ ਸੁੱਤੇ,

ਰਿਹਾ ਮੁਲਕ ਦਾ ਮੂਲ ਨਾ ਖਿਆਲ ਸਿੰਘੋ ।

ਜਿਹੜੇ ਮੁਲਕ ਖਾਤਰ ਗੁਰਾਂ ਦੁੱਖ ਝੱਲੇ,

ਰਹੇ ਸਾਡੇ ਨਾ ਖਾਬ ਖਿਆਲ ਸਿੰਘੋ ।

ਇਨ੍ਹਾਂ ਕਵਿਤਾਵਾਂ ਵਿਚ ਧਾਰਮਿਕ ਏਕਤਾ, ਭਾਈਚਾਰਕ ਸੰਦਭਾਵਨਾ ਬਣਾਈ ਰੱਖਣ ਦੀ ਪ੍ਰੇਰਨਾ ਦਿੱਤੀ ਗਈ ਹੈ। ਇਹ ਵੀ ਆਖਿਆ ਗਿਆ ਹੈ ਕਿ ਅੱਜ ਮੰਦਰਾਂ ਮਸੀਤਾਂ ਦੀ ਓਨੀ ਲੋੜ ਨਹੀਂ ਜਿੰਨੀ ਦੇਸ਼ ਲਈ ਮਰ ਮਿਟਣ ਦੀ ਲੋੜ ਹੈ। ਇਸੇ ਕਰਕੇ ਉਹ ਕ੍ਰਾਂਤੀਕਾਰੀ ਕਵੀ ਵਾਰ-ਵਾਰ ਗਦਰ ਮਚਾਵਣ ਦਾ ਹਥਿਆਰ ਉਠਾਵਣ ਦਾ ਹੋਕਾ ਦਿੰਦੇ ਹਨ:

ਗਦਰ ਪਾਰਟੀ ਬੀੜਾ ਚੁੱਕਿਆ ਹਿੰਦ ਆਜ਼ਾਦ ਕਰਾਵਣ ਦਾ।

ਆਓ ਸ਼ੇਰੋ ਗਦਰ ਮਚਾਈਏ, ਵੇਲਾ ਨਹੀਂ ਖੁੰਝਾਵਣ ਦਾ ।

ਇਸੇ ਤਰ੍ਹਾਂ ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੇ ਹੌਸਲੇ ਵਧਾਉਣ ਲਈ ਕਵੀਆਂ ਵੱਲੋਂ ਸਸ਼ੱਕਤ ਬੋਲ ਉਚਾਰੇ ਗਏ ਹਨ:

ਪਾਣੀ ਵਾਂਗ ਦੋਸ਼ੀਆਂ ਦਾ ਲਹੂ ਵਗਾਉਣਗੇ,

ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।

ਬੱਬਰਾਂ ਕੋਲੋਂ ਸਬਕ ਸਿੱਖੋ ਪਿਆਰਿਓ,

ਕਦੇ ਬੱਬਰਾਂ ਨੂੰ ਦਿਲੋਂ ਨਾ ਵਿਸਾਰਿਓ।

ਬਾਲ ਬੱਚਾ ਉਨ੍ਹਾਂ ਦਾ ਅਸੀਂ ਸੰਭਾਲਣਾ,

ਬੱਬਰਾਂ ਦੇ ਟੱਬਰਾਂ ਦੀ ਕਰੋ ਪਾਲਣਾ।

ਗਦਰੀ ਕਹੇ ਸੂਰੇ ਨਹੀਂ ਦਿਲ ਢਾਹੁਣਗੇ,

ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।

ਇਸ ਸਮੇਂ ਪੰਜਾਬ ਵਿੱਚ ਬਹੁਤ ਸਾਰੀਆਂ ਲਹਿਰਾਂ ਸਰਗਰਮ ਰੂਪ ਕਾਰਜ ਕਰ ਰਹੀਆਂ ਸਨ। ਇਹਨਾਂ ਵੱਖ ਵੱਖ ਲਹਿਰਾਂ ਨਾਲ ਜੁੜੇ ਰਹੇ ਪੰਜਾਬੀ ਕਵੀਆਂ ਵਿੱਚੋਂ ਪ੍ਰਮੁੱਖ ਨਾਂ ਇਹ ਲਏ ਜਾ ਸਕਦੇ ਹਨ; ਗਿਆਨੀ ਹੀਰਾ ਸਿੰਘ ਦਰਦ, ਫੀਰੋਜ਼ਦੀਨ ਸ਼ਰਫ, ਗੁਰਮੁਖ ਸਿੰਘ ਮੁਸਾਫਿਰ, ਵਿਧਾਤਾ ਸਿੰਘ ਤੀਰ, ਅਵਤਾਰ ਸਿੰਘ ਆਜ਼ਾਦ, ਨਿਰੰਜਨ ਸਿੰਘ ਸਰਲ, ਦਰਸ਼ਨ ਸਿੰਘ ਅਵਾਰਾ ਸਿੰਘ ਸਭਾ, ਬੱਬਰ ਅਕਾਲੀ ਲਹਿਰ ਨਾਲ ਹੀ ਹੋਂਦ ਵਿਚ ਆਏ। ਇਨ੍ਹਾਂ ਵਿੱਚੋਂ ਕੁਝ ਕਵੀਆਂ ਦੀਆਂ ਕਿਤਾਬਾਂ ਸਰਕਾਰ ਵੱਲੋਂ ਜ਼ਬਤ ਵੀ ਕੀਤੀਆਂ ਗਈਆਂ। ਉਨ੍ਹਾਂ ਵਿਚੋਂ ਬਾਬੂ ਫੀਰੋਜ਼ਦੀਨ ਸ਼ਰਫ ਦੀ ਦੁੱਖਾਂ ਦੇ ਕੀਰਨੇ, ਵਿਧਾਤਾ ਸਿੰਘ ਤੀਰ ਦੀ ਤੀਰ-ਤਰੰਗ, ਨਿਰੰਜਨ ਸਿੰਘ ਦੀ ਗੋਰੇ ਸ਼ਾਹੀ ਤੂਫਾਨ, ਦਰਸ਼ਨ ਸਿੰਘ ਅਵਾਰਾ ਦੀ ਬਿਜਲੀਆਂ ਦੀ ਚਮਕ ਪ੍ਰਮੁੱਖ ਹਨ। ਇਸ ਸਮੇਂ ਅਕਾਲੀ ਲਹਿਰ ਜ਼ੋਰਾਂ ਉਪਰ ਸੀ ਅਤੇ ਉਸ ਲਹਿਰ ਦੀ ਸਮਰਥਕ ਕਵਿਤਾ ਵੀ ਪ੍ਰਚੰਡ ਸੀ। ਹੰਸ ਰਾਜ ਨਾਂ ਦਾ ਕਵੀ ਜਿਹੜਾ ਪਿਛੋਂ ਜਾ ਕੇ ਨਾਵਲਕਾਰ ਨਾਨਕ ਸਿੰਘ ਵਜੋਂ ਪ੍ਰਸਿੱਧ ਹੋਇਆ ਨੇ ਇਸ ਸਮੇਂ ਸੀਹਰਫ਼ੀ ਹੰਸ ਰਾਜ(1909), ਸਤਿਗੁਰ ਮਹਿਮਾ(1916),ਖ਼ੂਨੀ ਵਿਸਾਖੀ(1920), ਸਾਕਾ ਨਨਕਾਣਾ(1922), ਗੁਰਕੀਰਤ(1923), ਜਖ਼ਮੀ ਦਿਲ(1923) ਅਤੇ ਕਈ ਹੋਰ ਕਾਵਿ-ਪੁਸਤਕਾਂ ਲਿਖੀਆਂ। ਇਨ੍ਹਾਂ ਵਿਚੋਂ ਖ਼ੂਨੀ ਵਿਸਾਖੀ ਅਤੇ ਜਖਮੀ ਦਿਲ ਨੂੰ ਸਰਕਾਰ ਨੇ ਜ਼ਬਤ ਕਰ ਲਿਆ ਸੀ।

1.4 ਪੰਜਾਬੀ ਕਵਿਤਾ ਦਾ ਤੀਸਰਾ ਪੜਾਅ:

ਪੰਜਾਬੀ ਕਵਿਤਾ ਦਾ ਤੀਜਾ ਪੜਾਅ ਬਹੁਤ ਹੀ ਮਹੱਤਵਪੂਰਣ ਹੈ। ਇਸ ਦੌਰ ਤੱਕ ਦੇਸ਼ ਅਜ਼ਾਦ ਹੋ ਚੁੱਕਿਆ ਸੀ। ਸਾਡੇ ਕਵੀਆਂ ਸਾਹਮਣੇ ਨਵੀਂ ਤਰ੍ਹਾਂ ਦੀਆਂ ਵੰਗਾਰਾਂ ਸਨ। ਇਕ ਪਾਸੇ ਦੇਸ਼ ਅਜ਼ਾਦ ਹੋਣ ਦੀ ਖ਼ੁਸ਼ੀ ਸੀ ਅਤੇ ਦੂਸਰੇ ਪਾਸੇ ਅੱਧੀ ਅਧੂਰੀ ਅਜ਼ਾਦੀ ਮਿਲਣ ਕਾਰਨ ਲੋਕ ਮਨਾ ਵਿੱਚ ਅਕ੍ਰੋਸ਼ ਵੀ ਸੀ। ਡਾ. ਰਜਿੰਦਰ ਪਾਲ ਸਿੰਘ ਬਰਾੜ ਨੇ 1947 ਤੋਂ ਲੈ ਕੇ ਹੁਣ ਤਕ ਦੀ ਆਧੁਨਿਕ ਪੰਜਾਬੀ ਕਵਿਤਾ ਨੂੰ ਤੀਸਰਾ ਪੜਾਅ ਦੀ ਕਵਿਤਾ ਮੰਨਿਆ ਹੈ। ਇਸ ਦੌਰ ਦੀ ਕਵਿਤਾ ਵਿੱਚ ਸਮੇਂ ਦੇ ਵਹਾਅ ਨਾਲ ਕਈ ਤਰ੍ਹਾਂ ਦੇ ਬਦਲਾਵ ਵੀ ਵੇਖੇ ਜਾ ਸਕਦੇ ਹਨ। ਇਸ ਦੌਰ ਦੀ ਕਵਿਤਾ ਵਿੱਚ ਵਿਭਿੰਨ ਵਿਚਾਰਧਾਰਕ ਝੁਕਾਅ ਅਤੇ ਪ੍ਰਵਿਰਤੀਆਂ ਵੀ ਵੇਖਣ ਵਿੱਚ ਆਉਂਦੀਆਂ ਹਨ। "ਇਸ ਦੌਰ ਨੂੰ ਅਸੀਂ ਉੱਤਰ ਸੁਤੰਤਰਤਾ ਕਾਲ ਵੀ ਆਖ ਸਕਦੇ ਹਾਂ। ਜੇ ਇਸ ਤੋਂ ਪਿਛਲਾ ਪੜਾਅ ਸੁਪਨੇ ਦੀ ਸਿਰਜਣਾ ਸੀ ਤਾਂ ਤੀਸਰਾ ਪੜਾਅ ਸੁਪਨੇ ਦੇ ਟੁੱਟਣ ਦੀ ਗਾਥਾ ਹੈ। ਇਸ ਸਮੇਂ ਦੌਰਾਨ ਵੱਡੀ ਘਟਨਾ ਦੇਸ਼ ਵੰਡ ਦੀ ਹੁੰਦੀ ਹੈ ਜਿਸ ਨਾਲ ਨਾ ਕੇਵਲ ਇਕ ਸਾਂਝੀ ਰਹਿਤਲ ਵਾਲਾ ਪੰਜਾਬੀ ਭਾਈਚਾਰਾ ਹੀ ਦੋ ਦੇਸ਼ਾਂ ਵਿਚ ਵੰਡਿਆ ਜਾਂਦਾ ਹੈ ਸਗੋਂ ਉਨ੍ਹਾਂ ਦਾ ਸਾਹਿਤ ਵੀ ਵੰਡਿਆ ਜਾਂਦਾ ਹੈ। ਇੰਜ ਭਾਰਤੀ ਪੰਜਾਬੀ ਕਾਵਿ ਅਤੇ ਪਾਕਿਸਤਾਨੀ ਪੰਜਾਬੀ ਕਾਵਿ ਦੀਆਂ ਦੋ ਧਾਰਾਵਾਂ ਬਣ ਜਾਂਦੀਆਂ ਹਨ। ਇਸੇ ਸਮੇਂ ਦੌਰਾਨ ਹੀ ਰੋਟੀ ਰੋਜ਼ੀ ਦੀ ਤਲਾਸ਼ ਵਿਚ ਪੰਜਾਬੀਆਂ ਦਾ ਵੱਡੀ ਪੱਧਰ 'ਤੇ ਦੁਨੀਆ ਦੇ ਹੋਰ

ਦੇਸ਼ਾਂ ਖ਼ਾਸ ਕਰਕੇ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ ਨੂੰ ਪਰਵਾਸ ਸ਼ੁਰੂ ਹੁੰਦਾ ਹੈ ਤਾਂ ਇਕ ਤੀਜੀ ਧਾਰਾ ਪਰਵਾਸੀ ਪੰਜਾਬੀ ਕਵਿਤਾ ਦੀ ਪੈਦਾ ਹੁੰਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦਾ ਇਹ ਤੀਸਰਾ ਪੜਾਅ ਗਿਣਤੀ ਅਤੇ ਗੁਣਾਤਮਿਕ ਪੱਖ ਤੋਂ ਅਤਿਅੰਤ ਮਹੱਤਵਪੂਰਨ ਹੈ। ਇਸ ਸਮੇਂ ਦੌਰਾਨ ਪਿਛਲੇ ਕਾਲ ਦੇ ਲੱਗਭਗ ਸਾਰੇ ਹੀ ਲੇਖਕ ਨਿਰੰਤਰ ਸਿਰਜਣਾ ਕਰਦੇ ਰਹਿੰਦੇ ਹਨ ਪਰੰਤੂ ਇਸੇ ਸਮੇਂ ਬਿਲਕੁਲ ਨਵੇਂ ਚਿਹਰੇ ਵੀ ਸਾਹਮਣੇ ਆਉਂਦੇ ਹਨ। ਉਦਾਹਰਨ ਵਜੋਂ ਪਿਛਲੇ ਕਾਲ ਦਾ ਆਰੰਭ ਕਰਨ ਵਾਲਾ ਆਧੁਨਿਕ ਸ਼ਾਇਰ ਭਾਈ ਵੀਰ ਸਿੰਘ ਇਸ ਕਾਲ ਵਿਚ ਵੀ ਰਚਨਾ ਕਰਦਾ ਰਹਿੰਦਾ ਹੈ ਅਤੇ ਪੰਜਾਬੀ ਕਵਿਤਾ ਦਾ ਪਹਿਲਾ ਸਾਹਿਤ ਅਕੈਡਮੀ ਦਾ ਇਨਾਮ ਜੇਤੂ ਬਣਦਾ ਹੈ। ਬਸਤੀਵਾਦੀ ਕਾਲ ਵਿਚ ਕਵਿਤਾ ਲਿਖਣੀ ਸ਼ੁਰੂ ਕਰਨ ਵਾਲੇ ਅੰਮ੍ਰਿਤਾ ਪ੍ਰੀਤਮ, ਮੋਹਨ ਸਿੰਘ ਇਸ ਕਾਲ ਵਿਚ ਵੀ ਸਿਰਜਣਾ ਕਰਦੇ ਰਹਿੰਦੇ ਹਨ। ਇਸ ਪ੍ਰਕਾਰ ਇਹ ਕਾਲ ਪਿਛਲੇ ਕਾਲ ਦੀ ਨਿਰੰਤਰਤਾ ਵੀ ਹੈ ਪਰ ਇਸ ਵਿਚ ਇਕ ਵੱਡਾ ਮੋੜ ਵੀ ਹੈ। ਇਕ ਪਾਸੇ ਤਾਂ ਪਿਛਲੇ ਕਾਲ ਦੇ ਲੇਖਕ ਇਸ ਦੌਰ ਵਿਚ ਵੀ ਲਿਖਦੇ ਰਹਿੰਦੇ ਹਨ, ਪਿਛਲੀਆਂ ਕਾਵਿ ਧਾਰਾਵਾਂ, ਇਸ ਦੌਰ ਵਿਚ ਵੀ ਜਾਰੀ ਰਹਿੰਦੀਆਂ ਹਨ ਅਤੇ ਇੰਜ ਨਿਰੰਤਰਤਾ ਬਣੀ ਰਹਿੰਦੀ ਹੈ ਪਰ ਇਸ ਦੇ ਨਾਲ ਹੀ ਇਸ ਨਵੇਂ ਪੜਾਅ ਵਿਚ ਇਕ ਪਾਸੇ ਤਾਂ ਕਵੀਆਂ ਦੇ ਸਰੋਕਾਰ ਬਦਲ ਜਾਂਦੇ ਹਨ, ਦ੍ਰਿਸ਼ਟੀਕੋਣ ਬਦਲ ਜਾਂਦੇ ਹਨ ਅਤੇ ਇਸ ਦੇ ਨਾਲ ਹੀ ਨਵੀਂ ਪੌਦ ਦੇ ਨਵੇਂ ਕਵੀ ਵੀ ਸਾਹਮਣੇ ਆਉਂਦੇ ਹਨ। ਇਸ ਕਾਲ ਵਿਚ ਪ੍ਰਗਤੀਵਾਦੀ, ਪ੍ਰਯੋਗਸ਼ੀਲ, ਨਕਸਲਬਾੜੀ ਦੌਰ ਦੀ ਕਵਿਤਾ ਪੰਜਾਬ ਸੰਕਟ ਦੀ ਕਵਿਤਾ ਅਤੇ ਸਮਕਾਲੀ ਦੌਰ ਦੀ ਕਵਿਤਾ ਚਲਦੀ ਰਹਿੰਦੀ ਹੈ। ਇਸੇ ਸਮੇਂ ਸਮਕਾਲੀ ਕਵਿਤਾ ਵਿਚ ਪਰਵਾਸੀ ਕਾਵਿ, ਦਲਿਤ ਕਾਵਿ ਅਤੇ ਨਾਰੀ ਕਾਵਿ ਉਭਰ ਰਹੇ ਹਨ।"4

ਭਾਈ ਵੀਰ ਸਿੰਘ ਅਤੇ ਉਹਨਾਂ ਤੋਂ ਪਿੱਛੋਂ ਦੇ ਕਵੀ ਭਾਵੇਂ ਆਤੀਤ ਮੁਖੀ ਖਿੱਚ ਦੇ ਪ੍ਰਭਾਵ ਤਹਿਤ ਰਚਨਾ ਕਰਦੇ ਰਹੇ ਪਰ ਉਹਨਾਂ ਨੇ ਰੂਪਗਤ ਦ੍ਰਿਸ਼ਟੀ ਤੋਂ ਪੱਛਮੀ ਪ੍ਰਭਾਵ ਨੂੰ ਉਦਾਰਤਾ ਨਾਲ ਕਬੂਲ ਕੀਤਾ । ਡਾ. ਕਰਮਜੀਤ ਸਿੰਘ ਦੇ ਅਨੁਸਾਰ,"ਇਨ੍ਹਾਂ ਕਵੀਆਂ ਨੇ ਪਰੰਪਰਾ ਦੇ ਭਾਵੁਕ ਮੋਹ ਦੇ ਨਾਲ ਨਾਲ ਧਰਮ ਬਾਰੇ ਉਦਾਰਵਾਦੀ ਯਥਾਰਥਵਾਦੀ ਪਹੁੰਚ, ਸੰਪਰਦਾਇਕ ਦ੍ਰਿਸ਼ਟੀ ਦੀ ਥਾਂ ਉਦਾਰ ਮਾਨਵਵਾਦੀ ਭਾਵਨਾ ਅਤੇ ਰਾਸ਼ਟਰੀ ਚੇਤਨਤਾ ਅਲੋਚਨਾ ਸਮਾਜਿਕ ਜੀਵਨ ਵਿੱਚ ਸੁਧਾਰ ਦੀ ਸੁਚੇਤ ਭਾਵਨਾ ਨੂੰ ਆਪਣੀ ਸਾਧਨਾ ਦੀ ਮੁੱਖ ਟੇਕ ਬਣਾਇਆ।"5

ਪੰਜਾਬੀ ਕਵਿਤਾ ਦਾ ਇਹ ਦੌਰ ਬਹੁਤ ਵੱਡਾ ਅਤੇ ਲਮੇਰਾ ਹੈ। ਇਸ ਦੌਰ ਦੀ ਕਵਿਤਾ ਵਿੱਚ ਬਹੁਤ ਸਾਰੇ ਉਤਰਾ-ਚੜ੍ਹਾ ਵਾਪਰਦੇ ਹਨ। ਬਹੁਤੇ ਕਵੀਆਂ ਨੇ ਇਕ ਤੋਂ ਵਧੇਰੇ ਪ੍ਰਵਿਰਤੀਆਂ ਦੇ ਅੰਤਰਗਤ ਕਾਵਿ ਰਚਨਾਵਾਂ ਕੀਤੀਆਂ ਹਨ। ਅਸਲ ਅਰਥਾਂ ਵਿੱਚ ਆਧੁਨਿਕ ਪੰਜਾਬੀ ਕਵਿਤਾ ਇਸ ਦੌਰ ਵਿੱਚ ਵਿਸ਼ੇ ਖੇਤਰ ਅਤੇ ਕਾਵਿ ਸਾਸ਼ਤਰੀ ਪੱਖ ਬਹੁਤ ਵਿਕਾਸ ਕਰਦੀ ਹੈ। ਇਹਨਾਂ ਕਵੀਆਂ ਨੇ ਪੱਛਮੀ ਕਾਵਿ ਰੂਪਾਂ ਨੂੰ ਅਪਣਾ ਕੇ ਵਿਗਿਆਨਕ ਦ੍ਰਿਸ਼ਟੀ ਅਤੇ ਵਿਚਾਰਧਾਰਾ ਨੂੰ ਪੰਜਾਬੀ ਕਵਿਤਾ ਦਾ ਹਿੱਸਾ ਬਣਾਇਆ। ਇਹਨਾਂ ਕਵੀਆਂ ਨੇ ਧਾਰਮਿਕ ਪੁਨਰ ਸੁਰਜੀਤੀ ਵੱਲ ਉਦਾਰਵਾਦੀ ਨੀਤੀ ਅਪਣਾ ਕੇ ਜਿੱਥੇ ਪਰੰਪਰਾ ਦਾ ਸਿਮਰਣ ਕੀਤਾ ਉਥੇ ਤਾਰਕਿਕ ਦ੍ਰਿਸ਼ਟੀ ਵੀ ਵਿਕਸਤ ਕੀਤੀ।

ਪੰਜਾਬੀ ਕਵੀਆਂ ਵੱਲੋਂ ਬਹੁਤ ਸਾਰੇ ਨਵੇਂ ਕਾਵਿ ਰੂਪਾਂ ਤੇ ਵੀ ਹੱਥ ਅਜਮਾਇਆ ਜਾਂਦਾ ਹੈ ਅਤੇ ਨਵੇਂ ਪ੍ਰਯੋਗ ਵੀ ਕੀਤੇ ਜਾਂਦੇ ਹਨ। ਕੁੱਲ ਮਿਲਾ ਕੇ ਸਟੇਜਾਂ ਉਪਰ ਕਵਿਤਾ ਗੌਣ ਤੋਂ ਲੈ ਕੇ ਹੁਣਵੇਂ ਸਮਿਆਂ ਤੱਕ ਦੇ ਕਵੀਆਂ ਦਾ ਪੰਜਾਬੀ ਕਵਿਤਾ ਦੇ ਨਿਕਾਸ ਵਿਕਾਸ ਵਿੱਚ ਬਹੁਤ ਹੀ ਨਿਗਰ ਯੋਗਦਾਨ ਹੈ।

ਹਵਾਲੇ ਅਤੇ ਟਿੱਪਣੀਆਂ

1.ਡਾ. ਰਜਿੰਦਰ ਪਾਲ ਸਿੰਘ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਜਾਬੀ ਅਕਾਦਮੀ ਦਿੱਲੀ, 2017, ਪੰਨਾ 14

2.ਉਹੀ, ਪੰਨਾ 15

3.ਉਹੀ, ਪੰਨਾ 16

4.ਉਹੀ, ਪੰਨਾ 17

5 ਡਾ. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਅਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994, pp-60

Unit -2

## 2. ਆਧੁਨਿਕ ਪੰਜਾਬੀ ਕਵਿਤਾ ਦੀਆਂ ਪ੍ਰਵਿਰਤੀਆਂ/ ਨਵੇਂ ਝੁਕਾਅ/ ਵਿਸ਼ੇਸ਼ਤਾਵਾਂ/ ਵੰਨਗੀਆਂ

ਆਧੁਨਿਕ ਕਵਿਤਾ ਦੇ ਇਤਿਹਾਸ ਨੂੰ ਵਾਚਣ 'ਤੇ ਪਤਾ ਚਲਦਾ ਹੈ ਕਿ ਪੰਜਾਬੀ ਕਵਿਤਾ ਨੇ ਆਧੁਨਿਕ ਸਾਹਿਤ ਦੀਆਂ ਦੂਸਰੀਆਂ ਸਾਰੀਆਂ ਵਿਧਾਵਾਂ ਤੋਂ ਪਹਿਲਾਂ ਪੰਜਾਬੀ ਮਨਾ ਵਿੱਚ ਸਪੇਸ ਬਣਾਉਣੀ ਸ਼ੁਰੂ ਕੀਤੀ। ਇਤਿਹਾਸਕ ਤੌਰ ਤੇ ਆਧੁਨਿਕ ਪੰਜਾਬੀ ਕਵਿਤਾ ਆਪਣੀ ਮੱਧਕਾਲੀਨ ਕਾਵਿ ਪਰੰਪਰਾ ਵਿੱਚੋਂ ਊਰਜਾ ਗ੍ਰਹਿਣ ਕਰਦੀ ਹੈ। ਇਸ ਦੇ ਕਾਰਨ ਵੀ ਇਤਿਹਾਸਕ ਹਨ। ਰੂਪਾਕਾਰਕ ਪੱਖੋਂ ਵੀ ਵਧੇਰੇ ਵੰਨਗੀਆਂ ਇਸ ਵਿਧਾ ਵਿੱਚ ਹੀ ਮਿਲਦੀਆਂ ਹਨ। ਇਹੀ ਨਹੀਂ ਆਧੁਨਿਕ ਪੰਜਾਬੀ ਕਵਿਤਾ ਸੰਵੇਦਨਾ ਪੱਖੋਂ, ਬਦਲ ਰਹੀਆਂ ਸਮਾਜਿਕ ਸਭਿਆਚਾਰਕ ਸਥਿਤੀਆਂ ਪੱਖੋਂ, ਵਿਚਾਰਧਾਰਕ ਚੇਤਨਾ ਅਤੇ ਵਿਗਿਆਨਕ ਦ੍ਰਿਸ਼ਟੀ ਪੱਖੋਂ ਵੀ ਬਾਕੀ ਵਿਧਾਵਾਂ ਨਾਲੋਂ ਸਰਵਪ੍ਰਥਮ ਜਾਪਦੀ ਹੈ। ਆਧੁਨਿਕ ਪੰਜਾਬੀ ਕਵਿਤਾ ਇਕਦਮ ਹੀ ਆਧੁਨਿਕਤਾ ਦਾ ਜਾਮਾ ਨਹੀਂ ਪਹਿਨ ਲੈਂਦੀ ਸਗੋਂ ਇਸ ਦਾ ਵਿਕਾਸ ਪਿਛਲੀ ਕਾਵਿ ਨਿਰੰਤਰਤਾ ਦੇ ਪਰਿਪੇਖ ਵਿੱਚ ਹੁੰਦਾ ਹੈ ਅਤੇ ਇਹ ਪੜਾਅ ਵਾਰ ਅਗਲੇ ਮੁਕਾਮ ਹਾਸਲ ਕਰਦੀ ਜਾਂਦੀ ਹੈ। ਜਿਵੇਂ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ ਕਿ ਪੰਜਾਬੀ ਕਵਿਤਾ ਵਿੱਚ ਜਿੱਥੇ ਨਵੀਆਂ ਸਥਿਤੀਆਂ ਅਤੇ ਸਮਾਜਿਕ ਯਥਾਰਥ ਦੇ ਅਨੁਸਾਰ ਕਾਵਿ ਪ੍ਰਵਚਨ ਉਸਾਰਿਆ ਜਾ ਰਿਹਾ ਸੀ ਉਥੇ ਹੀ ਕੁਝ ਕਵੀ ਨਾਲ ਨਾਲ ਪੁਰਾਣੇ ਕਾਵਿ ਰੂਪਾਂ ਵਿੱਚ ਰਚਨਾ ਕਰ ਰਹੇ ਸਨ। ਭਾਵ ਇਕੋ ਵੇਲੇ ਪੰਜਾਬੀ ਕਵਿਤਾ ਦੀਆਂ ਇਕ ਤੋਂ ਵਧੇਰੇ ਸਮਾਨਾਂਤਰ ਧਾਰਾਵਾਂ ਕਾਰਜਸ਼ੀਲ ਨਜ਼ਰ ਆਉਂਦੀਆਂ ਹਨ।

ਪੰਜਾਬ ਵਿੱਚ ਆਧੁਨਿਕਤਾ ਦੇ ਆਉਣ ਦੇ ਪਿਛੋਕੜ ਵਿੱਚ ਅੰਗਰੇਜ਼ਾਂ ਦਾ ਪੰਜਾਬ ਵਿੱਚ ਪ੍ਰਵੇਸ਼ ਸਭ ਤੋਂ ਸਸ਼ੱਕਤ ਕਾਰਕ ਹੈ। ਇਸ ਤੋਂ ਪਹਿਲਾਂ ਪੰਜਾਬ ਦੀ ਵਿਚਾਰਧਾਰਕ ਚੇਤਨਾ ਮੱਧਕਾਲੀਨ ਭਾਵਬੋਧ ਵਾਲੀ ਸੀ। ਇਸ ਦੌਰ ਦੀਆਂ ਆਪਣੀਆਂ ਮਧਕਾਲੀਨ ਬੋਧ ਵਾਲੀਆਂ ਰਿਵਾਇਤਾਂ ਸਨ। ਆਤਮਾ-ਪ੍ਰਮਾਤਮਾ, ਰਾਜਾ-ਪਰਜਾ, ਉਤਮ-ਮੱਧਮ, ਧਾਰਮਿਕ ਵਿਸ਼ਵਾਸ਼, ਪੂਰਵ ਨਿਸ਼ਚਿਤ ਆਦਰਸ਼ ਵਾਲੀਆਂ ਰੂੜ੍ਹੀਆਂ ਪ੍ਰਚੱਲਿਤ ਸਨ। ਮੱਧਕਾਲੀਨ ਸਾਹਿਤ ਦਾ ਨਾਇਕ ਆਦਰਸ਼ਕ, ਉੱਚ-ਕਾਲੀਨ, ਅਸਧਾਰਨ ਗੁਣਾਂ ਅਤੇ ਗੈਬੀ ਸ਼ਕਤੀਆਂ ਦਾ ਮਾਲਕ ਸੀ। ਆਧੁਨਿਕ ਸਾਹਿਤ ਦੇ ਕੇਂਦਰ ਵਿੱਚ ਸਧਾਰਨ ਮਨੁੱਖ ਆ ਜਾਂਦਾ ਹੈ। ਉਸ ਦੀ ਜ਼ਿੰਦਗੀ ਦਾ ਯਥਾਰਥ, ਖਵਾਇਸ਼ਾ, ਉਮੰਗਾਂ, ਚਾਅ ਮਲਾਰ, ਦੁੱਖ, ਤਖਲੀਫ਼ਾ, ਤੰਗੀਆਂ ਤੁਰਸ਼ੀਆਂ ਅਤੇ ਮਾਨਸਿਕ ਅਕਾਂਖਿਆਵਾਂ ਸਾਹਿਤ ਦੇ ਕੇਂਦਰ ਵਿੱਚ ਆ ਜਾਂਦੀਆਂ ਹਨ। ਇਹ ਨਾਇਕ ਨਾਇਕਾ ਆਮ ਸਧਾਰਨ ਮਨੁੱਖ ਵਾਂਗ ਜਿਉਂਦੇ, ਹਸਦੇ, ਖੇਡਦੇ, ਪ੍ਰਤਿਕੂਲ ਹਾਲਾਤਾਂ ਵਿੱਚ ਜ਼ਿੰਦਗੀ ਦੀਆਂ ਲੋੜਾਂ ਥੁੜਾਂ ਦੀ ਪੂਰਤੀ ਲਈ ਜੱਦੋ ਜਹਿਦ ਕਰਦੇ ਨਜ਼ਰ ਆਉਂਦੇ ਹਨ। ਆਧੁਨਿਕ ਪੰਜਾਬੀ ਕਵਿਤਾ ਇਸੇ ਸਧਾਰਨ ਮਨੁੱਖ ਅਤੇ ਉਸ ਦੀਆਂ ਸਮੱਸਿਆਵਾਂ ਨੂੰ ਆਪਣਾ ਕੇਂਦਰੀ ਸਰੋਕਾਰ ਬਣਾਉਂਦੀ ਹੈ। ਆਧੁਨਿਕ ਦੌਰ ਦੀ ਪੰਜਾਬੀ ਕਵਿਤਾ ਦੇ ਖੇਤਰ, ਵਿਸ਼ਿਆਂ, ਸਰੋਕਾਰਾਂ, ਸੰਵੇਦਨਾ ਅਤੇ ਵਿਚਾਰਧਾਰਕ ਚੇਤਨਾ ਦੇ ਆਧਾਰ ਤੇ ਅਸੀਂ ਇਸ ਨੂੰ ਹੇਠ ਅੰਕਿਤ ਪ੍ਰਵਿਰਤੀਆਂ ਵਿੱਚ ਵੰਡ ਕੇ ਅਧਿਐਨ ਕਰ ਸਕਦੇ ਹਾਂ।

## 2.1 ਸਟੇਜੀ ਕਾਵਿ ਧਾਰਾ/ਰਾਜਸੀ ਚੇਤਨਾ ਦੀ ਕਵਿਤਾ/ ਸੰਕ੍ਰਾਂਤੀ ਕਾਲ ਦੀ ਕਵਿਤਾ :

1849ਈ. ਵਿੱਚ ਅੰਗਰੇਜ਼ੀ ਰਾਜ ਦੇ ਕਬਜ਼ੇ ਤੋਂ ਪਿੱਛੋਂ ਆਜ਼ਾਦ ਤਬੀਅਤ ਵਾਲਾ ਪੰਜਾਬੀ ਮਨੁੱਖ ਅੰਗਰੇਜ਼ਾਂ ਦੀ ਲੁੱਟ ਖਸੁੱਟ ਅਤੇ ਗ਼ੁਲਾਮੀ ਵਾਲੀ ਜ਼ਿੰਦਗੀ ਤੋਂ ਨਾਬਰ ਹੋ ਕੇ ਇਸ ਵਿਦੇਸ਼ੀ ਗ਼ੁਲਾਮੀ ਤੋਂ ਮੁਕਤੀ ਪਾਉਣ ਲਈ ਪੱਬਾਂ ਭਾਰ ਹੋ ਜਾਂਦਾ ਹੈ। ਦੇਸ਼ ਦੀ ਆਜ਼ਾਦੀ ਪੰਜਾਬੀ ਕਵੀਆਂ ਲਈ ਅੰਤਿਮ ਲਕਸ਼ ਬਣ ਜਾਂਦੀ ਹੈ। ਆਮ ਲੋਕਾਈ ਵਿੱਚ ਚੇਤਨਾ ਪੈਦਾ ਕਰਨ ਅਤੇ ਲੋਕ ਮਨਾ ਵਿੱਚ ਆਜ਼ਾਦੀ ਦਾ ਜਨੂੰਨ ਭਰਨ ਲਈ ਪੰਜਾਬੀ ਕਵੀਆਂ ਨੇ ਸਟੇਜਾਂ ਉਪਰ ਚੜ੍ਹ ਕੇ ਲੰਮੀਆਂ ਹੇਕਾਂ ਵਿੱਚ ਕਾਵਿਤਾ ਉਚਾਰਨੀ ਸ਼ੁਰੂ ਕੀਤੀ। ਇਹਨਾਂ ਕਵੀਆਂ ਨੇ ਧਾਰਮਿਕ ਰਾਜਸੀ ਜਲਸਿਆਂ ਅਤੇ ਹੋਰਨਾ ਸਭਿਆਚਾਰਕ ਮੌਕਿਆਂ ਉਪਰ ਲੋਕਾਂ ਦੇ ਦੁੱਖਾਂ, ਤੰਗੀਆਂ, ਤੁਰਸ਼ੀਆਂ ਨੂੰ ਲੋਕਾਂ ਦੀ ਠੇਠ ਬੋਲੀ, ਠੁੱਕਦਾਰ ਤੁਰੰਨਮ ਅਤੇ ਰੌਚਿਕ ਸ਼ਬਦ ਬਣਤਰ ਵਿੱਚ ਪੇਸ਼ ਕੀਤਾ। ਇਸ ਕਵਿਤਾ ਨੇ ਲੋਕ ਦਿਲਾਂ ਉੱਪਰ ਸਿੱਧਾ ਅਸਰ ਕੀਤਾ। ਇਸ ਕਵਿਤਾ ਨੂੰ ਇਕੋ ਵੇਲੇ ਕਈ ਨਾਵਾਂ ਨਾਲ ਜਾਣਿਆ ਜਾਂਦਾ ਰਿਹਾ ਹੈ ਜਿਵੇ ਸਟੇਜੀ ਕਾਵਿ ਧਾਰਾ, ਰਾਜਸੀ ਚੇਤਨਾ ਵਾਲੀ ਕਵਿਤਾ ਜਾਂ ਸੰਕ੍ਰਾਂਤੀ ਕਾਲ ਦੀ ਕਵਿਤਾ। ਪੰਜਾਬ ਵਿੱਚ ਉਰਦੂ ਮੁਸ਼ਾਇਰਿਆਂ ਦੀ ਤਰਜ ਤੇ ਕਵੀ ਦਰਬਾਰਾਂ ਦਾ ਪ੍ਰਚਲਨ ਵੀ ਇਸ ਦੌਰ ਵਿੱਚ ਹੀ ਹੋਇਆ। ਲੋਕ ਕਵੀਆਂ ਦੁਆਰਾ ਲੰਬੀ ਹੇਕ ਵਿੱਚ ਸਟੇਜਾਂ ਉਪਰ ਗਾਏ ਜਾਣ ਵਾਲੀ ਕਵਿਤਾ ਨੂੰ ਹੀ ਸਟੇਜੀ ਕਵਿਤਾ ਕਿਹਾ ਜਾਂਦਾ ਹੈ। ਪੰਜਾਬੀ ਸਟੇਜੀ ਕਵੀਆਂ ਵਿੱਚ ਪ੍ਰਮੁੱਖ ਤੌਰ ਤੇ ਇਹਨਾਂ ਕਵੀਆਂ ਦੇ ਨਾਂ ਗਿਣਵਾਏ ਜਾ ਸਕਦੇ ਹਨ- ਮੌਲਾ ਬਖਸ਼ ਕੁਸ਼ਤਾ, ਹੀਰਾ ਸਿੰਘ ਦਰਦ, ਚਰਨ ਸਿੰਘ ਸ਼ਹੀਦ, ਈਸ਼ਰ ਸਿੰਘ ਭਾਈਆ,ਗੁਰਮੁੱਖ ਸਿੰਘ ਮੁਸਾਫ਼ਿਰ, ਵਿਧਾਤਾ ਸਿੰਘ ਤੀਰ, ਫ਼ਿਰੋਜ਼ਦੀਨ ਸ਼ਰਫ਼, ਮੁਨਸ਼ਾ ਸਿੰਘ ਦੁਖੀ,ਜਸਵੰਤ ਸਿੰਘ ਵੰਤਾ, ਹਰਸ਼ਾ ਸਿੰਘ ਚਾਤਰ, ਕਰਤਾਰ ਸਿੰਘ ਬਲਗਣ, ਨੰਦ ਲਾਲ ਨੂਰਪੁਰੀ, ਦਰਸ਼ਨ ਸਿੰਘ ਅਵਾਰਾ, ਫ਼ਕੀਰ ਮੁਹੰਮਦ, ਬਰਕਤ ਰਾਮ ਯੁਮਨ, ਇੰਦਰਜੀਤ ਹਸਨਪੁਰੀ ਅਦਿ। ਇਹਨਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਕਵੀਆਂ ਨੇ ਉਸ ਵੇਲੇ ਦੇ ਸਮਾਜਿਕ, ਸਭਿਆਚਾਰਕ ਅਤੇ ਰਾਜਸੀ ਸਰੋਕਾਰਾਂ ਨੂੰ ਪ੍ਰਸਤੁਤ ਕੀਤਾ ਹੈ। ਪੇਸ਼ ਹਨ ਸਟੇਜੀ ਕਵਿਤਾ ਦੇ ਕੁਝ ਨਮੂਨੇ:-

ਗੁੱਸੇ ਨਾਲ ਮਸ਼ੀਨਾਂ ਦੀ ਬਾੜ ਝਾੜੀ,

ਉਲਟੀ ਬਾਗ ਦੀ ਦੁੱਗਣੀ ਬਹਾਰ ਬਣ ਗਈ।

ਨਾਲ ਕਹਿਰ ਦੀ ਅੰਗ ਦੇ ਸਾੜਿਆ ਸੂ

ਐਪਰ ਖਾਕ ਥੀਂ ਨਵੀਂ ਗੁਲਜ਼ਾਰ ਬਣ ਗਈ।

ਉਸ ਨੇ ਸੋਚਿਆ ਮਿਟਸੀ ਨਿਸ਼ਾਨ ਮੇਰਾ,

ਇਹ ਤਾਂ ਸਦਾ ਲਈ ਇਕ ਯਾਦਗਾਰ ਬਣ ਗਈ।

(ਹੀਰਾ ਸਿੰਘ ਦਰਦ)

ਤੇ ਤੁਧ ਨਾ ਮਾਤਾ ਜੀ ਫਿਕਰ ਕਰਨਾ,

ਐਵੇਂ ਝੂਰਨਾ ਨਾਹ ਡੁੱਲ੍ਹੇ ਬੇਰਾਂ ਦੇ ਲਈ।

ਕੌਣ ਪੁਛਦਾ ਅੰਮੀਏ ਗਿੱਦੜਾਂ ਨੂੰ,

ਅਕਸਰ ਪਿੰਜਰੇ ਬਣੇ ਨੇ ਸ਼ੇਰਾਂ ਦੇ ਲਈ।

ਭੇਖੀ ਕੱਪੜੇ ਰੰਗਦੇ ਟੁੱਕ ਖਾਤਰ,

ਸੂਹੇ ਕੇਸਰੀ ਬਾਣੇ ਦਲੇਰਾਂ ਦੇ ਲਈ।

ਕੰਧ ਮੁੱਢ ਕਰੋਲਣੀ ਖੜੀ ਰਹਿੰਦੀ

ਮਾਤਾ ਬਣੇ ਮਿਆਨ ਸ਼ਮਸ਼ੇਰਾਂ ਦੇ ਲਈ।

(ਮੁਨਸ਼ਾ ਸਿੰਘ ਦੁਖੀ )

ਮੈਂ ਪੰਜਾਬੀ, ਪੰਜਾਬ ਦਾ ਰਹਿਣ ਵਾਲਾ,

ਹਾਂ ਮੈਂ ਪੇਂਡੂ, ਪਰ ਸ਼ਹਿਰੀਏ ਢੰਗ ਦਾ ਹਾਂ।

ਜਾਣਾ ਫ਼ਾਰਸੀ, ਉਰਦੂ ਵੀ ਖ਼ੂਬ ਬੋਲਾਂ,

ਥੋੜ੍ਹੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ।

ਬੋਲੀ ਆਪਣੀ ਨਾਲ ਪਿਆਰ ਰੱਖਾਂ,

ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ।

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਹਾਂ,

ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ।

ਰਵਾਂ ਏਥੇ ਤੇ ਯੂ.ਪੀ. 'ਚ ਕਰਾਂ ਗੱਲਾਂ,

ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ।

ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ ਸੇਵਕ,

ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ ।

(ਬਾਬੂ ਫਿਰੋਜ਼ਦੀਨ ਸ਼ਰਫ਼)

ਗੁਰਮੁੱਖ ਸਿੰਘ ਮੁਸਾਫ਼ਿਰ ਇਸ ਦੌਰ ਦਾ ਇਕ ਹੋਰ ਪ੍ਰਤਿਨਿਧ ਕਵੀ ਹੈ। ਉਹ ਸ਼ੁਰੂ ਵਿੱਚ ਰਾਜਸੀ ਸੁਰ ਵਾਲੀ ਕਵਿਤਾ ਲਿਖਦਾ ਰਿਹਾ ਹੈ। ਪਰ ਫਿਰ ਉਸਨੇ ਧਾਰਮਿਕ ਰੰਗਤ ਵਾਲੀ ਕਵਿਤਾ ਵੀ ਲਿਖੀ। ਉਸਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ। ਉਹ ਇਕ ਬੁੱਧੀਵਾਨ ਵਿਅਕਤੀ ਸੀ ਇਸੇ ਲਿਆਕਤ ਕਰਕੇ ਉਹ ਪੰਜਾਬ ਦਾ ਮੁੱਖ ਮੰਤਰੀ ਵੀ ਬਣਿਆ। ਦੇਸ਼ ਪਿਆਰ ਅਤੇ ਸਿੱਖ ਧਰਮ ਦੀ ਇਤਿਹਾਸਕ ਚੇਤਨਾ ਉਸਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। 'ਗੁਰੂ ਸਾਡਾ ਤੇ ਗੁਰੂ ਦਾ ਬਾਗ ਸਾਡਾ' ਅਤੇ 'ਖਾਲਸੇ ਦੇ ਅੰਗਸੰਗ' ਕਵਿਤਾਵਾਂ ਲੋਕਾਂ ਵਿੱਚ ਬਹੁਤ ਪ੍ਰਚਲਿਤ ਹੋਈਆਂ ।

ਪੰਜਾਬੀ ਸਾਹਿਤ ਦੇ ਇਤਿਹਾਸਕਾਰਾਂ ਅਤੇ ਸਾਹਿਤ ਆਲੋਚਕਾਂ ਵੱਲੋਂ ਸਟੇਜੀ ਕਵਿਤਾ ਨੂੰ ਕਦੀ ਵੀ ਬਹੁਤਾ ਗੌਲਿਆ ਨਹੀਂ ਗਿਆ। ਬਹੁਤ ਸਾਰੇ ਸਟੇਜੀ ਕਵੀ ਅਣਗੌਲੇ ਹੀ ਰਹੇ ਹਨ। ਇਸ ਦਾ ਕਾਰਨ ਇਹ ਹੈ ਕਿ ਉਹਨਾਂ ਦੇ ਵਿਚਾਰ ਅਨੁਸਾਰ ਸਟੇਜੀ ਕਵਿਤਾ ਦਾ ਸਾਹਿਤਕ ਮਿਆਰ ਬਹੁਤਾ ਉੱਚਾ ਨਹੀਂ ਹੁੰਦਾ। ਕਵੀ ਵੱਲੋਂ, ਸਰੋਤੇ ਦੇ ਸਨਮੁੱਖ ਹੋਣ ਕਾਰਨ, ਇਸ ਦਾ ਸਹਿਜ ਸੰਚਾਰ ਹੋ ਜਾਂਦਾ ਹੈ। ਇਸ ਕਰਕੇ ਇਹ ਇਕਹਿਰੀ ਬਣਤਰ ਵਾਲੀ ਸਾਦੀ ਜਿਹੀ ਕਵਿਤਾ ਹੈ। ਪਰ ਜਦੋਂ ਅਸੀਂ ਮੌਲਾ ਬਖ਼ਸ਼, ਬਾਬੂ ਰਜ਼ਬ ਅਲੀ, ਧਨੀ ਰਾਮ ਚਾਤ੍ਰਿਕ, ਫਿਰੋਜ਼ਦੀਨ ਸ਼ਰਫ਼, ਗੁਰਮੁਖ ਸਿੰਘ ਮੁਸਾਫ਼ਿਰ ਅਤੇ ਕਰਤਾਰ ਸਿੰਘ ਬਲੱਗਣ, ਦਰਸ਼ਨ ਸਿੰਘ ਅਵਾਰਾ ਆਦਿ ਕਵੀਆਂ ਦੀ ਕਵਿਤਾ ਨੂੰ ਪੜ੍ਹਦੇ ਹਾਂ ਤਾਂ ਸਾਨੂੰ ਇਸ ਵਿੱਚ ਕਿਸੇ ਕਿਸਮ ਦੀ ਆਧੁਨਿਕ ਸੰਵੇਦਨਾ ਦੀ ਘਾਟ ਮਹਿਸੂਸ ਨਹੀਂ ਹੁੰਦੀ।

ਦਰਸ਼ਨ ਸਿੰਘ ਅਵਾਰਾ ਦੀ ਇਸ ਨਜ਼ਮ ਵਿੱਚ ਇਨਕਲਾਬੀ ਚੇਤਨਾ ਅਤੇ ਦੇਸ਼ ਪਿਆਰ ਦੀ ਭਾਵਨਾ ਡੁੱਲ ਡੁੱਲ ਪੈਂਦੀ ਹੈ:-

ਪੱਗਾਂ ਕਾਲੀਆਂ ਸਿਰਾਂ 'ਤੇ ਨਾ ਸਮਝੀਂ,

ਉਹਦੇ ਰਹਿਮ ਦੀਆਂ ਘਟਾਂ ਕਾਲੀਆਂ ਨੇ।

ਤੇਰੇ ਵਰਗੇ ਵੈਰੀ ਡੱਸਣੇ ਨੂੰ,

ਅਸੀਂ ਕਾਲੀਆਂ ਨਾਗਣਾਂ ਪਾਲੀਆਂ ਨੇ।

ਕਾਲੀ ਪੱਗ ਦੀ ਸਹੁੰ ਮੈਂ ਸੱਚ ਆਖਾਂ,

ਪਾਉਣੀ ਅੰਤ ਨੂੰ ਫਤਹਿ ਅਕਾਲੀਆਂ ਨੇ।

(ਦਰਸ਼ਨ ਸਿੰਘ ਅਵਾਰਾ)

### 2.2 ਆਧੁਨਿਕ ਪੰਜਾਬੀ ਕਵਿਤਾ(ਪਹਿਲਾ ਪੜਾਅ):-

ਆਧੁਨਿਕ ਪੰਜਾਬੀ ਕਵਿਤਾ- ਇਸ ਕਵਿਤਾ ਨੂੰ ਨਵੀਂ ਪੰਜਾਬੀ ਕਵਿਤਾ ਜਾਂ ਨਵੀਨ ਪੰਜਾਬੀ ਕਵਿਤਾ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਇਹ ਕਵਿਤਾ ਪ੍ਰਧਾਨ ਧਾਰਾ ਵਜੋਂ ਜਾਣੀ ਜਾਂਦੀ ਹੈ। ਇਸ ਦੇ ਸਮਾਂਤਰ ਜਿਹੜੀ ਕਵਿਤਾ ਲਿਖੀ ਜਾ ਰਹੀ ਸੀ ਉਸ ਨੂੰ ਕਈ ਵਾਰ ਦਰਬਾਰੀ ਕਵਿਤਾ ਜਾਂ ਪਰੰਪਰਾਗਤ ਕਵਿਤਾ ਕਹਿ ਕੇ ਹਾਸ਼ੀਏ ਤੇ ਧੱਕ ਦਿੱਤਾ ਜਾਂਦਾ ਰਿਹਾ ਹੈ।

ਸ਼ਾਇਦ ਇਸ ਦਾ ਕਾਰਨ ਇਹ ਸੀ ਕਿ ਤਥਾਕਥਿਤ ਆਧੁਨਿਕ ਜਾਂ ਨਵੀਂ ਪੰਜਾਬੀ ਕਵਿਤਾ ਉਸ ਨਵੀਂ ਪੜ੍ਹੀ-ਲਿਖੀ ਪੰਜਾਬ ਦੇ ਸ਼ਹਿਰਾਂ ਵਿਚ ਰਹਿੰਦੀ ਜਾਂ ਰਹਿਣ ਲੱਗੀ ਮੱਧ-ਸ੍ਰੇਣੀ ਦੀ ਕਵਿਤਾ ਸੀ ਜੋ ਜਾਂ ਤਾਂ ਅੰਗਰੇਜ਼ ਹਾਕਮਾਂ ਦੀ ਸਿੱਧੇ ਤੌਰ 'ਤੇ ਨੌਕਰ ਸੀ ਜਾਂ ਫਿਰ ਉਸ ਉਪਰ ਆਪਣੇ ਕਾਰੋਬਾਰ ਲਈ ਆਸ਼ਰਿਤ ਸੀ। ਇਹ ਸ਼੍ਰੇਣੀ ਕੁਝ ਮਜ਼ਬੂਰੀ ਵੱਸ ਅਤੇ ਕੁਝ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਦੇ ਪ੍ਰਭਾਵ ਅਧੀਨ ਕਦੇ ਤਨੋ, ਕਦੇ ਮਨੋਂ ਅੰਗਰੇਜ਼ ਸਾਮਰਾਜ ਦੇ ਨਾਲ ਸੀ। ਇਸ ਧਾਰਾ ਦੀ ਕਵਿਤਾ ਹੀ ਅਕਾਦਮਿਕ ਅਦਾਰਿਆਂ ਵਿਚ ਪਰਵਾਨ ਪਈ ਅਤੇ ਸਿਲੇਬਸਾਂ ਦਾ ਹਿੱਸਾ ਬਣੀ ਅਤੇ ਇਸੇ ਧਾਰਾ ਦੀ ਕਵਿਤਾ ਨੂੰ ਹੀ ਉਸ ਸਮੇਂ ਸਰਕਾਰੀ ਸਰਪਰਸਤੀ ਹਾਸਲ ਹੋਈ। ਇਸ ਦੇ ਉਲਟ ਜਿਵੇਂ ਅਸੀਂ ਪਿੱਛੇ ਵਿਚਾਰ ਕਰ ਚੁੱਕੇ ਹਾਂ ਕਿ ਗਦਰ ਲਹਿਰ ਦੇ ਕਵੀਆਂ ਅਤੇ ਬੱਬਰ ਲਹਿਰ ਦੇ ਕਵੀਆਂ ਤੋਂ ਇਲਾਵਾ ਰਾਜਸੀ ਅਤੇ ਧਾਰਮਿਕ ਵਿਚਾਰਧਾਰਾ ਵਾਲੀ ਕਵਿਤਾ ਲਿਖਣ ਵਾਲੇ ਸਟੇਜੀ ਕਵੀਆਂ ਨੂੰ ਫਾਂਸੀਆਂ, ਜੇਲ੍ਹਾਂ, ਪੁਸਤਕ ਜਬਤੀਆਂ, ਘਰ ਜਬਤੀਆਂ, ਜ਼ਮੀਨ ਜਬਤੀਆਂ ਤੋਂ ਇਲਾਵਾ ਹੋਰ ਕਈ ਤਰ੍ਹਾਂ ਦੇ ਤਸ਼ੱਦਦ ਸਹਿਣੇ ਪਏ।"1(ਰਜਿੰਦਰ ਪਾਲ ਸਿੰਘ, ਪੰਨਾਂ-112)

ਆਧੁਨਿਕ ਪੰਜਾਬੀ ਕਵਿਤਾ ਦਾ ਪੁਰਾਤਨ ਜਾਂ ਪਰੰਪਰਕ ਕਵਿਤਾ ਤੋਂ ਮੂਲ ਨਿਖੇੜਾ ਵਿਸ਼ਿਆਂ, ਵਿਚਾਰਧਾਰਾ, ਰੂਪਾਕਾਰਕ, ਪੇਸ਼ਕਾਰੀ ਅਤੇ ਸ਼ੈਲੀਗਤ ਧਰਾਤਲ ਉਪਰ ਵੀ ਪਛਾਣਿਆ ਜਾ ਸਕਦਾ ਹੈ। ਪੰਜਾਬੀ ਸਾਹਿਤ ਦਾ ਇਤਿਹਾਸ (ਆਧੁਨਿਕ ਕਾਲ) ਪੁਸਤਕ ਵਿੱਚ ਡਾ. ਜਸਵਿੰਦਰ ਸਿੰਘ ਨੇ ਲਿਖਿਆ ਹੈ ਕਿ,"ਆਧੁਨਿਕ ਪੰਜਾਬੀ ਕਾਵਿ ਦੀ ਨਿਰਣਾਇਕ ਵੱਖਰਤਾ, ਵਿਸ਼ੇਗਤ ਨਵੀਨਤਾ, ਸੰਬੋਧਨਮੂਲਕ ਵਖਰੇਵਾਂ, ਸ਼ੈਲੀਗਤ ਬਦਲਾਵ ਵਾਸਤਵ ਵਿਚ ਇਸ ਕਾਵਿ ਧਾਰਾ ਵਿਚ ਹੀ ਉਜਾਗਰ ਹੁੰਦਾ ਹੈ। ਇਸ ਕਾਵਿ ਧਾਰਾ ਨੇ ਬਦਲਦੇ ਆਧੁਨਿਕ ਆਰਥਕ, ਸਭਿਆਚਾਰਕ, ਰਾਜਸੀ ਦ੍ਰਿਸ਼ ਅਨੁਸਾਰ ਕਾਵਿ ਦੇ ਨਵੇਂ ਰੂਪਾਕਾਰ ਸਿਰਜੇ, ਜੋ ਮਧਕਾਲੀਨ ਕਵਿਤਾ ਨਾਲੋਂ ਵੱਖਰੇ ਸਨ। ਇਹ ਨਵੀਂ ਕਵਿਤਾ ਆਧੁਨਿਕ ਯੁਗ ਚੇਤਨਾ ਦੀ ਨਵੀਂ ਸੰਵੇਦਨਾ, ਵਿਸ਼ਿਆਂ ਦੀ ਨਵੀਂ ਚੋਣ ਤੇ ਨਿਭਾਅ ਦੇ ਨਾਲ-ਨਾਲ ਜੀਵਨ ਦ੍ਰਿਸ਼ਟੀਕੋਣ ਪੱਖੋਂ ਵੀ ਨਵੇਂ ਪ੍ਰਤਿਮਾਨ ਸਿਰਜਦੀ ਹੈ। ਕੁਝ ਵਿਦਵਾਨ ਇਸ ਆਧੁਨਿਕ ਕਾਵਿ ਨੂੰ ਸ਼ਾਹ ਮੁਹੰਮਦ ਤੋਂ ਸ਼ੁਰੂ

ਹੋਇਆ ਮੰਨਦੇ ਹਨ ਪਰ ਪ੍ਰਚਲਤ ਧਾਰਨਾ ਮੁਤਾਬਕ ਇਸ ਕਾਵਿ ਦਾ ਆਰੰਭ ਭਾਈ ਵੀਰ ਸਿੰਘ ਤੋਂ ਮੰਨਿਆ ਜਾਂਦਾ ਹੈ। ਇਹ ਕਵਿਤਾ ਅੱਗੇ ਵਿਭਿੰਨ ਇਤਿਹਾਸਕ ਪੜਾਵਾਂ ਵਿਚੋਂ ਲੰਘਦੀ ਹੋਈ ਅੱਡੋ-ਅੱਡ ਸਾਹਿਤਕ ਪ੍ਰਵਿਰਤੀਆਂ ਨੂੰ ਜਨਮ ਦਿੰਦੀ ਅਜੋਕੇ ਸਮੇਂ ਤਕ ਨਿਰੰਤਰ ਵਿਗਸਦੀ ਆ ਰਹੀ ਹੈ।"2(ਪੰਜਾਬੀ ਸਾਹਿਤ ਦਾ ਇਤਿਹਾਸ-pp33) ਇਸ ਪੜਾਅ ਦੀ ਕਵਿਤਾ ਨੂੰ ਇਤਿਹਾਸਕਾਰਾਂ ਨੇ ਮੁੱਖ ਤੌਰ ਤੇ ਪੀੜ੍ਹੀਆਂ ਵਿੱਚ ਵੰਡ ਕੇ ਸਮਝਣ ਦਾ ਯਤਨ ਕੀਤਾ ਹੈ। ਇਸ ਦੌਰ ਦੀ ਕਵਿਤਾ ਵਿੱਚ ਇਤਿਹਾਸਕ ਪੜਾਵਾਂ ਤੇ ਕਾਵਿਕ ਪ੍ਰਵਿਰਤੀਆਂ ਪੱਖੋਂ ਇਸ ਦੇ ਅੰਤਰਗਤ ਬਹੁਤ ਸਾਰੀਆਂ ਪ੍ਰਵਿਰਤੀਆਂ ਸਮਾਨਾਂਤਰ ਚਲਦੀਆਂ ਹਨ।

ਵਿਸਿਆਂ ਪੱਖੋਂ ਇਹ ਕਵਿਤਾ ਬਦਲਦੀਆਂ ਸਮਾਜਿਕ, ਸਭਿਆਚਾਰਕ, ਰਾਜਸੀ ਸਥਿੱਤੀਆਂ ਦੇ ਅਨੁਕੂਲ ਮੁਹਾਵਰਾ ਬਦਲਦੀ ਰਹਿੰਦੀ ਹੈ। ਇਸ ਦੌਰ ਦੇ ਕਵੀਆਂ ਨੂੰ ਵਿਸ਼ਿਆਂ ਅਤੇ ਵਿਚਾਰਧਾਰਾ ਦੇ ਪੱਖੋਂ ਦੋ ਪੀੜ੍ਹੀਆਂ ਵਿੱਚ ਵੰਡਿਆ ਜਾ ਸਕਦਾ ਹੈ। ਪਹਿਲੀ ਪੀੜ੍ਹੀ ਵਿੱਚ ਭਾਈ ਵੀਰ ਸਿੰਘ, ਪੂਰਨ ਸਿੰਘ, ਲਾਲਾ ਕ੍ਰਿਪਾ ਸਾਗਰ, ਧਨੀ ਰਾਮ ਚਾਤ੍ਰਿਕ, ਡਾ. ਚਰਨ ਸਿੰਘ , ਭਾਈ ਰਣਧੀਰ ਸਿੰਘ ਆਦਿ ਨੂੰ ਰੱਖਿਆ ਜਾ ਸਕਦਾ ਹੈ। ਦੂਸਰੀ ਪੀੜ੍ਹੀ ਵਿੱਚ ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਹਰਿੰਦਰ ਸਿੰਘ ਰੂਪ, ਦੀਵਾਨ ਸਿੰਘ ਕਾਲੇਪਾਣੀ, ਅਵਤਾਰ ਸਿੰਘ ਅਜ਼ਾਦ, ਚੰਨਣ ਸਿੰਘ ਜੇਠੂਕੇ, ਪ੍ਰਭਜੋਤ ਕੌਰ ਆਦਿ ਕਵੀਆਂ ਨੂੰ ਰੱਖਿਆ ਜਾ ਸਕਦਾ ਹੈ। ਇਹਨਾਂ ਕਵੀਆਂ ਨੂੰ ਜਦੋਂ ਕਾਵਿ ਲਹਿਰਾਂ ਵਿੱਚ ਵੰਡ ਕੇ ਸਮਝਿਆ ਜਾਂਦਾ ਹੈ ਤਾਂ ਦੋ ਵੱਖ ਵੱਖ ਲਹਿਰਾਂ ਦੇ ਅੰਤਰਗਤ ਰੱਖਿਆ ਜਾਂਦਾ ਹੈ। ਪਹਿਲੀ ਲਹਿਰ ਨੂੰ ਨਵ ਰਹੱਸਵਾਦੀ ਅਤੇ ਦੂਸਰੀ ਪੀੜ੍ਹੀ ਦੇ ਕਵੀਆਂ ਨੂੰ ਰੋਮਾਂਸਵਾਦੀ-ਪ੍ਰਗਤੀਵਾਦੀ ਕਾਵਿ ਧਾਰਾ/ਲਹਿਰ ਦੇ ਤਹਿਤ ਵਿਚਾਰਿਆ ਜਾਂਦਾ ਹੈ।

**2.3 ਨਵ-ਰਹੱਸਵਾਦੀ ਕਵਿਤਾ**:- ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਕਵਿਤਾ ਦਾ ਪਹਿਲਾ ਮੌਲਿਕ ਕਵੀ ਮੰਨਿਆ ਜਾਂਦਾ ਹੈ। ਇਸ ਦੌਰ ਦੀ ਕਵਿਤਾ ਵਿੱਚ ਮੱਧਕਾਲੀਨ ਚੇਤਨਾ ਦੀ ਚੱਸ ਪੂਰੀ ਤਰ੍ਹਾਂ ਖਤਮ ਤਾਂ ਨਹੀਂ ਹੁੰਦੀ ਪਰ ਇਸ ਦਾ ਅਨੁਭਵ ਪੂਰੀ ਤਰ੍ਹਾਂ ਵੱਖਰਾ ਅਤੇ ਬਦਲਿਆ ਹੋਇਆ ਨਜ਼ਰ ਆਉਂਦਾ ਹੈ। ਕਵੀ ਜੀਵਨ ਦੇ ਸਮਕਾਲੀ ਮਸਲਿਆਂ ਅਤੇ ਚੁਣੌਤੀਆਂ ਦਾ ਅਧਿਆਤਮਿਕ ਸਰੂਪ ਉਸਾਰਦੇ ਹੋਏ ਵੀ ਸਮਕਾਲੀ ਜੀਵਨ ਯਥਾਰਥ ਦੇ ਨਿਗਰ ਸਰੂਪ ਨੂੰ ਅਗਰਭੂਮੀ ਵਿੱਚ ਰਖਦੇ ਹਨ। ਸੁਧਾਰਵਾਦ ਇਹਨਾਂ ਦੀ ਕਵਿਤਾ ਦੀ ਮੁੱਖ ਟੇਕ ਹੈ। ਡਾ. ਜਸਵੀਰ ਸਿੰਘ ਆਹਲੂਵਾਲੀਆ ਅਨੁਸਾਰ, ਰਹੱਸਵਾਦ ਦੇ ਪੁਰਾਣੇ ਅਤੇ ਆਧੁਨਿਕ ਦੇ ਰੂਪ ਵਿੱਚ ਅੰਤਰ ਇਹ ਹੈ ਕਿ ਜਿਥੇ ਪਹਿਲਾਂ ਬੁੱਧੀ ਦੀ, ਅੰਤਿਮ ਯਥਾਰਥ ਤੱਕ, ਪਹੁੰਚ ਦੀ ਅਸਮਰਥਾ ਉੱਤੇ ਅਧਾਰਿਤ ਹੈ, ਉਥੇ ਦੂਸਰਾ ਇਕੋ ਵੇਲੇ ਅੰਤਿਮ ਯਥਾਰਥ ਦੀ ਸਮੁੱਚਤਾ ਨੂੰ ਗ੍ਰਹਿਣ ਕਰਨ ਵਿੱਚ, ਮਨੁੱਖੀ ਸ਼ਕਤੀਆਂ ਦੀਆਂ ਸਾਪੇਖਿਕ ਸੀਮਾਵਾਂ ਨੂੰ ਸਵੀਕਾਰ ਕਰਦਾ ਹੈ। ਮਿਸਾਲ ਵਜੋਂ ਭਾਈ ਵੀਰ ਸਿੰਘ ਦੀ ਕਵਿਤਾ 'ਕੰਬਦੀ ਕਲਾਈ ਵਿੱਚ ਰੱਬ ਨੂੰ ਨੂਰ ਰੂਪ ਵਿੱਚ ਸੁਪਨੇ ਵਿੱਚ ਪ੍ਰਗਟ ਹੋਇਆ ਦਰਸਾਇਆ ਗਿਆ ਹੈ ਕਵੀ-ਆਤਮਾ ਉਸ ਨੂੰ ਫੜਨ ਦੀ ਕੋਸ਼ਿਸ਼ ਕਰਦੀ ਹੈ ਪਰ ਉਸ ਦੀ ਛੋਹ ਮਾਤਰ ਹੀ ਪ੍ਰਾਪਤ ਕਰਦੀ ਹੈ। ਇਉਂ ਅਮੂਰਤ ਦਾ ਸਮੂਰਤੀਕਰਨ ਹੋ ਜਾਣਾ ਹੀ ਨਵ-ਰਹੱਸਵਾਦੀ ਕਵਿਤਾ ਦੀ ਸਭ ਤੋਂ ਪ੍ਰਮੁੱਖ ਪਛਾਣ ਹੈ।' ਇਸੇ ਤਰ੍ਹਾਂ ਪ੍ਰੋ ਪੂਰਨ ਸਿੰਘ ਦਾ ਅਧਿਆਤਮ ਬਿਲਕੁੱਲ ਵੱਖਰੀ

ਪ੍ਰਕਾਰ ਦੇ ਅਨੁਭਵ ਵਾਲਾ ਹੈ। ਉਸ ਦਾ ਰੱਬ ਉੱਚੇ ਨਛੱਤਰੀ ਨਹੀਂ ਵਸਦਾ ਸਗੋਂ ਧਰਤੀ ਦੇ ਨੇੜੇ ਵਸਦਾ ਹੈ। ਉਸਦਾ ਦਿਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਧੜਕਦਾ ਹੈ। ਇਸੇ ਲਈ ਹੀ ਉਹ ਪੁਰਾਣੇ ਪੰਜਾਬ ਨੂੰ ਮੁੜ ਆਉਣ ਲਈ ਅਵਾਜ਼ਾਂ ਮਾਰਦਾ ਹੈ। ਪੇਸ਼ ਹਨ ਇਸ ਲਹਿਰ/ਪ੍ਰਵਿਰਤੀ ਦੀ ਕਵਿਤਾ ਦੇ ਕੁਝ ਨਮੂਨੇ:-

ਮੇਰੇ ਛਿਪੇ ਰਹਿਣ ਦੀ ਚਾਹ

ਤੇ ਛਿਪੇ ਤੁਰ ਜਾਣ ਦੀ।

ਹਾਏ! ਪੂਰੀ ਹੁੰਦੀ ਨਾ

ਮੈਂ ਤਰਲੇ ਲੈ ਰਿਹਾ।

ਅਤੇ

ਸੁਪਨੇ ਵਿੱਚ ਤੁਸੀਂ ਮਿਲੇ ਅਸਾਨੂੰ

ਅਸਾਂ ਧਾ ਗਲਵੱਕੜੀ ਪਾਈ।

ਨਿਰਾ ਨੂਰ ਤੁਸੀਂ ਹੱਥ ਨਾ ਆਏ

ਸਾਡੀ ਕੰਬਦੀ ਰਹੀ ਕਲਾਈ।

(ਭਾਈ ਵੀਰ ਸਿੰਘ )

ਪ੍ਰੋਫੈਸਰ ਪੂਰਨ ਸਿੰਘ ਦਾ ਨਵ ਰਹੱਸਵਾਦ ਭਾਈ ਵੀਰ ਸਿੰਘ ਤੋਂ ਵੱਖਰਾ ਵੀ ਹੈ ਅਤੇ ਮੌਲਿਕ ਵੀ ਹੈ। ਉਸਦਾ ਰੱਬ ਬੰਦੇ ਦੇ ਆਸ ਪਾਸ ਵਸਦਾ ਹੈ। ਉਸਦਾ ਸਰੂਪ ਵੀ ਕੋਈ ਅਲੋਕਾਰੀ ਨਹੀਂ ਹੈ ਸਗੋਂ ਆਮ ਸਧਾਰਣ ਮਨੁੱਖ ਵਰਗਾ ਹੀ ਹੈ:-

ਆਵੀਂ ਤੂੰ ਰੱਬਾ ਮੇਰਿਆ,

ਵਹਿਲਾ ਵਹਿਲਾ ਆਵੀਂ,

ਤਾਵਲਾ ਤਾਵਲਾ ਆਵੀਂ,

ਤੇ ਸਟੀ ਪਰੇ,

ਹੱਥ ਮੇਰੇ ਵਿੱਚੋਂ ਖੋਹ ਕੇ,

ਇਹ ਘੰਟੀਆਂ, ਟੱਲੀਆਂ

ਜਿਹੜੀਆਂ ਮੈਂ ਹੱਥ ਵਿੱਚ ਫੜੀਆਂ,

ਤੇਰੀ ਪੂਜਾ ਲਈ

ਤੇ ਆਵੀਂ,

ਬੁਝਾਵੀਂ ਆਪ ਤੂੰ ਆਪਣੇ ਹੱਥ ਨਾਲ,

ਇਹ ਦੀਵੇ ਥਾਲ ਵਿੱਚ ਪਾਏ ਮੈਂ

ਤੇਰੀ ਆਰਤੀ ਕਰਨ ਨੂੰ।

ਇਥੇ ਹੀ ਬਸ ਨਹੀਂ ਕਵੀ ਪੂਰਨ ਸਿੰਘ ਨੇ ਪ੍ਰਤੀਕ ਵਿਧਾਨ ਦੀ ਚੋਣ ਕਰਨ ਵੇਲੇ ਵੀ ਗੁਰਬਾਣੀ ਦੇ ਕਾਂਤਾ ਭਗਤੀ ਦੇ ਪ੍ਰਤੀਮਾਨ ਨੂੰ ਸਾਹਮਣੇ ਰੱਖਿਆ ਹੈ। ਇਕ ਕਵਿਤਾ ਵਿੱਚ ਪ੍ਰੀਤਮ ਦੀ ਸੁਹਾਗਣ ਹੋਈ ਇਸਤਰੀ, ਸਮੁੰਦਰ ਦੇ ਕੰਢੇ ਖੜ੍ਹੀ ਹੋ ਕੇ ਉਸ ਦੇ ਜਹਾਜ਼ ਦੀ ਉਡੀਕ ਕਰ ਰਹੀ ਹੈ:-

ਮੈਂ ਪਤੰਗ ਕਿਸੇ ਦੀ,

ਡੋਰਾਂ ਵਾਲਾ ਖਿੱਚਦਾ,

ਪਤੰਗ ਪਈ ਚੜ੍ਹਦੀ,

ਉੱਚੀ ਹਵਾ ਵਿੱਚ

ਇਹ ਲਹਿਰੇ, ਇਹ ਠਹਿਰੇ,

ਠਹਿਰ ਠਹਿਰ ਚੜ੍ਹਦੀ

ਜਾਂ

ਜੇ ਤੂੰ ਮੇਰਾ ਹੋਵੇਂ

ਮੈਂ ਦੇਖਾਂ ਨਿੱਤ ਤੈਨੂੰ

ਤਾਂ ਮੰਦਿਰ ਦੀ ਨਾਂਹ ਲੋੜ ਮੈਨੂੰ

ਮਸਜਿਦ, ਗਿਰਜਾ ਮੇਰਾ ਤੂੰ ਹੈਂ।

(ਪ੍ਰੋ. ਪੂਰਨ ਸਿੰਘ )

ਦੇਖ ਮਿੱਟੀ ਦੇ ਕਿਣਕਿਆਂ ਨੂੰ ਵੇਖ

ਆਪਣੇ ਰਿਸ਼ਤਿਆਂ ਨੂੰ ਪਛਾਣ।

ਹਵਾ ਵਿੱਚ ਕਹਿੰਦੇ ਨੇ ਹੁੰਦਾ ਹੈ ਪਾਣੀ

ਨਜ਼ਰ ਆਉਂਦਾ ਨਹੀਂ,

ਇਸ ਤਰ੍ਹਾਂ ਕੁਝ ਆਤਮਾ ਨੂੰ ਜਾਣ।

(ਪ੍ਰੀਤਮ ਸਿੰਘ ਸਫ਼ੀਰ)

ਇਹਨਾਂ ਕਵੀਆਂ ਤੋਂ ਇਲਾਵਾ ਜਿਨ੍ਹਾਂ ਕਵੀਆਂ ਦੀਆਂ ਰਚਨਾਵਾਂ ਵਿੱਚ ਨਵ ਰਹੱਸਵਾਦੀ ਅਨੁਭਵ ਮਿਲਦਾ ਹੈ ਤੇ ਜਿਨ੍ਹਾਂ ਦੀ ਕਵਿਤਾ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਦਰਸ਼ਨ ਦਿਦਾਰੇ ਹੁੰਦੇ ਹਨ ਉਹਨਾਂ ਵਿੱਚ ਧਨੀ ਰਾਮ ਚਾਤ੍ਰਿਕ, ਪ੍ਰੀਤਮ ਸਿੰਘ ਸਫ਼ੀਰ, ਲਾਲਾ ਕ੍ਰਿਪਾ ਸਾਗਰ, ਮੋਹਨ ਸਿੰਘ ਦੀਵਾਨਾ, ਡਾ. ਦੀਵਾਨ ਸਿੰਘ ਕਾਲੇਪਣ ਅਦਿ ਕਵੀ ਹਨ।

**2.3 ਪ੍ਰਗਤੀਵਾਦੀ-ਰੋਮਾਂਸਵਾਦੀ ਕਵਿਤਾ (ਆਧੁਨਿਕ ਪੰਜਾਬੀ ਕਵਿਤਾ ਦਾ ਦੂਜਾ ਪੜਾਅ)**

**2.3.1 ਰੋਮਾਂਸਵਾਦੀ ਕਵਿਤਾ**: ਰੋਮਾਂਸਵਾਦੀ ਪੰਜਾਬੀ ਕਾਵਿ ਧਾਰਾ ਅਸਲ ਵਿੱਚ ਵਿਸ਼ਵ ਦੀ ਰੋਮਾਂਸਵਾਦੀ ਲਹਿਰ ਤੋਂ ਹੀ ਪ੍ਰਭਾਵਿਤ ਹੈ। 'ਵੀਹਵੀਂ ਸਦੀ ਦੇ ਪੰਜਾਬੀ ਕਾਵਿ ਵਿਚਲੀ ਰੋਮਾਂਸਵਾਦੀ ਕਵਿਤਾ ਵਿਸ਼ਵ ਪ੍ਰਸਿੱਧ ਰੋਮਾਂਸਵਾਦੀ ਲਹਿਰ ਦਾ ਹੀ ਹਿੱਸਾ ਹੈ।'ਰੋਮਾਂਸ' ਸ਼ਬਦ ਤੋਂ ਭਾਵ ਅਜਿਹੇ ਕਾਵਿ ਜਾਂ ਕਥਾ ਤੋਂ ਹੈ ਜਿਸ ਵਿੱਚ ਕਲਪਨਾ, ਅਤਿਕਥਨੀ ਤੇ ਅਦਭੁਤ ਰਸ ਦੀ ਪ੍ਰਧਾਨਤਾ ਹੋਵੇ।'ਰੋਮਾਂਸ' ਸ਼ਬਦ ਨੂੰ ਅਕਸਰ ਪ੍ਰੇਮ ਪ੍ਰਧਾਨ ਸਾਹਿਤ ਤੱਕ ਸੀਮਿਤ ਕਰ ਦਿੱਤਾ ਜਾਂਦਾ ਹੈ। ਪਰ ਰੋਮਾਂਸ ਆਪਣੇ ਆਪ ਵਿੱਚ ਬੜਾ ਵਿਸ਼ਾਲ ਸੰਕਲਪ ਹੈ। ਇਸ ਵਿੱਚ ਪ੍ਰੇਮ, ਕਲਪਨਾ, ਅਦਭੁਤ ਰਸ, ਸਧਾਰਨਤਾ, ਨਿਰਛਲਤਾ, ਬੰਧਨਹੀਣਤਾ ਅਤੇ ਪੁਰਾਤਨਤਾ ਪ੍ਰੀ ਮੋਹ ਆਦਿ ਵੀ ਸ਼ਾਮਿਲ ਹੈ। ਰੋਮਾਂਸ ਦੀ ਵਰਤੋਂ ਸਭ ਤੋਂ ਪਹਿਲਾਂ ਕਾਰਲਾਇਲ ਨੇ ਕੀਤੀ ਸੀ ਪਰ ਰੂਸੋ ਨੇ ਕੁਦਰਤ ਵੱਲ ਵਾਪਸ ਜਾਓ' (Back to the Nature) ਦਾ ਨਾਹਰਾ ਲਗਾ ਕੇ ਇਸ ਨੂੰ ਮਜ਼ਬੂਤ ਕੀਤਾ। ਵਿਸ਼ਵ ਪੱਧਰ ਉੱਤੇ ਰੋਮਾਂਸਵਾਦੀ ਲਹਿਰ ਦਾ ਸੰਗਠਨ 1798 ਈ: ਵਿੱਚ ਵਿਲੀਅਮ ਵਰਡਜ਼ਵਰਥ ਅਤੇ ਐਸ.ਟੀ. ਕਾਲਰਿਜ ਦੀਆਂ ਰਚਨਾਵਾਂ ਤੋਂ ਮੰਨਿਆ ਜਾਂਦਾ ਹੈ।"(ਰਜਿੰਦਰ ਸੇਖੋਂ,ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, pp438) ਪੰਜਾਬੀ ਸਾਹਿਤ ਵਿੱਚ ਰੋਮਾਂਸਵਾਦੀ ਕਵੀਆਂ ਦੁਆਰਾ ਕੀਤੇ ਗਏ ਪ੍ਰਕ੍ਰਿਤੀ ਚਿਤਰਨ, ਜੀਵਨ ਦੀ ਖੁੱਲ੍ਹ ਅਤੇ ਮਨ ਦੀ ਮੌਜ ਦੇ ਆਲੇ ਦੁਆਲੇ ਕਾਵਿਕ ਪ੍ਰਵਚਨ ਉਚਾਰੇ ਗਏ। ਇਤਿਹਾਸਕ ਸਤਿੱਥੀਆਂ ਅਤੇ ਮਸ਼ੀਨੀ ਤਰੱਕੀ ਕਰਨ ਦੇ ਬਾਵਜੂਦ ਮਨੁੱਖ ਦੀ ਜ਼ਿੰਦਗੀ ਵਿੱਚ ਮੌਜ, ਖੁੱਲ੍ਹਾਪਣ,ਮਨ ਦੀ ਮਸਤੀ ਦੀ

ਥਾਂ ਇਕੱਲਤਾ ਬੇਗਾਨਗੀ ਅਤੇ ਉਦਾਸੀ ਹਾਜ਼ਰ ਸੀ। ਪ੍ਰੋ. ਪੂਰਨ ਸਿੰਘ ਵਰਗੇ ਕਵੀਆਂ ਨੇ ਇਹ ਸਥਾਪਿਤ ਕੀਤਾ ਕਿ ਮਨ ਦੀ ਖੁਸ਼ੀ ਅਤੇ ਜੀਵਨ ਦੇ ਖੁੱਲ੍ਹ ਖੁਲਾਸੇਪਣ ਲਈ ਕੁਦਰਤ ਦੀ ਗੋਦ ਹੀ ਸਭ ਤੋਂ ਬਿਹਤਰ ਵਿਕਲਪ ਹੈ। ਇਹਨਾਂ ਵਿਚਾਰਾਂ ਵਿੱਚੋਂ ਹੀ ਪੰਜਾਬੀ ਪ੍ਰਗਤੀਵਾਦੀ ਕਵਿਤਾ ਆਪਣਾ ਮੂੰਹ ਮੁਹਾਂਦਰਾ ਸਵਾਰਨਾ ਸ਼ੁਰੂ ਕਰਦੀ ਹੈ। ਪ੍ਰੋ. ਪੂਰਨ ਸਿੰਘ ਅਸਲ ਅਰਥਾਂ ਵਿੱਚ ਪੰਜਾਬੀ ਕਵਿਤਾ ਦਾ ਪਹਿਲਾ ਰੋਮਾਂਸਵਾਦੀ ਕਵੀ ਹੈ। ਉਸ ਤੋਂ ਉਪਰੰਤ ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ ਆਦਿ ਕਵੀ ਇਸ ਪ੍ਰਵਿਰਤੀ ਦੇ ਤਹਿਤ ਕਾਵਿ ਰਚਨਾ ਕਰਦੇ ਹਨ। ਰੋਮਾਸਵਾਦੀ ਕਵਿਤਾ ਦੇ ਕੁਝ ਨਮੂਨੇ:-

ਪ੍ਰੋ. ਪੂਰਨ ਸਿੰਘ ਕਹਿੰਦਾ ਹੈ:

ਮੁੜ ਮੁੜ ਲੋਚਾਂ ਪਸ਼ੂ ਥੀਣ ਨੂੰ;

ਮੈਂ ਆਦਮੀ ਬਣ ਬਣ ਥੱਕਿਆ।

ਇਥੇ ਹੀ ਬੱਸ ਨਹੀਂ ਆਪਣੀ ਕਵਿਤਾ ‘ਹਲ ਵਾਹੁਣ ਵਾਲੇ' ਵਿੱਚ ਉਹ ਲਿਖਦਾ ਹੈ—

ਓ ਮੈਂ ਪੜ੍ਹਨ ਪੜ੍ਹਾਣ ਸਾਰਾ ਛੱਡਿਆ,

ਦਿਲ ਮੇਰਾ ਆਣ ਵਾਹੀਆਂ 'ਚ ਖੁੱਭਿਆ।

ਪੈਲੀਆਂ ਮੇਰੀਆਂ ਕਿਤਾਬਾਂ ਹੋਈਆਂ

ਜੱਟ ਬੂਟ ਮੇਰੇ ਯਾਰ ਵੋ।

ਉਹ ਪੰਜਾਬ ਨੂੰ ਸਿਮਰਦਾ ਹੈ, ਪੰਜਾਬੀਅਤ ਨੂੰ ਗਾਉਂਦਾ ਹੈ, ਕਿਰਤੀ ਜੀਵਨ ਦੇ ਗੌਰਵ ਨੂੰ ਉਭਾਰਦਾ ਹੋਇਆ ਖੀਵਾ ਹੋ ਹੋ ਜਾਂਦਾ ਹੈ:-

ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ ਤੇ।

ਏਹ ਬੇਪਰਵਾਹ ਪੰਜਾਬ ਦੇ,

ਮੌਤ ਨੂੰ ਮਖੌਲਾਂ ਕਰਨ

ਪਿਆਰ ਨਾਲ ਏਹ ਕਰਨ ਗੁਲਾਮੀ

ਜਾਨ ਤਕ ਆਪਣੀ ਵਾਰ ਦੇਂਦੇ,

ਪਰ ਟੈਂ ਨਾ ਮੰਨਣ ਕਿਸੇ ਦੀ

ਖਲੋ ਜਾਣ ਡਾਗਾਂ ਮੋਢੇ ਤੇ ਉਲਾਰ ਕੇ।

ਆ ਵੀਰਾ ਰਾਂਝਿਆ

ਆ ਭੈਣੇ ਹੀਰੇ

ਅਸਾਂ ਤੁਧ ਬਿਨ ਸਖਣੇ

ਸਾਨੂੰ ਛੋੜ ਨਾ ਜਾਣਾ।

ਪ੍ਰੋ. ਮੋਹਨ ਸਿੰਘ:-

ਮੋਹਨ ਕਿੰਜ ਬਣਦਾ ਤੂੰ ਸ਼ਾਇਰ

ਜੇਕਰ ਮੈਂ ਨਾ ਮਰਦੀ

ਜਾਂ

ਜੇ ਤੂੰ ਬਹਿ ਵੰਞੇ ਮੇਰੇ ਕੋਲ

ਲੱਖ ਬਹਿਸ਼ਤਾਂ ਦੇਣ ਜੇ ਮੈਨੂੰ

ਛੱਡ ਸੁਟਾਂ ਮੈਂ ਝੋਲ।

ਬਾਵਾ ਬਲਵੰਤ:-

ਪ੍ਰੇਮ ਨੇ ਸਮਝਾਇਆ ਆ ਕੇ

ਜ਼ਿੰਦਗੀ ਦੇ ਰਾਜ ਨੂੰ

— ਤੰਗ ਆਏ ਹੋਏ ਫੁੱਲ ਸਤਾਈਆਂ ਹੋਈਆਂ ਲਗਰਾਂ।

ਮਾਲੀ ਦੀ ਏਹ ਲਾਹ ਦੇਣਗੇ ਦਸਤਾਰ ਕਿਸੇ ਦਿਨ।

ਪੰਜਾਬੀ ਰੋਮਾਂਸਵਾਦੀ ਕਵਿਤਾ ਦੇ ਅੰਤਰਗਤ ਪੰਜਾਬੀ ਕਵੀਆਂ ਨੇ ਬਹੁਤ ਸਾਰੇ ਅਨੁਭਵ ਸਾਂਝੇ ਕੀਤੇ ਹਨ। ਇਸ ਪ੍ਰਵਿਰਤੀ ਤਹਿਤ ਲਿਖੀ ਗਈ ਕਵਿਤਾ ਨੂੰ ਲੋਕਾਂ ਦੁਆਰਾ ਬਹੁਤ ਪਸੰਦ ਕੀਤਾ ਗਿਆ ਪਰ ਇਸ ਦੀਆਂ ਬਹੁਤ ਸਾਰੀਆਂ ਸੀਮਾਵਾਂ ਵੀ ਸਨ। ਇਹ ਕਵੀ ਆਪਣੀਆਂ ਨਿੱਜੀ ਇਛਾਵਾਂ, ਅਕਾਂਖਿਆਵਾਂ, ਕਲਪਨਾਵਾਂ, ਆਦਰਸ਼ਾਂ ਅਤੇ ਚਮ ਖੁਸ਼ੀਆਂ ਵਿੱਚ ਲਿਪਤ ਹੋ ਰਹੇ ਸਨ। ਇਹ ਕਵੀ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਤੋਂ ਨਾਬਰ ਹੋ ਕੇ ਕਾਲਪਨਿਕ ਸੰਸਾਰ ਵਿੱਚ ਜਿਉਂਦੇ ਸਨ। ਇਹਨਾਂ ਰੁਚੀਆਂ ਦੇ ਪ੍ਰਤੀਰੋਧ ਵਜੋਂ ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦਾ ਆਗਾਜ਼ ਹੁੰਦਾ ਹੈ।

### 2.3.2 ਪ੍ਰਗਤੀਵਾਦੀ ਕਾਵਿ ਪ੍ਰਵਿਰਤੀ:-

ਪ੍ਰਗਤੀਵਾਦੀ ਫਲਸਫੇ ਦੇ ਪਿਛੋਕੜ ਵਿੱਚ ਬੇਸ਼ੱਕ ਕਾਰਲ ਮਾਰਕਸ, ਏਂਗਲਜ਼, ਲੈਨਿਨ ਅਤੇ ਮਾਓ ਦੁਆਰਾ ਸਮਾਜਿਕ ਬਣਤਰ ਨੂੰ ਸਮਝਣ ਲਈ ਨਿਰਧਾਰਿਤ ਕੀਤੇ ਗਏ ਸਿਧਾਂਤ ਹਨ। 1917 ਵਿੱਚ ਰੂਸ ਵਿੱਚ ਹੋਈ ਕ੍ਰਾਂਤੀ ਤੋਂ ਬਾਅਦ ਵਿਸ਼ਵ ਭਰ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਦਾ ਪ੍ਰਭਾਵ ਵਧਣਾ ਸ਼ੁਰੂ ਹੁੰਦਾ ਹੈ। ਪਹਿਲੇ ਵਿਸ਼ਵ ਯੁੱਧ ਦੇ ਨਤੀਜੇ ਵਜੋਂ ਦੁਨੀਆਂ ਭਰ ਵਿੱਚ ਪੈਦਾ ਹੋਈ ਅਰਥਿਕ ਮੰਦੀ ਨੇ ਇਸ ਵਿਚਾਰਧਾਰਾ ਦੇ ਵਿਕਾਸ ਲਈ ਮਹੌਲ ਪੈਦਾ ਕੀਤਾ। 1935 ਈਸਵੀ ਵਿੱਚ ਵਿਸ਼ਵ ਭਰ ਦੇ ਲੇਖਕਾਂ, ਬੁੱਧੀਜੀਵੀਆਂ ਅਤੇ ਰਾਜਸੀ ਤੌਰ ਤੇ ਚੇਤਨ ਵਿਅਕਤੀਆਂ ਨੇ ਇਕ ਸੰਮੇਲਨ ਕੀਤਾ ਜਿਸ ਵਿੱਚ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ। ਇਸ ਸੰਮੇਲਨ ਵਿੱਚ ਦੁਨੀਆਂ ਭਰ ਦੇ ਪ੍ਰਗਤੀਵਾਦੀ/ ਅਗਾਂਹਵਧੂ ਲੇਖਕਾਂ ਨੇ ਮਤਾ ਪਾਸ ਕੀਤਾ ਕਿ ਹੁਣ ਉਹ ਰੱਬ ਰਹੱਸਾਂ, ਰੋਮਾਂਸ ਜਾਂ ਆਦਰਸ਼ਵਾਦੀ ਵਿਸ਼ਿਆਂ ਤੇ ਲਿਖਣ ਦੀ ਥਾਂ ਤੇ ਗਰੀਬੀ, ਭੁੱਖਮਰੀ, ਅਣਪੜ੍ਹਤਾ, ਸੋਸ਼ਣ ਅਤੇ ਸਰਮਾਏਦਾਰੀ ਲੁੱਟ ਖਸੁੱਟ ਦੇ ਵਿਰੋਧ ਵਿੱਚ ਰਚਨਾਵਾਂ ਲਿਖਣ। ਇਸ ਸੰਮੇਲਨ ਵਿੱਚ ਪਾਸ ਹੋਏ ਮਤੇ ਤੋਂ ਪ੍ਰਭਾਵਿਤ ਹੋ ਕੇ ਭਾਰਤ ਵਿੱਚ 1936 ਵਿੱਚ ਮੁਨਸ਼ੀ ਪ੍ਰੇਮਚੰਦ ਦੀ ਅਗਵਾਈ ਵਿੱਚ ਪ੍ਰਗਤੀਵਾਦੀ ਲੇਖਕਾਂ ਦਾ ਲਖਨਊ ਵਿੱਚ ਸੰਮੇਲਨ ਕੀਤਾ ਗਿਆ ਜਿਸ ਵਿੱਚ ਪ੍ਰਗਤੀਵਾਦੀ ਲੇਖਕ ਸੰਘ ਦੀ ਸਥਾਪਨਾ ਕੀਤੀ ਗਈ ਅਤੇ ਉਸੇ ਵਿਚਾਰਧਾਰਕ ਪ੍ਰਤੀਬੱਧਤਾ ਨੂੰ ਦੁਹਰਾਇਆ ਗਿਆ। ਪੰਜਾਬੀ ਲੇਖਕਾਂ ਵਿੱਚੋਂ ਸੰਤ ਸਿੰਘ  ਸੇਖੋਂ ਅਤੇ ਪ੍ਰੋਫੈਸਰ ਮੋਹਨ ਸਿੰਘ ਪ੍ਰਗਤੀਵਾਦੀ ਵਿਚਾਰਧਾਰਾ ਦੇ ਅਗਵਾਨੂ ਬਣੇ। ਇਹਨਾਂ ਸਾਹਿਤਕਾਰਾਂ ਨੇ ਰੋਮਾਂਟਿਕ ਰੁਚੀਆਂ ਨੂੰ ਛੱਡ ਕੇ ਚੇਤਨ ਤੌਰ ਤੇ ਆਪਣੀਆਂ ਰਚਨਾਵਾਂ ਵਿੱਚ ਸਰਮਾਏਦਾਰੀ ਪ੍ਰਬੰਧ ਦੁਆਰਾ ਪੈਦਾ ਕੀਤੀਆਂ ਅਲਾਮਤਾਂ ਦਾ ਵਿਰੋਧ ਕਰਨਾ ਸ਼ੁਰੂ ਕੀਤਾ ਅਤੇ ਜੀਵਨ ਦੇ ਬੁਨਿਆਦੀ ਮਸਲਿਆਂ ਨੂੰ ਸਾਹਿਤਕ ਰਚਨਾਵਾਂ ਦਾ ਹਿੱਸਾ ਬਨਾਉਣ ਲੱਗੇ । ਇਹਨਾਂ ਤੋਂ ਪ੍ਰਭਾਵਿਤ ਹੋ ਕੇ ਹੋਰ ਲੇਖਕ ਵੀ ਲੋਕ ਮਸਲਿਆਂ ਉਪਰ ਕਲਮਕਾਰੀ ਕਰਨ ਲੱਗੇ। ਦੇਖਦੇ ਹੀ ਦੇਖਦੇ ਪ੍ਰਗਤੀਵਾਦੀ ਵਿਚਾਰਧਾਰਾ ਇਕ ਲਹਿਰ ਦੇ ਰੂਪ ਸਥਾਪਿਤ ਹੋ ਗਈ। ਹੁਣ ਕਵਿਤਾ ਜਾਂ ਹੋਰ ਵਿਧਾਵਾਂ ਵਿੱਚ ਹੁਸਨ ਇਸ਼ਕ ਦੀਆਂ ਗੱਲਾਂ ਕਰਨ ਦੀ ਥਾਂ ਲੇਖਕ ਲੋਕ ਚੇਤਨਾ ਨੂੰ ਵਿਗਿਆਨਕ ਪੁੱਠ ਦੇਣ ਲੱਗ ਪਏ। ਨਾਬਰ ਖਾਸੇ ਵਾਲਾ ਪੰਜਾਬੀ ਸੁਭਾਅ ਇਸ ਤੋਂ ਬਹੁਤ ਪ੍ਰਭਾਵਿਤ ਹੋਇਆ ਅਤੇ ਸਾਹਿਤ ਅਤੇ ਖਾਸਕਰ ਕਵਿਤਾ ਵਿੱਚ ਪ੍ਰਗਤੀਵਾਦੀ ਵਿਚਾਰਧਾਰਾ ਪੱਕੇ ਪੈਰੀਂ ਹੋ ਗਈ।

ਡਾ. ਜਸਵਿੰਦਰ ਦੇ ਅਨੁਸਾਰ, "ਸੰਸਾਰ ਸਾਹਿਤ ਵਿਚ ਮਾਰਕਸਵਾਦੀ ਵਿਚਾਰਧਾਰਾ ਦੀ ਚੜ੍ਹਤ ਅਤੇ ਕਮਿਊਨਿਸਟ ਲਹਿਰ ਦੇ ਉਭਾਰ ਨੇ ਭਾਰਤ ਸਮੇਤ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਲਹਿਰ ਨੂੰ ਜਨਮ ਦਿੱਤਾ। ਜਿਸ ਨੇ ਪੂੰਜੀਵਾਦੀ ਸੰਸਾਰ ਅਤੇ ਇਸ ਵਿਚ ਉੱਭਰ ਰਹੀ ਚੇਤਨਾ ਨੂੰ ਕਿਰਤੀ ਲੋਕਾਈ ਤੇ ਇਨਕਲਾਬੀ ਪਰਿਵਰਤਨਾਂ ਵੱਲ ਮੋੜਿਆ। ਜਮਾਤੀ ਸਮਾਜ, ਜਮਾਤੀ ਸੰਘਰਸ਼, ਲੋਕਮੁਖੀ ਵਿਚਾਰਧਾਰਾ, ਇਨਕਲਾਬ, ਸਾਮਰਾਜੀ ਲੁੱਟ, ਅਮਨ, ਕਿਰਤ ਦੇ ਗੌਰਵ ਤੇ ਮਨੁੱਖੀ ਮੁਕਤੀ ਦੇ ਨਵੇਂ ਸੰਕਲਪ ਸਾਹਿਤਕ ਸੰਵੇਦਨਾ ਦਾ ਕੇਂਦਰੀ ਸਰੋਕਾਰ ਬਣੇ। ਬੁਰਜੂਆ ਵਿਚਾਰਧਾਰਾ, ਪੂੰਜੀਵਾਦੀ ਅਰਥਚਾਰਾ ਤੇ ਅਮੀਰ ਸ਼੍ਰੇਣੀ ਦਾ ਲੋਟੂ ਰਾਜ ਤਿੱਖੇ ਹਮਲਿਆਂ ਦਾ ਸ਼ਿਕਾਰ ਹੋਏ। ਇਸ ਦੌਰ ਦੀ ਪੰਜਾਬੀ ਕਵਿਤਾ ਪ੍ਰਗਤੀਵਾਦੀ ਵਿਚਾਰਧਾਰਾ ਦੇ ਖਾਸੇ ਮੁਤਾਬਕ ਨਵੇਂ ਵਿਸ਼ੇ, ਵੱਖਰੇ ਦ੍ਰਿਸ਼ਟੀਕੋਣ ਅਤੇ ਲੋਕ ਬੋਲੀ ਦਾ ਨਵਾਂ ਮੁਹਾਵਰਾ ਸਿਰਜਣ ਪ੍ਰਤਿ ਵਿਸ਼ੇਸ਼ ਤਤਪਰਤਾ ਦਰਸਾਉਂਦੀ ਹੈ, ਭਾਵੇਂ ਪੰਜਾਬੀ ਦੀ ਬਹੁਤੀ ਪ੍ਰਗਤੀਵਾਦੀ ਕਵਿਤਾ ਮੂਲ ਸਾਰ ਪੱਖੋਂ ਪ੍ਰਗਤੀਵਾਦੀ ਘੱਟ, ਸ਼ਬਦਾਵਲੀ ਤੇ ਵਿਚਾਰਾਂ ਪੱਖੋਂ ਹੀ ਪ੍ਰਗਤੀਵਾਦੀ ਹੋ ਸਕੀ ਅਤੇ ਛੇਵੇਂ ਦਹਾਕੇ ਦੇ ਨੇੜੇ ਤੇੜੇ ਇਸ ਵਿਚ ਵਿਸ਼ਾਮੂਲਕ ਦੁਹਰਾਉ, ਦ੍ਰਿਸ਼ਟੀਮੂਲਕ ਖੜੋਤ, ਸੰਬੋਧਨਮੂਲਕ ਨੀਰਸਤਾ ਅਤੇ ਕਾਵਿਕ ਜੁਗਤਾਂ ਪੱਖੋਂ ਪਰੰਪਰਾਈ ਬਿਰਤੀ ਭਾਰੂ ਹੋਣ ਲਗ ਪੈਂਦੀ ਹੈ। ਨਤੀਜੇ ਵਜੋਂ ਇਸ ਕਵਿਤਾ ਦੇ ਵਿਰੋਧ ਵਿਚ ਨਵ-ਪ੍ਰਗਤੀਵਾਦੀ, ਨਕਸਲਬਾੜੀ ਪ੍ਰਯੋਗਸ਼ੀਲ ਅਤੇ ਤਥਾਕਥਿਤ ਆਧੁਨਿਕਵਾਦੀ ਪ੍ਰਵਿਰਤੀਆਂ ਸਤਵੇਂ ਅਠਵੇਂ ਦਹਾਕੇ ਵਿਚ ਉਭਰਦੀਆਂ ਹਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪ੍ਰਗਤੀਵਾਦੀ ਕਵੀ ਕੋਈ ਨਵੇਂ ਪੈਦਾ ਹੋਏ ਕਵੀ ਨਹੀਂ ਸਨ। ਇਹ ਉਹ ਹੀ ਕਵੀ ਸਨ ਜਿਹੜੇ ਰੋਮਾਂਸਵਾਦੀ ਕਵਿਤਾ ਦੇ ਤਹਿਤ ਰਚਨਾਵਾਂ ਰਚਦੇ ਰਹੇ ਸਨ। ਬਦਲ ਰਹੀਆਂ ਪਰਸਥਿਤੀਆਂ ਦੇ ਅਨੁਕੂਲ ਉਹਨਾਂ ਨੇ ਆਪਣੇ ਆਪ ਨੂੰ ਬਦਲ ਕੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਲੜ ਲਾ ਲਿਆ ਅਤੇ ਇਸ ਵਿਚਾਰਧਾਰਕ ਪ੍ਰਤਿਬੱਧਤਾ ਵਾਲੀ ਕਵਿਤਾ ਰਚਣ ਲੱਗ ਪਏ। ਪ੍ਰਗਤੀਵਾਦੀ ਕਾਵਿ ਪ੍ਰਵਿਰਤੀ ਦੇ ਅੰਤਰਗਤ ਬਹੁਤ ਸਾਰੇ ਕਵੀ ਕਵਿਤਾ ਲਿਖਦੇ ਰਹੇ ਹਨ ਪਰ ਵਧੇਰੇ ਪ੍ਰਮੁਖਤਾ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਪ੍ਰੀਤਮ ਸਿੰਘ ਸਫ਼ੀਰ, ਸੰਤੋਖ ਸਿੰਘ ਧੀਰ, ਗੁਰਚਰਨ ਰਾਮਪੁਰੀ, ਡਾ. ਜਗਤਾਰ ਆਦਿ ਕਵੀਆਂ ਨੂੰ ਮਿਲੀ ਹੈ। ਇਸ ਕਵਿਤਾ ਦਾ ਮੋਢੀ ਕਵੀ ਪ੍ਰੋ. ਮੋਹਨ ਸਿੰਘ ਮੰਨਿਆ ਜਾਂਦਾ ਹੈ। ਪੇਸ਼ ਹਨ ਉਸਦੀ ਪ੍ਰਗਤੀਵਾਦੀ ਕਵਿਤਾ ਦੇ ਕੁਝ ਨਮੂਨੇ:-

ਪੈ ਕੁਠਾਲੀ ਇਸ਼ਕ ਵਾਲੀ ਤੜਪ ਬਦਲੀ ਵੇਗ ਵਿੱਚ,

ਹੌਲੀ ਹੌਲੀ ਬਣ ਗਿਆ,

ਮਿੱਤਰਾਂ ਦਾ ਗ਼ਮ, ਲੋਕਾਂ ਦਾ ਗ਼ਮ।

ਇਸ ਕਾਵਿ ਪੁਸਤਕ ਤੋਂ ਬਾਅਦ ਉਸ ਨੇ ਕੱਚ ਸੱਚ (1950) ਆਵਾਜ਼ਾਂ (1954) ਵੱਡਾ ਵੇਲਾ (1958) ਜੰਦਰੇ (1964) ਜੰਮੀਰ (1968) ਤੇ ਬੂਹੇ (1977) ਆਦਿ ਕਾਵਿ-ਪੁਸਤਕਾਂ ਵਿੱਚ ਪ੍ਰੋ. ਮੋਹਨ ਸਿੰਘ ਦੇ ਪ੍ਰਗਤੀਵਾਦੀ ਵਿਚਾਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ।

ਮੋਹਨ ਸਿੰਘ ਨੇ ਆਪਣੀ ਕਵਿਤਾ ਵਿੱਚ ਮਾਰਕਸਵਾਦੀ ਵਿਚਾਰਧਾਰਾ ਨੂੰ ਬੜੇ ਸਹਿਜ ਢੰਗ ਨਾਲ ਪੇਸ਼ ਕੀਤਾ ਹੈ। ਜਿੱਥੇ ਅੰਮ੍ਰਿਤਾ ਪ੍ਰੀਤਮ  ਨਾਰੀਵਾਦੀ ਨਜ਼ਰੀਏ ਤੋਂ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪੇਸ਼ ਕਰਦੀ ਹੈ ਅਤੇ ਬਾਵਾ ਬਲਵੰਤ ਦੇ ਪ੍ਰਗਤੀਵਾਦ ਵਿੱਚ ਦਾਰਸ਼ਨਿਕਤਾ ਦਾ  ਅੰਸ਼ ਭਾਰੂ ਹੈ, ਉੱਥੇ ਮੋਹਨ ਸਿੰਘ ਲੋਕਾਂ ਦੇ ਸਮਝ ਆਉਣ ਵਾਲੀ ਭਾਸ਼ਾ ਵਿੱਚ ਜਮਾਤੀ ਸੰਘਰਸ਼ ਨੂੰ ਪੇਸ਼ ਕਰਦਾ ਹੈ:-

ਦੋ ਟੋਟਿਆਂ ਵਿੱਚ ਭੋਂ ਟੁੱਟੀ,

ਇੱਕ ਮਹਿਲਾਂ ਦਾ ਇੱਕ ਲੋਕਾਂ ਦਾ।

ਦੋ ਧੜਿਆਂ ਵਿੱਚ ਖਲਕਤ ਵੰਡੀ,

ਇੱਕ ਲੋਕਾਂ ਦਾ ਇੱਕ ਜੋਕਾਂ ਦਾ।

ਉਹ ਗ਼ਰੀਬ ਕ੍ਰਿਤੀ ਲੋਕਾਂ ਦੇ ਹੱਕ ਦੀ ਗੱਲ ਕਰਦਾ ਹੈ। ਉਹ ਮਜ਼ਦੂਰ ਜਮਾਤ ਨੂੰ ਉਹਨਾਂ ਦੇ ਸੰਘਰਸ਼ ਅਤੇ ਉਦੇਸ਼ ਪ੍ਰਤੀ ਇਸ ਪ੍ਰਕਾਰ ਜਾਣੂੰ ਕਰਵਾਉਂਦਾ ਹੈ:-

ਜੈ ਜੈ ਕਾਰ ਕਿਰਤ ਦੀ ਹੋਵੇ

ਜ਼ੁਲਮ ਦੇ ਲੱਗੇ ਕੰਡ ਓ ਯਾਰ।

ਪਾਟੀ ਕਿਰਤ ਨੇ ਇੱਕ ਮੁੱਠ ਹੋਣਾ,

ਬਣ ਜਾਣਾ ਇੱਕ ਝੱਖੜਾ ਵੇ ਹੋ।

ਘੋੜੀ ਤੇਰੀ ਦੇ ਉੱਡਣੇ ਘੁੰਗਰੂ,

ਗੋਰੀ ਦਾ ਚੂੜਾ ਰੱਤੜਾ ਵੇ ਹੋ।

ਤੀਲਿਆਂ ਰਲ ਕੇ ਬਹੁਕਰ ਬਣਨਾ,

ਹੂੰਝ ਦੇਣਾ ਕੱਖ ਕੰਡੜਾ ਵੇ ਹੋ।

(ਪ੍ਰੋ. ਮੋਹਨ ਸਿੰਘ )

ਇਸ ਲਹਿਰ ਦੀ ਦੂਸਰੀ ਮਹੱਤਵਪੂਰਣ ਕਵਿਤਰੀ ਅੰਮ੍ਰਿਤਾ ਪ੍ਰੀਤਮ ਹੈ। ਇਸ ਵਿਚਾਰਧਾਰਾ ਦੇ ਅੰਤਰਗਤ ਉਸ ਨੇ ਨਾਰੀ ਦੇ ਦੁੱਖਾਂ ਦਰਦਾਂ ਨੂੰ ਨਾਰੀ ਦੇ ਨਜ਼ਰੀਏ ਤੋਂ ਪ੍ਰਸਤੁਤ ਕੀਤਾ ਹੈ। ਉਸ ਨੇ ਪੰਜਾਬੀ ਕਵਿਤਾ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਦੇ ਨਵੇਂ ਪਾਸਾਰ ਨਿਰੋਲ ਨਾਰੀ ਸ਼ਸ਼ਕਤੀ ਕਰਨ ਦੇ ਪ੍ਰਸੰਗ ਵਿੱਚ ਕਈ ਕਾਵਿ ਸੰਗ੍ਰਹਿ ਦਿੱਤੇ ਹਨ।

'ਅੰਮ੍ਰਿਤ ਲਹਿਰਾਂ (1936), 'ਜੀਉਂਦਾ ਜੀਵਨ' (1939), 'ਤ੍ਰੇਲ ਧੋਤੇ ਫੁੱਲ' (1941), 'ਓ ਗੀਤਾਂ ਵਾਲਿਆ' (1942), 'ਬੱਦਲਾਂ ਦੇ ਪੱਲੇ ਵਿਚ' (1942), 'ਸੰਝ ਦੀ ਲਾਲੀ' (1943), 'ਲੋਕ ਪੀੜ (1943), 'ਪੱਥਰ ਗੀਟੇ' (1946) ਉਸ ਦੀਆਂ ਵੰਡ ਤੋਂ ਪਹਿਲਾਂ ਦੀਆਂ ਰਚਨਾਵਾਂ ਹਨ। 1947 ਤੋਂ ਪਿਛੋਂ 'ਲੰਮੀਆਂ ਵਾਟਾਂ" (1949), 'ਮੈਂ ਤਵਾਰੀਖ ਹਾਂ ਹਿੰਦ ਦੀ (1949), 'ਸਰਘੀ ਵੇਲਾ' (1951), 'ਸੁਨੇਹੜੇ" (1955), 'ਅਸ਼ੋਕਾ ਚੇਤੀ' (1957), 'ਕਸਤੂਰੀ' 91959), 'ਨਾਗਮਣੀ' (1964), 'ਕਾਗਜ਼ ਤੇ ਕੈਨਵਸ' (1970), ਆਦਿ ਕਾਵਿ ਸੰਗ੍ਰਹਿ ਛਪ ਚੁਕੇ ਹਨ । ਪੰਜਾਬੀ ਮਾਸਕ ਪੱਤਰ 'ਨਾਗਮਣੀ' ਅੰਮ੍ਰਿਤਾ ਇਮਰੋਜ਼ ਤਿੰਨ ਦਹਾਕਿਆਂ ਤੱਕ ਕੱਢਦੇ ਰਹੇ ਸਨ। ਕਵਿਤਾ ਤੋਂ ਇਲਾਵਾ ਅੰਮ੍ਰਿਤਾ ਪ੍ਰੀਤਮ ਨੇ ਬਹੁਤ ਸਾਰੇ ਕਹਾਣੀ ਸੰਗ੍ਰਹਿ, ਨਾਵਲ, ਲੋਕ ਗੀਤਾਂ ਦੇ ਸੰਗ੍ਰਹਿ ਤੇ ਵਿਭਿੰਨ ਵਿਸ਼ਿਆਂ ਨਾਲ ਸਬੰਧਿਤ ਪੁਸਤਕਾਂ ਦੀ ਸੰਪਾਦਨਾ ਵੀ ਕੀਤੀ ਹੈ। ਅੰਮ੍ਰਿਤਾ ਪ੍ਰੀਤਮ ਦੀ ਵਿਚਕਾਰਲੇ ਦੌਰ ਦੀ ਕਾਵਿ ਸਿਰਜਣਾ ਵਿਚ ਔਰਤ ਦੀ ਸਮਾਜਿਕ ਬੇਹੁਰਮਤੀ, ਕਿਰਤੀ ਸ਼੍ਰੇਣੀ ਦੀ ਅਮਾਨਵੀ ਲੁੱਟ, ਪਿਆਰ ਦੀ ਅਪੂਰਤੀ ਅਤੇ ਲੋਚਾ, ਸਰਮਾਇਦਾਰ ਸ਼੍ਰੇਣੀ ਦੇ ਜ਼ੁਲਮ, ਦੰਭ ਤੇ ਵਿਭਚਾਰ ਵਾਲੇ ਵਿਸ਼ੇ ਪ੍ਰਮੁਖ ਰਹੇ ਹਨ। ਇਸ ਸਮੇਂ ਅੰਮ੍ਰਿਤਾ ਪ੍ਰੀਤਮ ਪ੍ਰਗਤੀਵਾਦੀ ਕਾਵਿ ਧਾਰਾ ਨਾਲ ਨੇੜਲਾ ਅਨੁਭਵ ਤੇ ਲਗਾਉ ਰਖਦੀ ਸੀ। ਇਸੇ ਲਈ ਉਸਦਾ ਕਾਵਿ ਪ੍ਰਵਚਨ ਲੋਕ ਚੇਤਨਾ ਨੂੰ ਹਲੂਨਣ ਦੀ ਕੁਵੱਤ ਰਖਦਾ ਹੈ:-

ਅੰਨ ਦਾਤਾ! ਮੈਂ ਚੰਮ ਦੀ ਗੁੱਡੀ,

ਖੇਡ ਲੈ ਖਿਡਾ ਲੈ

ਲਹੂ ਦਾ ਪਿਆਲਾ,

ਪੀ ਲੈ ਪਿਲਾ ਲੈ।

ਇਸੇ ਤਰ੍ਹਾਂ ਦੇਸ਼ ਵੰਡ ਸਮੇਂ ਔਰਤ ਜਾਤੀ ਉਪਰ ਹੋਏ ਜੁਲਮੋ ਤਸ਼ੱਦਤ ਨੂੰ ਉਸ ਨੇ ਬਹੁਤ ਹੀ ਭਾਵੁਕ ਅਤੇ ਯਥਾਰਥਕ ਰੂਪ ਵਿੱਚ ਪੇਸ਼ ਕੀਤਾ ਹੈ:-

ਅੱਜ ਆਖਾਂ ਵਾਰਿਸ ਸ਼ਾਹ ਨੂੰ

ਕਿਤੋਂ ਕਬਰਾਂ ਵਿੱਚੋਂ ਬੋਲ

ਤੇ ਅੱਜ ਕਿਤਾਬ-ਏ-ਇਸ਼ਕ ਦਾ

ਕੋਈ ਅਗਲਾ ਵਰਕਾ ਫੋਲ।

ਇਕ ਰੋਈ ਸੀ ਧੀ ਪੰਜਾਬ ਦੀ

ਤੂੰ ਲਿਖ ਲਿਖ ਮਾਰੈ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ

ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।

ਅੰਮ੍ਰਿਤਾ ਪ੍ਰੀਤਮ ਦਾ ਪ੍ਰਗਤੀਵਾਦ ਮਜ਼ਦੂਰ ਜਮਾਤ ਦੇ ਜੀਵਨ ਸਰੋਕਾਰਾਂ ਨਾਲ ਵੀ ਨੇੜੇ ਤੋਂ ਜੁੜਿਆ ਹੋਇਆ ਹੈ। ਉਹ ਇਕ ਪਾਸੇ ਮਜ਼ਦੂਰ ਜਮਾਤ ਨੂੰ ਉਹਨਾਂ ਦੀ ਮੰਦੀ ਆਰਥਿਕ ਸਥਿਤੀ ਤੋਂ ਜਾਣੂ ਕਰਵਾਉਂਦੀ ਹੈ; ਦੂਸਰੇ ਪਾਸੇ ਉਹਨਾਂ ਦੇ ਹੱਕਾਂ ਪ੍ਰਤੀ ਵੀ ਜਾਗਰਿਤ ਕਰਦੀ ਹੈ:-

ਚੱਪਾ ਕੁ ਚੰਨ ਮੁੱਠੀ ਕੁ ਤਾਰੇ

ਸਾਡਾ ਮੱਲ ਬੈਠੇ ਅਸਮਾਨ।

ਕਿੱਕਰਾ ਵੇ ਕੰਡਿਆਲਿਆ!

ਉੱਤੋਂ ਚੜ੍ਹ ਗਿਆ ਪੋਹ।

ਹੱਕ ਜਿਨ੍ਹਾਂ ਦੇ ਆਪਣੇ

ਆਪ ਲੈਣਗੇ ਖੋਹ।

(ਅੰਮ੍ਰਿਤਾ ਪ੍ਰੀਤਮ)

ਬਾਵਾ ਬਲਵੰਤ ਪ੍ਰਗਤੀਵਾਦੀ ਕਵਿਤਾ ਦਾ ਇਕ ਹੋਰ ਸਮਰੱਥ ਸ਼ਾਇਰ ਹੈ। ਉਸਨੇ ਪ੍ਰਗਤੀਵਾਦੀ ਪੰਜਾਬੀ ਕਵਿਤਾ ਨੂੰ ਇਕ ਨਵੀਂ ਉਚਾਈ ਦਿੱਤੀ ਹੈ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ 'ਬਾਵਾ ਬਲਵੰਤ ਪੰਜਾਬੀ ਪ੍ਰਗਤੀਵਾਦੀ ਕਵਿਤਾ ਦਾ ਸਿਰਮੌਰ ਸ਼ਾਇਰ ਹੈ। ਉਹ ਇਕੱਲਾ ਪੰਜਾਬੀ ਪ੍ਰਗਤੀਵਾਦੀ ਸ਼ਾਇਰ ਹੈ ਜਿਸ ਨੇ ਪ੍ਰਗਤੀਵਾਦੀ ਵਿਚਾਰਧਾਰਾ ਦੇ ਸਿਧਾਂਤਕ, ਦਾਰਸ਼ਨਿਕ ਤੇ ਵਿਹਾਰਕ ਪਹਿਲੂਆਂ ਨੂੰ ਉਚਪਾਏ ਦੀ ਸੂਝ ਅਤੇ ਸਮੱਰਥਾ ਨਾਲ ਪੇਸ਼ ਕੀਤਾ। ਬਾਵਾ ਬਲਵੰਤ ਦੇ ਮੌਲਿਕ ਚਿੰਤਨ ਵਿਚ ਇਨਕਲਾਬੀ ਵਿਚਾਰਧਾਰਾ ਰਚੀ ਮਿਚੀ ਹੋਈ ਹੈ। ਉਸ ਦੀ ਕਵਿਤਾ

ਵਿਚ ਇਨਕਲਾਬ ਲਈ ਤੜਪ, ਕਾਬਜ ਜਮਾਤ ਲਈ ਘੋਰ ਨਫ਼ਰਤ ਤੇ ਰੋਹ, ਕਿਰਤੀ ਲੋਕਾਈ ਲਈ ਸੱਚੀ ਹਮਦਰਦੀ, ਵਿਹਾਰਕ ਸੂਝ ਅਤੇ ਸੰਗਰਾਮ ਲਈ ਉਤਸਾਹ, ਪਿਆਰ ਲਈ ਉਮਾਹ ਅਤੇ ਸੱਚੀ ਸੁਹਿਰਦਤਾ ਹਾਜ਼ਰ ਹੈ। ਪਿਆਰ ਦੀ ਭਾਵਨਾ ਇਨਕਲਾਬੀ ਚੇਤਨਾ ਦਾ ਲਾਜ਼ਮੀ ਤੇ ਸਹਿਜ ਅੰਗ ਹੈ। ਇਹਨਾਂ ਵਿਚ ਕੋਈ ਅੰਤਰ-ਵਿਰੋਧ ਨਹੀਂ। ਇਕ ਉਚੇਰੀ ਇਕਸੁਰਤਾ ਹੈ।'(ਉਹੀ ਰਚਨਾ, ਪੰਨਾ-45) ਉਨ੍ਹਾਂ ਦੀਆਂ ਕਾਵਿ ਪੁਸਤਕਾਂ ਮਹਾਂ-ਕਾਵਿ (1941), ਅਮਰ ਗੀਤ (1942).

ਜਵਾਲਾਮੁਖੀ (1943), ਬੰਦਰਗਾਹ (1951), ਸੁਗੰਧ ਸਮੀਰ (1959) ਛਪੀਆਂ ਹਨ। ਕਵਿਤਾ

ਤੋਂ ਇਲਾਵਾ ਬਾਵਾ ਬਲਵੰਤ ਨੇ ਵਾਰਤਕ ਰਚਨਾ ਵੀ ਕੀਤੀ ਹੈ।

ਬਾਵਾ ਬਲਵੰਤ ਪ੍ਰਗਤੀਵਾਦੀ ਵਿਚਾਰਧਾਰਾ ਨੂੰ ਪ੍ਰਨਾਇਆ ਬੌਧਿਕ ਕਵੀ ਹੈ ਜਿਸ ਦੀ ਕਵਿਤਾ ਵਿਚ ਪਰੰਪਰਿਕ ਭਾਰਤੀ ਦਰਸ਼ਨ ਨੂੰ ਵੀ ਆਤਮ ਸਾਤ ਕੀਤਾ ਗਿਆ ਹੈ ਅਤੇ ਉਸ ਨਾਲ ਸੰਵਾਦ ਵੀ ਰਚਾਇਆ ਗਿਆ ਹੈ। ਉਹ ਅਧਿਆਤਮਿਕ ਵਿਸ਼ਿਆਂ ਨੂੰ ਨਵੇਂ ਗਿਆਨ ਦੀ ਰੌਸ਼ਨੀ ਵਿਚ ਪੇਸ਼ ਕਰਦਾ ਹੈ। ਵਿਦਰੋਹੀ ਸੁਰ ਉਸਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ:-

-ਲਤਾੜ ਅੰਬਰਾਂ ਨੂੰ ਬਹਾਦਰ ਜਵਾਨਾ

ਬਦਲ ਇਹ ਸਿਲਸਿਲਾ ਨਵਾਂ ਤੇ ਪੁਰਾਣਾ

ਤੇਰੇ ਸਾਹਮਣੇ ਦੀ ਸੁਨਹਿਰੀ ਅਤੰਬਰ

ਮਸੰਦਾਂ ਦੇ ਤਾਜਾਂ ਦੀ ਮਿਟੀ ਉਡਾ ਦੇ

ਜਗਾ ਦੇ ਹਿਮਾਲਾ ਦੀ ਸਰਦੀ ਜਗਾ ਦੇ।

ਪ੍ਰੇਮ ਨੇ ਸਮਝਾਇਆ ਆ ਕੇ ਜਿੰਦਗੀ ਦੇ ਰਾਜ ਨੂੰ

ਤੰਗ ਆਏ ਹੋਏ ਫੁਲ ਸਤਾਈਆਂ ਹੋਈਆਂ ਲਗਰਾਂ ਮਾਲੀ ਦੀ ਏਹ ਲਾਹ ਦੇਣਗੇ ਦਸਤਾਰ ਕਿਸੇ ਦਿਨ

ਬਾਵਾ ਬਲਵੰਤ ਦੀ ਇਨਕਲਾਬੀ ਚੇਤਨਾ ਨੂੰ ਉਸਦੀਆਂ ਕਵਿਤਾਵਾਂ 'ਬੰਦਰਗਾਹ', 'ਫੇਰ ਪਾਰੋ ਨੇ ਕਿਹਾ, 'ਸਮਾਜਵਾਦ', 'ਬਾਗੀ', 'ਅਨੋਖਾ ਖੁਦਾ ਉਚ ਪਾਏ ਦਾਰਸ਼ਨਿਕ ਤੇ ਵਿਚਾਰਧਾਰਕ ਪ੍ਰਵਚਨ ਉਚਾਰਦੀਆਂ ਹਨ।

ਪ੍ਰੀਤਮ ਸਿੰਘ ਸਫ਼ੀਰ ਪ੍ਰਗਤੀਵਾਦੀ ਪੰਜਾਬੀ ਕਵਿਤਾ ਦਾ ਇਕ ਹੋਰ ਵਿਲੱਖਣ ਹਸਤਾਖਰ ਹੈ। ਉਸਦੀ ਕਵਿਤਾ ਮੂਲ ਮਾਨਵੀ ਸਰੋਕਾਰਾਂ ਅਤੇ ਸਮਾਜਿਕ ਆਰਥਿਕ ਰਾਜਨੀਤਿਕ ਵਿਸ਼ਿਆਂ ਨੂੰ ਮਹੀਨ ਤੇ ਤਰਕਸ਼ੀਲ ਸੂਝ ਨਾਲ ਪੇਸ਼

ਕਰਦੀ ਹੈ। ਕੱਤਕ ਕੂੰਜਾਂ, ਪਾਪ ਦੇ ਸੋਹਿਲੇ ਅਤੇ ਰਕਤ ਬੂੰਦਾਂ ਉਸਦੇ ਪ੍ਰਮੁੱਖ ਕਾਵਿ ਸੰਗ੍ਰਹਿ ਹਨ। ਉਹ ਸਧਾਰਣ ਮਨੁੱਖ ਦੀ ਮੁਕਤੀ, ਆਜ਼ਾਦੀ ਤੇ ਬਰਾਬਰੀ ਦੇ ਨਵੇਂ ਦਿਸਹੱਦਿਆਂ ਦੀ ਤਲਾਸ਼ ਕਰਦਾ ਹੈ :-

ਆਸ਼ਾ ਭਰੀ ਜੁਗਗਰਦੀ ਆਵੇ,

ਝੁਲਣ ਉਹ ਹਵਾਵਾਂ।

ਮਿਹਨਤ ਦੀ ਗਰਮੀ ਸਾਂਝੀ ਹੋਵੇ,

ਸਾਂਝੀਆਂ ਦਿਲ ਦੀਆਂ ਛਾਵਾਂ ।...

ਟੁੱਟ ਜਾਵਣ ਕੈਦਾਂ ਹਦ ਬੰਦੀਆਂ,

ਵੰਡ ਰਹੇ ਨਾ ਕਾਣੀ।

ਹਰ ਇਕ ਬੰਦਾ ਸ਼ਾਹ ਦੁਨੀਆਂ ਦਾ,

ਹਰ ਇਕ ਤੀਵੀਂ ਰਾਣੀ।

ਇਸ ਦੌਰ ਵਿੱਚ ਕੁਝ ਅਜਿਹੇ ਕਵੀ ਵੀ ਰਚਨਾ ਕਰ ਰਹੇ ਸਨ ਜਿਹੜੇ ਵਿਚਾਰਧਾਰਕ ਤੌਰ ਤੇ ਭਾਵੇਂ ਪ੍ਰਗਤੀਵਾਦ ਨਾਲ ਨਹੀਂ ਜੁੜੇ ਹੋਏ ਸਨ ਪਰ ਉਹਨਾਂ ਦਾ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਵੱਡਾ ਯੋਗਦਾਨ ਹੈ। ਇਹਨਾਂ ਕਵੀਆਂ ਨੇ ਪੰਜਾਬੀ ਲੋਕ ਮਾਨਸ ਦੇ ਹਾਣ ਦਾ ਕਾਵਿ ਪ੍ਰਵਚਨ ਉਚਾਰਿਆ ਹੈ ਇਹਨਾਂ ਕਵੀਆਂ ਵਿੱਚ ਹਰਿੰਦਰ ਸਿੰਘ ਰੂਪ, ਅਵਤਾਰ ਸਿੰਘ ਅਜ਼ਾਦ, ਗੋਪਾਲ ਸਿੰਘ ਦਰਦੀ ਦਾ ਜਿਕਰ ਵਿਸ਼ੇਸ਼ ਤੌਰ ਤੇ ਕੀਤਾ ਜਾ ਸਕਦਾ ਹੈ।

ਇਹਨਾਂ ਤੋਂ ਇਲਾਵਾ ਹੋਰ ਬਹੁਤ ਸਾਰੇ ਕਵੀ ਹਨ ਜਿਨ੍ਹਾਂ ਨੇ ਪ੍ਰਗਤੀਵਾਦੀ ਕਾਵਿ ਧਾਰਾ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਣ ਯੋਗਦਾਨ ਪਾਇਆ ਹੈ। ਇਹਨਾਂ ਵਿਚ ਸੰਤੋਖ ਸਿੰਘ ਧੀਰ, ਸੁਰਜੀਤ ਰਾਮਪੁਰੀ, ਪਿਆਰਾ ਸਿੰਘ ਸਹਿਰਾਈ, ਦੇਵਿੰਦਰ ਸਤਿਆਰਥੀ, ਸਾਧੂ ਸਿੰਘ ਹਮਦਰਦ, ਪ੍ਰਿੰ. ਤਖਤ ਸਿੰਘ, ਪ੍ਰਭਜੋਤ ਕੌਰ, ਸੰਤ ਇੰਦਰ ਸਿੰਘ ਚਕਰਵਰਤੀ ਦਾ ਵਿਸ਼ੇਸ਼ ਯੋਗਦਾਨ ਹੈ।

ਬਹੁਤ ਸਾਰੇ ਨਵੇਂ ਕਵੀਆਂ ਨੇ ਇਸ ਪ੍ਰਵਿਰਤੀ ਨੂੰ ਅਗਲੇਰਾ ਵਿਕਾਸ ਪ੍ਰਦਾਨ ਕੀਤਾ ਹੈ। ਇਹ ਕਵੀ ਬੇਸ਼ੱਕ ਚੌਥੀ ਪੀੜ੍ਹੀ ਦੇ ਅੰਤਰਗਤ ਵਿਚਾਰੇ ਜਾਂਦੇ ਹਨ। ਪਰ ਇਹਨਾਂ ਵਿੱਚ ਪ੍ਰਮੁੱਖ ਕਵੀ ਜਿਹੜੇ ਇਸ ਪ੍ਰਵਿਰਤੀ ਤਹਿਤ ਲਿਖਦੇ ਰਹੇ ਅਤੇ ਸਮੇਂ ਸਮੇਂ ਪੈਦਾ ਹੋਣ ਵਾਲੀਆਂ ਹੋਰ ਪ੍ਰਵਿਰਤੀਆਂ ਦੇ ਅੰਤਰਗਤ ਵੀ ਕਾਵਿ ਰਚਨਾਵਾਂ ਕਰਦੇ ਰਹੇ ਹਨ ਉਹਨਾਂ ਵਿੱਚ ਡਾ. ਜਗਤਾਰ, ਹਰਿਭਜਨ ਹਲਵਾਰਵੀ, ਜੋਗਾ ਸਿੰਘ, ਸੁਰਜੀਤ ਪਾਤਰ, ਗੁਰਭਜਨ ਗਿੱਲ, ਸਤੀਸ਼ ਗੁਲਾਟੀ ਆਦਿ ਕਵੀਆਂ ਦਾ ਹਵਾਲਾ ਦਿੱਤਾ ਜਾ ਸਕਦਾ ਹੈ।

**2.4 ਪ੍ਰਯੋਗਸ਼ੀਲ/ਪ੍ਰਯੋਗਵਾਦੀ ਕਾਵਿ ਧਾਰਾ:**

1960 ਤੱਕ ਪ੍ਰਗਤੀਵਾਦੀ ਪੰਜਾਬੀ ਕਵਿਤਾ ਵਿੱਚ ਵਿਚਾਰਧਾਰਾ ਦੁਹਰਾਉ ਅਤੇ ਸਿਰਣਾਤਮਕ ਖੜੋਤ ਆ ਚੁੱਕੀ ਸੀ। ਆਜ਼ਾਦੀ ਦੇ ਸਿਰਜਣਾਤਮਕ ਸੁਪਨੇ ਵਿੱਚ ਉਹ ਪ੍ਰਾਪਤੀਆਂ ਹਾਸਿਲ ਨਹੀਂ ਹੋਈਆਂ ਸਨ ਜਿਹੜੀਆਂ ਲੋਕਾਂ ਨੇ ਸੋਚੀਆਂ ਸਨ। ਇਹਨਾਂ ਕਵੀਆਂ ਵੱਲੋਂ ਮੁੜ ਮੁੜ ਉਹੀ ਵਿਚਾਰ, ਬਿੰਬ, ਪ੍ਰਤੀਕ ਵਰਤੇ ਜਾ ਰਹੇ ਸਨ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ 'ਇਸ ਕਰਕੇ ਅਸੀਂ ਇਸ ਨੂੰ ਕਾਵਿਧਾਰਾ ਆਖਣ ਦੀ ਥਾਂ ਕਾਵਿ ਲਹਿਰ ਹੀ ਆਖਾਂਗੇ। ਪੰਜਾਬੀ ਕਵਿਤਾ ਦੇ ਇਤਿਹਾਸ ਵਿਚ ਪ੍ਰਯੋਗਸ਼ੀਲ ਇਕ ਲਹਿਰ ਵਾਂਗ ਉਠਿਆ ਵਰਤਾਰਾ ਸੀ ਅਤੇ ਜੋ ਛੇਤੀ ਹੀ ਖਤਮ ਹੋ ਗਿਆ। ਇਹ ਕਿਸੇ ਵਿਸ਼ੇਸ਼ ਦਾਰਸ਼ਨਿਕ ਮੱਤ ਨਾਲ ਸੰਬੰਧਿਤ ਨਹੀਂ ਸੀ । ਇਸ ਕਾਰਨ ਇਸ ਨੂੰ ਪ੍ਰਯੋਗਵਾਦ ਦੀ ਥਾਵੇਂ ਪ੍ਰਯੋਗਸ਼ੀਲ ਆਖਣਾ ਹੀ ਢੁੱਕਵਾਂ ਹੋਵੇਗਾ। ਇਹ ਲਹਿਰ ਲੱਗਭਗ ਇਕ ਦਹਾਕਾ (1960–1970) ਚੱਲੀ ।'(ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ-151)

ਪ੍ਰਯੋਗਸ਼ੀਲ ਲਹਿਰ ਦੀ ਕਵਿਤਾ ਅਸਲ ਵਿੱਚ ਜਸਵੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਨਵੇਂ ਦੌਰ ਦੇ ਮਨੁੱਖ ਦੀਆਂ ਨਵੀਂਆਂ ਵਿਚਾਰਧਾਰਕ ਲੋੜਾਂ ਅਤੇ ਯਥਾਰਥ ਦੇ ਨਵੇਂ ਸਰੋਕਾਰਾਂ ਨਾਲ ਜੂਝਣ ਦੀ ਰਚਨਾਤਮਕ ਵੰਗਾਰ ਨਾਲ ਜੁੜ ਕੇ ਵਿਕਸਤ ਹੁੰਦੀ ਹੈ। ਡਾ. ਕਰਮਜੀਤ ਸਿੰਘ ਦੇ ਅਨੁਸਾਰ 'ਜਸਬੀਰ ਸਿੰਘ ਆਹਲੂਵਾਲੀਆ ਦੀ ਅਗਵਾਈ ਵਿਚ ਪ੍ਰਯੋਗਵਾਦੀ ਕਾਵਿ ਧਾਰਾ ਆਧੁਨਿਕ ਪੰਜਾਬੀ ਕਵਿਤਾ ਦੀ ਨਵੇਂ ਮਨੁੱਖ ਦੇ ਨਵੇਂ ਯਥਾਰਥ ਨਾਲ ਜੂਝਣ ਦੀ ਇਸ ਰਚਨਾਤਮਕ ਵੰਗਾਰ ਨੂੰ ਸੰਗਠਿਤ ਕਰਦੀ ਨਜਰ ਆਉਂਦੀ ਹੈ। ਇੰਜ ਇਹ ਧਾਰਾ ਪ੍ਰਗਤੀਵਾਦੀ ਕਾਵਿ ਧਾਰਾ ਦੇ ਵਿਗਠਨ ਦੀ ਨਕਾਰਾਤਮਕ ਸਥਿਤੀ ਦੀ ਉਪਜ ਹੀ ਨਹੀਂ ਸਗੋਂ ਨਵੇਂ ਯਥਾਰਥ ਦੇ ਸਮਰੱਥ ਅਭਿਵਿਅੰਜਨ ਦੇ ਸਕਾਰਾਤਮਕ ਆਦਰਸ਼ ਤੋਂ ਵੀ ਪ੍ਰੇਰਿਤ ਹੈ । ਇਹ ਸਕਾਰਾਤਮਕ ਆਦਰਸ਼ ਇਸ ਦੀ ਕਰਮ-ਭੂਮੀ ਵੀ ਨਿਰਧਾਰਿਤ ਕਰਦਾ ਹੈ ਅਤੇ - ਇਸ ਦੀ ਵਿਚਾਰਧਾਰਕ ਗਤੀ-ਵਿਧੀ ਦੇ ਖੇਤਰ ਨੂੰ ਵੀ ਰੇਖਾਂਕਿਤ ਕਰਦਾ ਹੈ।' (ਉਹੀ ਰਚਨਾ, ਪੰਨਾ-145)

**ਡਾ. ਜਸਵੀਰ ਸਿੰਘ ਆਹਲੂਵਾਲੀਆ** ਪ੍ਰਯੋਗਸ਼ੀਲ ਲਹਿਰ ਦਾ ਜਨਮਦਾਤਾ, ਸਿਧਾਂਤਕਾਰ ਅਤੇ ਪ੍ਰਮੁੱਖ ਕਵੀ ਸੀ। ਉਸ ਨੇ ਪ੍ਰਗਤੀਵਾਦੀ ਕਵੀਆਂ ਦੀਆਂ ਨਾਰੀਵਾਦੀ ਕਵਿਤਾਵਾਂ ਅਤੇ ਖੋਖਲੇ ਸਮਾਜਵਾਦੀ ਸੁਪਨਿਆਂ ਨੂੰ ਵੰਗਾਰਿਆ। ਉਸ ਨੇ ਪ੍ਰਗਤੀਵਾਦੀ ਕਵਿਤਾ ਦੀਆਂ ਸੀਮਾਵਾਂ ਅਤੇ ਕਮਜ਼ੋਰੀਆਂ ਨੂੰ ਉਭਾਰਿਆ ਅਤੇ ਮਨੁੱਖ ਕੇਂਦਰਿਤ ਪ੍ਰਗਤੀਸ਼ੀਲ ਕਵਿਤਾ ਦਾ ਨਾਹਰਾ ਬੁਲੰਦ ਕੀਤਾ। ਉਸਨੇ ਪ੍ਰਗਤੀਵਾਦੀ ਕਵਿਤਾ ਸਬੰਧੀ ਧਾਰਨਾ ਵਿਕਸਿਤ ਕੀਤੀ ਕਿ ਇਹ ਸਿਰਫ਼ ਰੋਮਾਂਟਿਕ ਸੁਪਨੇ ਅਤੇ ਵਿਸ਼ਿਆ ਦੇ ਦੁਹਰਾਉ ਦੇ ਰੂੜ੍ਹੀਵਾਦੀ ਬਿੰਬ ਸਿਰਜਣਾ ਤੋਂ ਵੱਧ ਹੋਰ ਕੁਝ ਵੀ ਨਰੋਆ ਸਮਾਜਿਕ ਯਥਾਰਥ ਪੇਸ਼ ਕਰਨ ਦੇ ਸਮਰੱਥ ਨਹੀਂ ਹੈ। ਇਸ ਲਈ ਉਸ ਨੇ ਸਿਧਾਂਤਕ ਤੌਰ ਤੇ ਪ੍ਰਯੋਗਸ਼ੀਲ ਲਹਿਰ ਨੂੰ ਸਥਾਪਿਤ ਕਰਨ ਦੇ ਸਮੱਗਰ ਯਤਨ ਕੀਤੇ। ਪਰ ਗਹੁ ਨਾਲ ਵੇਖਿਆਂ ਪਤਾ ਚਲਦਾ ਹੈ ਕਿ ਉਸਦਾ ਕਾਵਿ ਅਨੁਭਵ ਉਪਰਲੀ

ਪੜ੍ਹੀ ਲਿਖੀ ਮੱਧ ਸ਼੍ਰੇਣੀ ਵਾਲਾ ਹੈ। ਉਸ ਨੂੰ ਗ਼ਰੀਬ, ਲਾਚਾਰ, ਤੰਗੀਆਂ, ਤੁਰਸ਼ੀਆਂ ਕੱਟਦੇ ਲੋਕਾਂ ਨਾਲ ਨਾ ਤਾਂ ਹਮਦਰਦੀ ਹੈ ਤੇ ਨਾ ਹੀ ਉਸ ਨੂੰ ਉਹਨਾਂ ਦੇ ਜੀਵਨ ਯਥਾਰਥ ਦਾ ਅਨੁਭਵ ਹੈ। ਉਹ ਤਾਂ ਸਗੋਂ ਕਵਿਤਾ ਰਾਹੀਂ ਇਹਨਾਂ ਲੋਕਾਂ ਉਪਰ ਵਿਅੰਗ ਕਰਦਾ ਹੈ :

ਰਾਸ਼ਨ ਡੀਪੂ ਦੇ ਰੌਲੇ ਨੂੰ

ਪਲ ਦੋ ਪਲ ਤਾਂ ਸ਼ਾਂਤ ਕਰੋ

ਕਣਕ ਦਾ ਦਾਣਾ ਖਾ ਕੇ ਆਦਮ

ਜੰਨਤ ਨੂੰ ਸੀ ਖੋ ਬੈਠਾ

ਫਿਰ ਅੰਨ ਲਈ ਕਿਉਂ ਕੁਰਲਾਂਦੇ ਹੋ

ਅੰਨ ਤਾਂ ਰੋਜ ਹੀ ਖਾਂਦੇ ਹੋ।

ਉਸਦੀ ਕਵਿਤਾ ਵਿੱਚ ਪਿਆਰ ਵਰਗਾ ਪਵਿੱਤਰ ਜਜ਼ਬਾ ਵੀ ਆਧੁਨਿਕਤਾਵਾਦੀ ਮੁਨਾਫ਼ਾ ਖੋਰੀ ਦੌਰ ਦੀ ਅਲਾਮਤ ਹੋ ਨਿਬੜਦਾ ਹੈ। ਉਸਦੇ ਆਧੁਨਿਕ ਕਾਵਿ ਨਾਇਕ ਲਈ ਪਿਆਰ ਦੇ ਪਰੰਪਰਿਕ ਅਰਥ ਗੁਆਚ ਚੁੱਕੇ ਹਨ। ਉਸਦੀ ਕਵਿਤਾ ਵਿੱਚ ਪਿਆਰ ਦੋਹਾਂ ਧਿਰਾਂ ਦਾ ਪ੍ਰਸਪਰ ਪਾਖੰਡ ਬਣ ਕੇ ਰਹਿ ਗਿਆ ਹੈ। ਕਵੀ ਇਸ ਪਿਆਰ-ਪਾਖੰਡ ਤੇ ਵਿਅੰਗ ਕਸਦਾ ਹੈ :

ਐ ਮੇਰੀ ਮਹਿਬੂਬ ਸੁਣ

ਅਲਵਿਦਾਈ ਦੇ ਸਮੇਂ

ਗਲੈਸਰੀਨ ਦੀ ਇਕ ਸ਼ੀਸ਼ੀ

ਨਾਲ ਆਪਣੇ ਲੈਂਦੀ ਆਵੀਂ

ਸਹੁੰ ਗੁਰੂ ਦੀ ਅੱਖੀਆਂ ਦਾ

ਅੱਜ ਭਰੋਸਾ ਨਹੀਂ।

ਜਸਵੀਰ ਸਿੰਘ ਆਹਲੂਵਾਲੀਆ ਦਾ ਕਾਵਿ ਅਨੁਭਵ ਪੜ੍ਹੀ ਲਿਖੀ ਨੌਕਰੀ ਪੇਸ਼ਾ ਮੱਧਸ਼੍ਰੇਣੀ ਦੇ ਜੀਵਨ ਯਥਾਰਥ ਨਾਲ ਜੁੜਿਆ ਹੋਇਆ ਹੈ। ਡਾ ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ  ਆਹਲੂਵਾਲੀਆ ਆਪਣੇ ਵਿਸ਼ੇ ਵੀ ਆਧੁਨਿਕ ਮਨੁੱਖ ਦੀ ਕਾਰ ਵਿਹਾਰੀ ਜ਼ਿੰਦਗੀ ਵਿਚੋਂ ਲੈਂਦਾ ਹੈ। 'ਆਧੁਨਿਕ ਮਨੁੱਖ ਦੀ ਜ਼ਿੰਦਗੀ ਵਿਚ ਦਫਤਰ,

ਦਫਤਰ ਦਾ ਮੁਖੀ, ਸਹਿਕਰਮਣਾਂ, ਰੇਡੀਓ, ਅਖ਼ਬਾਰ, ਆਵਾਜਾਈ ਦੇ ਸਾਧਨ ਬੜਾ ਮਹੱਤਵਪੂਰਨ ਸਥਾਨ ਰੱਖਦੇ ਹਨ। ਉਹ ਇਨ੍ਹਾਂ ਨੂੰ ਆਪਣੇ ਵਿਸ਼ੇ ਬਣਾਉਂਦਾ ਹੈ। ਉਹ ਤਾਂ ਲਾਟਰੀ ਅਤੇ ਬੀਮੇ ਨੂੰ ਵੀ ਕਵਿਤਾ ਵਿਚ ਢਾਲ ਲੈਂਦਾ ਹੈ । ਕੂੜ ਰਾਜਾ ਕੂੜ ਪਰਜਾ ਵਿਚ ਉਸ ਦੀ ਬੌਧਿਕ ਵਿਅੰਗਕਾਰੀ ਦੇ ਉਤਮ ਉਦਾਹਰਨ ਮਿਲ ਜਾਂਦੇ ਹਨ ਪਰ ਇਹ ਵਿਅੰਗ ਸਮਾਜਿਕ ਪਰਿਪੇਖ ਤੋਂ ਸੱਖਣਾ ਹੋਣ ਕਰਕੇ ਆਪਣੀ ਸਾਹਿਤਕ ਸਾਰਥਿਕਤਾ ਗੁਆ ਕੇ ਨਿਰਾਰਥਕ ਰਹਿ ਜਾਂਦਾ ਹੈ। ਪੁਰਾਣੇ ਮਿਥਿਹਾਸ ਦੀ ਨਵੀਂ ਵਿਆਖਿਆਕਾਰੀ ਪ੍ਰਯੋਗਸ਼ੀਲ ਕਵਿਤਾ ਦਾ ਅਹਿਮ ਲੱਛਣ ਹੈ।'(ਉਹੀ ਰਚਨਾ, ਪੰਨਾ 161) ਆਹਲੂਵਾਲੀਆ ਦੀ ਕਵਿਤਾ ਅਸਲ ਵਿੱਚ ਡੋਲਦੀ ਹੋਈ ਮਾਨਸਿਕਤਾ ਦੀ ਕਵਿਤਾ ਹੈ। ਆਧੁਨਿਕ ਮੈਂ ਮੂਲਕ ਮਨੁੱਖ ਦੇ ਅਵੈੜੇ ਅਹਿਸਾਸ ਤੇ ਅਖੌਤੀ ਵਿਖਾਵੇ ਵਾਲੀ ਜ਼ਿੰਦਗੀ ਦੇ ਮਨੋ ਵਿਸ਼ਾਦ ਨੂੰ ਭੋਗ ਰਿਹਾ ਬੰਦਾ ਉਸਦੀ ਕਵਿਤਾ ਦੇ ਕੇਂਦਰ ਵਿੱਚ ਹੈ:-

ਇੱਕ ਪੈਰ ਦਹਿਲੀਜਾਂ ਅੰਦਰ

ਇੱਕ ਪੈਰ ਦਹਿਲੀਜ਼ੋਂ ਬਾਹਰ

ਨਾ ਮੈਂ ਇਧਰ, ਨਾ ਮੈਂ ਉਧਰ,

ਕਿਤ ਵੱਲ ਜਾਵਾਂ ਠਉਰ ਨਹੀਂ।

............

ਵਰਤ ਲਏ ਨੌਕਰ ਮੇਰਾ

ਜੇ ਮੇਰੀ ਬੀਵੀ ਨੂੰ ਕਿਤੇ

ਤਾਂ ਜਰ ਲਵਾਂ,

ਪਰ ਜਰ ਕਦੇ ਸਕਦਾ ਨਹੀਂ ਹਾਂ

ਕਿ ਬਿਨਾਕਾ ਬੁਰਸ਼ ਮੇਰਾ

ਵਰਤ ਲਏ ਉਹ ਬਦਤਮੀਜ਼

ਇਉਂ ਅਜਿਹੇ ਕਾਵਿ ਬੋਲਾਂ ਕਰਕੇ ਜਸਵੀਰ ਸਿੰਘ ਆਹਲੂਵਾਲੀਆ ਸਮਰੱਥ ਸ਼ਾਇਰ ਹੋਣ ਦੇ ਬਾਵਜੂਦ ਉਹ ਮੁਕਾਮ ਹਾਸਲ ਨਹੀਂ ਕਰ ਸਕਿਆ ਜਿਹੜਾ ਉਹ ਕਰ ਸਕਦਾ ਸੀ। ਮੱਧਵਰਗੀ ਚੱਮ ਖੁਸ਼ੀਆਂ ਦੀ ਪੂਰਤੀ ਅਪੂਰਤੀ ਦੇ ਦਵੰਦ ਵਿੱਚ ਫਸੇ ਪ੍ਰਯੋਗਸ਼ੀਲ ਕਵੀ ਕੁਝ ਚੰਗੀਆਂ ਰਚਨਾਵਾਂ ਵੀ ਰਚਦੇ ਹਨ ਪਰ ਬਹੁਤਾ ਕਰਕੇ ਇਹ ਪੰਜਾਬੀ ਅਲੋਚਕਾਂ ਦੇ ਨਿਸ਼ਾਨੇ ਉਪਰ ਹੀ ਰਹਿੰਦੇ ਹਨ। ਆਪਣੇ ਆਖਰੀ ਕਾਵਿ ਸੰਗ੍ਰਹਿ ਵਿੱਚ ਆਹਲੂਵਾਲੀਆ ਕਾਵਿ ਸੂਹਜ

ਪੱਖੋਂ ਕੁਝ ਚੰਗੀਆਂ ਰਚਨਾਵਾਂ ਕਰਕੇ ਆਉਣ ਵਾਲੇ ਕਵੀਆਂ ਲਈ ਇਕ ਸੁਖਦ ਅਤੇ ਸੰਵੇਦਨਾ ਯੁਕਤ ਰਾਹ ਦਰਸਾਉਂਦਾ ਹੈ:-

ਮਹਿਰਮ ਦਿਲਾਂ ਦੇ ਜਾਨੀਆਂ

ਮੋੜੇਂਗਾ ਕਦ ਮੁਹਾਰਾਂ।

ਸਾਡੇ ਹੀ ਵਿਹੜੇ ਹਾਣੀਆਂ

ਆਈਆਂ ਨਾ ਕਿਉਂ ਬਹਾਰਾਂ।

......

ਲੰਬੇ ਸਫ਼ਰ ਦੇ ਸਾਥ ਦੀ,

ਜੋ ਗੱਲ ਕਰਦੇ ਸਨ ਕਦੀ।

ਪਲ ਹੀ ਪਲ ਵਿੱਚ ਹੋ ਗਏ,

ਕਿਉਂ ਸ਼ਕਲ ਤੋਂ ਵੀ ਅਜਨਬੀ।

**ਸੁਖਪਾਲਵੀਰ ਹਸਰਤ**

ਸੁਖਪਾਲਵੀਰ ਹਸਰਤ ਪ੍ਰਯੋਗਸ਼ੀਲ ਲਹਿਰ ਦਾ ਇਕ ਹੋਰ ਮਹੱਤਵਪੂਰਣ ਸ਼ਾਇਰ ਹੈ। ਸੁਖਪਾਲਵੀਰ ਹਸਰਤ ਪ੍ਰਯੋਗਸ਼ੀਲ ਲਹਿਰ ਦੇ ਮੋਢੀਆਂ ਵਿੱਚੋਂ ਇੱਕ ਸਨ। ਉਸਦਾ ਪ੍ਰਯੋਗਵਾਦ ਰੂਸੀ ਇਤਿਹਾਸਕਾਰ ਸਰਬਰੀਆਕੋਵ ਤੋਂ ਪ੍ਰਭਾਵਿਤ ਸੀ। ਸ਼ੁਰੂ ਵਿੱਚ ਬੇ ਸ਼ੱਕ ਉਸ ਨੇ ਇਸ ਧਾਰਾ ਦੇ ਤਹਿਤ ਕਾਵਿ ਰਚਨਾ ਕੀਤੀ ਪਰ ਛੇਤੀ ਹੀ ਇਸ ਧਾਰਾ ਤੋਂ ਉਸ ਦਾ ਮੋਹ ਭੰਗ ਹੋ ਗਿਆ ਅਤੇ ਉਸ ਨੇ ਨੀਤਸ਼ੇ ਦੇ ਪ੍ਰਭਾਵ ਨੂੰ ਕਬੂਲਦੇ ਹੋਏ ਸ਼ਕਤੀਵਾਦ ਦਾ ਸੰਕਲਪ ਦਿੱਤਾ ਅਤੇ ਇਸੇ ਦੇ ਤਹਿਤ ਕਾਵਿ ਰਚਨਾ ਵੀ ਕਰਨੀ ਸ਼ੁਰੂ ਕਰ ਦਿੱਤੀ । ਉਨ੍ਹਾਂ ਦੀਆਂ ਕਾਵਿ-ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ। ਸਬ ਪਤਝੜਾਂ (1956), ਹੁਸਨ ਕਿਨਾਰੇ (1957), ਹਯਾਤੀ ਦੇ ਸੋਮੇਂ (1960) ਵਣ ਕੰਬਿਆ (1961), ਮੋਹ ਮਾਇਆ (1963), ਸ਼ਕਤੀ ਨਾਦ (1966), ਸੂਰਜ ਕਾਫਲਾ (1972), ਨੂਰ ਦਾ ਸਾਗਰ (1975), ਕਾਲ-ਮੁਕਤ (1976), ਸੂਰਜ ਤੇ ਕਹਿਰ (1979), ਇਹ ਮਹਿਕ ਸਦੀਵੀ (1981), ਅਮਰ ਅੱਖਰ (1983), ਸਰਬਕਾਲ ਦਾ ਸਫ਼ਰ (1986), ਦਿਲ ਦਾ ਦਰਵਾਜਾ (1989), ਵਿਸਮਾਦ ਰੰਗ (1991). ਸੁੰਦਰਤਾ

ਸੰਯੋਗ (1992) ਅਤੇ ਦੁਸ਼ਟ ਦਮਨ ਦਰਵੇਸ ਤੋਂ ਇਲਾਵਾ ਵਖ ਵਖ ਸਮੇਂ ਚੋਣਵੀਆਂ ਕਵਿਤਾ ਅਤੇ ਪ੍ਰਤੀਨਿਧ ਕਵਿਤਾਵਾਂ ਵੀ ਛਪਦੀਆਂ ਰਹੀਆਂ ਹਨ। ਇਸ ਤੋਂ ਇਲਾਵਾ 'ਜ਼ਿੰਦਗੀ ਦਾ ਸਾਗਰ' ਨਾਂ ਹੇਠ ਆਪ ਦੀ ਸਮੁੱਚੀ ਕਵਿਤਾ ਵੀ ਛਪੀ ਹੈ। ਕਵਿਤਾ ਤੋਂ ਇਲਾਵਾ ਉਨ੍ਹਾਂ ਨੇ ਕੁਝ ਆਲੋਚਨਾ ਪੁਸਤਕਾਂ ਅਤੇ ਨਾਵਲਾਂ ਦੀ ਰਚਨਾ ਵੀ ਕੀਤੀ ਹੈ। ਸੁਖਪਾਲਵੀਰ ਹਸਰਤ ਨੇ ਪ੍ਰਯੋਗਸ਼ੀਲ ਲਹਿਰ ਦੇ ਸ਼ੁਰੂ ਹੋਣ ਤੋਂ ਪਹਿਲਾਂ ਦੀ ਕਾਵਿ ਰਚਨਾ ਸ਼ੁਰੂ ਕੀਤੀ ਹੋਈ ਸੀ ਅਤੇ ਉਹ ਪ੍ਰਯੋਗਸ਼ੀਲ ਲਹਿਰ ਦੇ ਬਾਅਦ ਦੀ ਕਾਵਿ ਰਚਨਾ ਕਰਦਾ ਰਿਹਾ ਹੈ:-

ਕਾਫੀ ਦਾ ਘੁੱਟ ਜਿਵੇਂ ਬੁੱਲ੍ਹੀਆਂ ਦਾ ਚੁੰਮਣ,

ਫੋਨ ਦੀ ਘੰਟੀ 'ਚੋਂ ਵਾਅਦੇ ਦੀ ਖ਼ੁਸ਼ਬੋ,

ਕਦਮਾਂ 'ਚੋਂ ਸੈਂਡਲ ਦੇ ਚੀਰਨ ਦਾ ਹਾਸਾ,

ਨੰਗੇ ਜਿਸਮ ਤੋਂ ਕੱਪੜੇ ਦੀ ਕਾਤਰ ਅਜੇ ਪਈ ਤਿਲ੍ਹਕੇ

ਹੋਟਲ ਦਾ ਕਮਰਾ ਬੜਾ ਸਜਿਆ ਹੈ।

ਬਾਗਾਂ 'ਚ ਫੁੱਲਾਂ ਦੇ ਟਹਿਕਣ ਦਾ ਵੇਲਾ,

ਅਸੀਂ ਜ਼ਰਾ ਹੱਥਾਂ 'ਚ ਹੱਥ ਪਾ ਕੇ ਫਿਰੀਏ,

ਦਸ ਵਜੇ ਪਿੱਛੋਂ ਕਰਫਿਊ ਦਾ ਵੇਲਾ।

**ਰਵਿੰਦਰ ਰਵੀ**

ਰਵਿੰਦਰ ਰਵੀ ਪੰਜਾਬੀ ਕਵਿਤਾ ਦਾ ਬਹੁਤ ਹੀ ਚੇਤਨ, ਸੁਲਝਿਆ ਹੋਇਆ ਅਤੇ ਵਿਚਾਰਧਾਰਾਕ ਤੌਰ ਵਿਗਿਆਨਕ ਦ੍ਰਿਸ਼ਟੀ ਰੱਖਣ ਵਾਲਾ ਕਵੀ ਹੈ। ਉਸ ਨੇ ਪ੍ਰਗਤੀਵਾਦੀ ਵਿਚਾਰਧਾਰਾ ਦੀਆਂ ਸੀਮਾਵਾਂ ਉਪਰ ਖੁੱਲ੍ਹ ਕੇ ਚਰਚਾ ਕੀਤੀ ਹੈ। ਅਧਿਆਪਨ ਕਾਰਜ ਨਾਲ ਜੁੜਿਆ ਹੋਣ ਕਾਰਨ ਉਸ ਕੋਲ ਸਿਧਾਂਤਕ ਸਮਝ ਵੀ ਸੀ ਅਤੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਅਮੀਰ ਅਨੁਭਵ ਵੀ ਸੀ। ਪ੍ਰਵਾਸੀ ਹੁੰਦਾ ਹੋਇਆ ਵੀ ਉਹ ਮੁੱਖ ਧਾਰਾ ਦੇ ਸਾਹਿਤ ਦਾ ਅੰਗ ਬਣਿਆ ਰਿਹਾ ਹੈ। ਉਸ ਨੇ ਇਸ ਪ੍ਰਯੋਗਸ਼ੀਲ ਲਹਿਰ ਦੇ ਪ੍ਰਭਾਵ ਅਧੀਨ ਕਵਿਤਾ ਲਿਖਣੀ ਸ਼ੁਰੂ ਕੀਤੀ ਪਰ ਇਸ ਲਹਿਰ ਦੇ ਪਤਨ ਤੋਂ ਬਾਅਦ ਵੀ ਉਹ ਲੰਬਾ ਸਮਾਂ ਕਾਵਿ ਸਿਰਜਣਾ ਵਿੱਚ ਲੱਗਾ ਰਿਹਾ। ਪ੍ਰਯੋਗਸ਼ੀਲ ਲਹਿਰ ਦੇ ਅੰਤਰਗਤ ਉਸ ਨੇ ਦਿਲ ਦਰਿਆ ਸਮੁੰਦਰੋਂ ਡੂੰਘੇ (1961), ਬੁੱਕਲ ਦੇ ਵਿੱਚ ਚੋਰ (1963), ਬਿੰਦੂ (1965), ਮੌਨ ਹਾਦਸੇ (1967) ਅਤੇ ਦਿਲ ਟਰਾਂਸਪਲਾਂਟ ਤੋਂ ਬਾਅਦ (1969) ਪੁਸਤਕਾਂ ਦੀ ਰਚਨਾ ਕੀਤੀ। ਇਸ ਤੋਂ ਬਾਅਦ

ਉਸ ਨੇ ਸ਼ਹਿਰ ਜੰਗਲੀ ਹੈ (1970), ਮੇਰੇ ਮੌਸਮ ਦੀ ਵਾਰੀ (1972), ਜਲ ਭਰਮਜਲ (1976), ਚਿੱਟੇ-ਕਾਲੇ ਧੱਬੇ (1978), ਸੀਮਾ ਅਕਾਸ਼ (1980), ਸ਼ੀਸ਼ੇ ਤੇ ਦਸਤਕ (1983), ਆਪਣੇ ਖ਼ਿਲਾਫ਼ (1998) ਅਤੇ ਸੂਰਜ ਤੇਰਾ ਮੇਰਾ ਪੁਸਤਕਾਂ ਦੀ ਰਚਨਾ ਕੀਤੀ ਹੈ।

ਰਵਿੰਦਰ ਰਵੀ ਕੋਲ ਜ਼ਿੰਦਗੀ ਦਾ ਵਿਸ਼ਾਲ ਤਜ਼ਰਬਾ ਸੀ। ਉਸਨੇ ਪ੍ਰਗਤੀਵਾਦੀ ਕਵੀਆਂ ਅਤੇ ਪ੍ਰਯੋਗਸ਼ੀਲ ਕਵੀਆਂ ਦੇ ਵਿਚਕਾਰ ਪੁਲ ਦਾ ਕਾਰਜ ਕੀਤਾ ਹੈ। ਉਹ ਪ੍ਰਗਤੀਵਾਦੀਆਂ ਵਿੱਚ ਇਸ ਕਰਕੇ ਪ੍ਰਵਾਨ ਹੋਇਆ ਕਿਉਂਕਿ ਉਸਨੇ ਜੋ ਵੀ ਲਿਖਿਆ ਉਹ ਪਰਿਪੱਕ ਅਤੇ ਵਿਚਾਰਧਾਰਾਕ ਚੇਤਨਾ ਦੇ ਸਮੁੱਚੇ ਪਾਸਾਰਾਂ ਦੇ ਪਰਿਪੇਖ ਵਿੱਚ ਲਿਖਿਆ ਹੈ। ਇਸੇ ਤਰ੍ਹਾਂ ਉਹ ਪ੍ਰਯੋਗਸ਼ੀਲ ਕਵੀਆਂ ਵਿੱਚ ਸ਼ਾਮਿਲ ਹੋ ਕੇ ਵੀ ਆਪਣੀ ਵੱਖਰੀ ਪਛਾਣ ਰਖਦਾ ਹੈ। ਉਸ ਦੀ ਪ੍ਰਯੋਗਸ਼ੀਲ ਕਵਿਤਾ, ਪ੍ਰਯੋਗਸ਼ੀਲ ਲਹਿਰ ਦੇ ਮਨਫੀ ਪੱਖਾਂ ਤੋਂ ਮੁਕਤ ਹੈ। ਉਸਦੀ ਕਵਿਤਾ ਵਿੱਚ ਸਿਰਫ ਮੈਂ ਮੂਲਕਤਾ ਨਹੀਂ ਪੇਸ਼ ਹੋਈ। ਉਸਨੇ ਪ੍ਰਯੋਗਸ਼ੀਲ ਲਹਿਰ ਦੇ ਆਸਿਆਂ ਦੇ ਅਨੁਕੂਲ ਆਧੁਨਿਕ ਮਨੁੱਖ ਦੀਆਂ ਸੰਵੇਦਨਾ ਅਤੇ ਆਕਾਂਖਿਆਵਾਂ ਪੇਸ਼ ਕੀਤੀਆਂ ਹਨ:-

ਇਨ੍ਹਾਂ ਪ੍ਰਸ਼ਨਾਂ ਦੇ ਉਲਝੇਵੇਂ ਵਿੱਚ

ਉਲਝੀ ਹੋਈ ਬੁੱਧੀ ਸੋਚ ਰਹੀ

ਜੀਵਨ ਤੇ ਮੌਤ ਵਿੱਚ ਬੱਝੀ ਹੋਈ

ਹਰ ਹਸਤੀ ਨੂੰ ਸਵੈ-ਅਵੱਗਿਆ ਹੈ

ਕਾਰਨ ਤੇ ਕਾਰਜ ਦੀ ਵਿੱਥਿਆ

ਰੁਕ ਗਈ ਇੱਕ ਅੰਨ੍ਹੇ ਨੁਕਤੇ 'ਤੇ।

ਪ੍ਰਯੋਗਸ਼ੀਲ ਕਵੀਆਂ ਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਹ ਕਵੀ ਚਿੰਤਨ ਚੇਤਨਾ ਵਿੱਚ ਪੈਦਾ ਹੋ ਰਹੇ ਨਵੇਂ ਵਿਚਾਰਾਂ ਅਤੇ ਦਿਸਹੱਦਿਆਂ ਨੂੰ  ਅਪਣਾ ਕੇ ਆਪਣੀ ਦ੍ਰਿਸ਼ਟੀ ਅਤੇ ਵਿਜ਼ਨ ਨੂੰ ਹਮੇਸ਼ਾ ਵਿਸ਼ਾਲ ਕਰਦੇ ਰਹੇ ਹਨ। ਵਿਸ਼ਵ ਸਾਹਿਤ ਵਿੱਚ ਜਦੋਂ ਵੀ ਕੋਈ ਨਵਾਂ ਰੁਝਾਨ ਜਾਂ ਵਿਚਾਰਧਾਰਾਕ ਅੰਸ਼ ਪੈਦਾ ਹੋਇਆ ਤਾਂ ਪ੍ਰਯੋਗਸ਼ੀਲ ਕਵੀਆਂ ਨੇ ਉਸ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕੀਤਾ:-

ਅਸੀਂ ਤਾਂ ਅਸਤਿੱਤਵਵਾਦੀ ਹਾਂ

ਛਿਣ ਛਿਣ ਜਿਉਂਦੇ ਹਾਂ

ਇਕ ਛਿਣ ਦੀ ਤਾਂ ਗੱਲ ਹੈ:

ਕਿਸੇ ਨੇ ਭਲਾ ਉਮਰ ਭਰ ਲਈ ਤੇਰੀ ਵਫ਼ਾ ਮੰਗੀ ਹੈ?

ਇਸ ਪ੍ਰਕਾਰ ਰਵਿੰਦਰ ਰਵੀ ਇਕੋ ਵੇਲੇ ਵਿਸ਼ਵ ਚਿੰਤਨ ਨਾਲ ਵੀ ਜੁੜਿਆ ਹੋਇਆ ਹੈ ਅਤੇ ਸਥਾਨਕ ਸਭਿਆਚਾਰ ਦੀਆਂ ਬੌਧਿਕ ਅਤੇ ਵਿਸ਼ਾਲ ਬ੍ਰਹਿਮੰਡਕ ਉਚਾਈਆਂ ਨਾਲ ਵੀ ਜੁੜਿਆ ਹੋਇਆ ਹੈ।

**ਹਰਭਜਨ ਸਿੰਘ ਹੁੰਦਲ**

ਹਰਭਜਨ ਸਿੰਘ ਹੁੰਦਲ ਪ੍ਰਯੋਗਸ਼ੀਲ ਕਵਿਤਾ ਦਾ ਗਿਣਾਤਮਕ ਅਤੇ ਗੁਣਾਤਮਕ ਪੱਖੋਂ ਸਮਰੱਥ ਸ਼ਾਇਰ ਹੈ। ਉਸਨੇ ਇਸ ਲਹਿਰ ਨਾਲ ਜੁੜ ਕੇ ਸਭ ਤੋਂ ਵੱਧ ਰਚਨਾ ਕੀਤੀ ਹੈ। ਉਹ ਸਾਰੀ ਉਮਰ ਸਕੂਲ ਅਧਿਆਪਕ ਰਹੇ ਅਤੇ ਕਮਿਊਨਿਸਟ ਵਿਚਾਰਧਾਰਾ ਨਾਲ ਪ੍ਰਤੀਬੱਧ ਸਾਹਿਤਕਾਰ ਹਨ। ਉਨ੍ਹਾਂ ਦੀ ਪਹਿਲੀ ਕਾਵਿ ਪੁਸਤਕ ਮਾਰਗ (1965), ਮਖੌਟੇ (1970), ਅਸਲ ਗੱਲ (1974), ਕਾਲੇ ਦਿਨ (1978), ਸਫ਼ਰ ਦੀਆਂ ਪੈੜਾਂ (1983), ਅੱਗ ਦਾ ਬੂਟਾ (1986), ਸ਼ਬਨਮ ਨਹੀਂ ਆਈ (1988), ਨਿੱਤਰੇ ਪਾਣੀ (1991), ਉਦਾਸ ਹੋਈ ਕਵਿਤਾ (1993), ਸਤਲੁਜ ਦਾ ਸਿਰਨਾਵਾਂ (1993), ਰੰਗਾਂ ਦੀ ਵੇਦਨਾ (1993), ਜੰਗਨਾਮਾ ਪੰਜਾਬ (1994), ਰੰਗ ਆਪੋ ਆਪਣਾ (2000), ਮੁਖਬਰੀ ਕਰਦੇ ਦਿਨ (2002) ਦੋਸਤੀਨਾਮਾ(2005), ਮੇਰੇ ਬੋਲ(2009), ਮੇਰੀ ਗ਼ਜ਼ਲ(2010), ਸੰਧਿਆ ਵੇਲੇ(2016) ਛਪੀਆਂ। ਉਨ੍ਹਾਂ ਨੇ ਕਾਵਿ ਆਲੋਚਨਾ, ਰੇਖਾ ਚਿਤਰ, ਸਫ਼ਰਨਾਮੇ, ਅਤੇ ਡਾਇਰੀ ਲਿਖਣ ਤੋਂ ਇਲਾਵਾ ਅਨੁਵਾਦ ਅਤੇ ਸੰਪਾਦਨਾ ਦਾ ਕਾਰਜ ਵੀ ਕੀਤਾ ਹੈ। ਉਹਨਾਂ ਨੇ ਲੰਮੇ ਸਮੇਂ ਤੱਕ ਚਿਰਾਗ ਰਸਾਲਾ ਕੱਢਿਆ ਹੈ। ਹਰਭਜਨ ਹੁੰਦਲ ਲੋਕ ਲਹਿਰਾਂ ਦੇ ਸੰਘਰਸ਼ਾਂ ਵਿਚੋਂ ਤਪ ਕੇ ਕਵੀ ਬਣਿਆਂ ਹੈ। ਪੰਜਾਬ ਸੰਕਟ ਸਮੇਂ ਉਸ ਨੇ ਫਿਰਕੂ ਸੋਚ ਖਿਲਾਫ ਧਰਮ ਨਿਰਪੱਖ ਅਗਾਂਹਵਧੂ ਵਿਚਾਰਧਾਰਾ ਦਾ ਝੰਡਾ ਚੁੱਕੀ ਰੱਖਿਆ। ਜੰਗਨਾਮਾ ਪੰਜਾਬ ਉਸ ਦੀ ਪੰਜਾਬ ਬਾਰੇ ਇੱਕ ਲੰਮੀ ਰਚਨਾ ਹੈ।

**ਡਾ. ਜਗਤਾਰ**

ਇਸ ਸਮੇਂ ਦੌਰਾਨ ਚੱਲੀਆਂ ਸਾਰੀਆਂ ਲਹਿਰਾਂ ਦੇ ਸਮਵਿੱਥ ਜਗਤਾਰ ਦੀ ਰਚਨਾ ਚੱਲਦੀ ਰਹੀ ਹੈ। ਉਸਦੀ ਕਵਿਤਾ ਦਾ ਮੁੱਖ ਸੁਰ ਪ੍ਰਗਤੀਸ਼ੀਲਤਾ ਵਾਲਾ ਹੈ। ਉਹ ਸਮੇਂ ਸਮੇਂ ਸਰਮਾਏਦਾਰੀ ਅਤੇ ਲੋਟੂ ਜਮਾਤਾਂ ਵਿਰੁੱਧ ਆਵਾਜ਼ ਬੁਲੰਦ ਕਰਦਾ ਰਿਹਾ ਹੈ। ਉਹ ਲਹਿਰਾਂ ਤੋਂ ਪ੍ਰਭਾਵਿਤ ਵੀ ਰਿਹਾ ਹੈ ਅਤੇ ਲਹਿਰਾਂ ਨੂੰ ਪ੍ਰਭਾਵਿਤ ਕਰਦਾ ਵੀ ਰਿਹਾ ਹੈ। ਉਸ ਦੀਆਂ ਕਾਵਿ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ: ਰੁੱਤਾਂ ਰਾਂਗਲੀਆਂ (1957), ਤਲਖੀਆਂ ਰੰਗੀਨੀਆਂ (1960), ਦੁੱਧ ਪੱਥਰੀ (1961), ਅਧੂਰਾ ਆਦਮੀ (1967), ਲਹੂ ਦੇ ਨਕਸ਼ (1973), ਛਾਂਗਿਆ ਰੁੱਖ (1976), ਸ਼ੀਸ਼ੇ ਦਾ ਜੰਗਲ (1980), ਜਜ਼ੀਰਿਆਂ ਵਿੱਚ ਘਿਰਿਆ ਸਮੁੰਦਰ (1983), ਚਨੁੱਕਰੀ ਸ਼ਾਮ (1991). ਜੁਗਨੂੰ ਦੀਵਾ

ਤੇ ਦਰਿਆ (1992), ਅੱਖਾਂ ਵਾਲੀਆਂ ਪੈੜਾਂ (1999), ਮੇਰੇ ਅੰਦਰ ਇੱਕ ਸਮੁੰਦਰ (2001) ਪ੍ਰਵੇਸ਼ ਦੁਆਰ (2002) ਅਤੇ ਮੋਮ ਦੇ ਲੋਕ(2006) । ਕਵੀ ਤੋਂ ਇਲਾਵਾ ਡਾ. ਜਗਤਾਰ ਇੱਕ ਸਿਰੜੀ ਖੋਜੀ, ਯੋਗ ਸੰਪਾਦਕ ਅਤੇ ਚੰਗਾ ਅਨੁਵਾਦਕ ਵੀ ਹੈ। ਉਸਨੇ ਖੁੱਲ੍ਹੀ ਕਵਿਤਾ ਵੀ ਲਿਖੀ, ਗ਼ਜ਼ਲ ਵੀ ਲਿਖੀ ਅਤੇ ਪ੍ਰਗੀਤ ਵੀ ਲਿਖੇ। ਉਸਦੀ ਕਵਿਤਾ ਵਿੱਚ ਵਿਚਾਰਧਾਰਕ ਚੇਤਨਾ ਵੀ ਹੈ ਅਤੇ ਬੌਧਿਕ ਪਕਿਆਈ ਵੀ ਹੈ। ਉਹ ਪੰਜਾਬੀ ਕਵੀਆਂ ਵਿੱਚੋਂ ਸਿਰਕੱਢ ਕਵੀ ਹੈ ਜਿਹੜਾ ਪੰਜਾਬੀ ਕਵਿਤਾ ਦੀਆਂ ਵੱਖ ਵੱਖ ਪ੍ਰਵਿਰਤੀਆਂ ਤਹਿਤ ਰਚਨਾ ਕਰਦਾ ਰਿਹਾ ਹੈ। ਉਸਦੀ ਕਵਿਤਾ ਵਿੱਚ ਪ੍ਰਗਤੀਵਾਦੀ, ਪ੍ਰਗਤੀਸ਼ੀਲ, ਪ੍ਰਯੋਗਸ਼ੀਲ ਅਤੇ ਜੁਝਾਰਵਾਦੀ  ਰੰਗ ਵੀ ਨਜ਼ਰ ਆਉਂਦਾ ਹੈ:-

ਜੇ ਦਸਤਕਾਂ ਵੀ ਸੁਣ ਕੇ, ਤੂੰ ਖੋਲਿਆ ਨਾ ਬੂਹਾ, ਉਸ ਸਾਂਵਰੀ ਘਟਾ ਨੇ, ਬਾਹਰ ਹੀ ਬਰਸ ਜਾਣਾ।

ਜੇ ਸਿਰ ਲੁਕਾਇਆ ਤਾਂ ਪੈਰ ਨੰਗੇ,

ਜੇ ਪੈਰ ਕੱਜੇ ਤਾਂ ਸਿਰ ਅਲਾਣਾ,

ਹੁਨਾਲ ਛਾਂ ਨਾ ਸਿਆਲ ਬਾਲਣ,

ਮੈਂ ਐਸੇ ਐਸੇ ਵੀ ਵਕਤ ਵੇਖੇ।

ਯਤਨ ਤਾਂ ਕੀਤਾ ਹਰੇਕ ਤਾਜਰ,

ਕਿਸੇ ਵੀ ਕੀਮਤ ਤੇ ਮੈਂ ਨਾ ਵਿਕਿਆ

ਹਜ਼ਾਰ ਤੰਗੀ ਸਹੀ ਹੈ ਭਾਵੇਂ,

ਹਜ਼ਾਰ ਮੁਸ਼ਕਿਲ ਨੇ ਵਕਤ ਵੇਖੇ ।

ਨਾ ਕੋਈ ਮਕਤਲ ਡਰਾ ਸਕੇਗਾ,

ਨਾ ਕੋਈ ਕਾਤਿਲ ਝੁਕਾ ਸਕੇਗਾ,

ਮੈਂ ਇਸ ਤੋਂ ਔਖੇ ਪੜਾ ਨੇ ਵੇਖੇ,

ਮਕਾਮ ਇਸ ਤੋਂ ਵੀ ਸਖ਼ਤ ਵੇਖੇ।

**ਅਜਾਇਬ ਕਮਲ**

ਅਜਾਇਬ ਕਮਲ ਪ੍ਰਯੋਗਸ਼ੀਲ ਲਹਿਰ ਨਾਲ ਜੁੜਿਆ ਹੋਇਆ ਇੱਕ ਹੋਰ ਮਹੱਤਵਪੂਰਣ ਕਵੀ ਹੈ। ਉਸਨੇ ਇਸ ਲਹਿਰ ਨਲ ਜੁੜ ਕੇ ਸਭ ਤੋਂ ਵੱਧ ਪ੍ਰਯੋਗ ਕੀਤੇ ਹਨ। ਨਤੀਜੇ ਵਜੋਂ ਉਸਨੇ ਬਹੁਤ ਸਾਰੀਆਂ ਵੰਨਗੀਆਂ ਦੀ ਕਵਿਤਾ ਲਿਖੀ ਹੈ। ਉਸਨੇ ਛੋਟੀਆਂ ਕਵਿਤਾਵਾਂ ਤੋਂ ਇਲਾਵਾ ਲੰਬੀ ਬਿਰਤਾਂਤਕ ਕਵਿਤਾ ਅਤੇ ਕਾਵਿ-ਨਾਟ ਵੀ ਲਿਖੇ ਹਨ। ਉਸ ਦੀਆਂ ਪ੍ਰਮੁੱਖ ਕਾਵਿ-ਪੁਸਤਕਾਂ ਵਿੱਚ ਤਾਸ਼ ਦੇ ਪੱਤੇ (1962), ਸ਼ਤਰੰਜ ਦੀ ਖੇਡ (1965), ਮਨੁੱਖ ਦੇ ਖਲਾਅ (1967) ਵਰਣਨਯੋਗ ਹਨ। ਪ੍ਰਯੋਗਵਾਦੀ ਕਾਵਿ ਲਹਿਰ ਦੇ ਪਤਨ ਤੋਂ ਬਾਅਦ ਉਸ ਨੇ ਵਰਤਮਾਨ ਤੁਰਿਆ ਹੈ (1973), ਇਕੋਤਰ ਸੌ ਅੱਖਾਂ ਵਾਲਾ ਮਹਾਂਭਾਰਤ (1977), ਮੈਂ ਜੋ ਪੈਗ਼ੰਬਰ (1979), ਅਫ਼ਰੀਕਾ ਵਿੱਚ ਨੇਤਰਹੀਣ (1981), ਸ਼ਬਦ ਨੰਗੇ ਹਨ (1982), ਲਿਖਤੁਮ ਕਾਲਾ ਘੋੜਾ (1983), ਧਰਤੀਨਾਮਾ (1980), ਸਰਾਪੇ ਸਮਿਆ ਦੇ ਪੈਗ਼ੰਬਰ (1993) ਅਤੇ ਸੂਰਜਨਾਮਾ (1997) ਕਾਵਿ ਸੰਗ੍ਰਹਿ ਸ਼ਾਮਿਲ ਹਨ।

ਅਜਾਇਬ ਕਮਲ ਨੇ ਕਵਿਤਾ ਦੀ ਗਿਣਤੀ ਵਿੱਚ ਵਾਧਾ ਕਰਨ ਦੇ ਨਾਲ-ਨਾਲ ਗੁਣ ਵਿੱਚ ਵੀ ਵਾਧਾ ਕੀਤਾ ਹੈ। ਦੂਸਰੇ ਪ੍ਰਯੋਗਸ਼ੀਲ ਕਵੀਆਂ ਵਾਂਗ ਉਸ ਦੀ ਕਵਿਤਾ ਵਿੱਚ ਵੀ ਜ਼ਿੰਦਗੀ ਦੀ ਸਾਰਥਿਕਤਾ ਅਤੇ ਆਦਰਸ਼ ਦੀ ਗ਼ੈਰ ਹਾਜ਼ਰੀ ਕਾਰਨ ਮਨੁੱਖ ਅਸੰਤੁਸ਼ਟ ਨਜ਼ਰ ਅਉਂਦਾ ਹੈ:-@

ਸੂਝਾਂ ਦੀ ਔਰਤ ਦੀ ਕੁੱਖੋਂ

ਜਿਹੜਾ ਵੀ ਆਦਰਸ਼ ਜਨਮਦਾ

ਇਕ ਸਤਮਾਹੇ ਬੱਚੇ ਵਾਂਗੂ

ਛਿਣਾਂ ਪਲਾਂ ਵਿੱਚ ਮਰ ਮੁਕ ਜਾਂਦਾ

ਬਚਦਾ ਜੇ ਪਰਛਾਵੇਂ ਪੈ ਕੇ

ਸੜ ਸੁਕ ਜਾਂਦਾ

ਅਜਾਇਬ ਕਮਲ ਕਦੇ ਕਦੇ ਜ਼ਿੰਦਗੀ ਤੋਂ ਨਿਰਾਸ਼ ਹੋ ਜਾਂਦਾ ਹੈ। ਅਜਨਬੀਅਤ ਉਸ ਉਪਰ ਭਾਰੂ ਹੋ ਜਾਂਦੀ ਹੈ। ਡਾ. ਰਾਜਿੰਦਰ ਪਾਲ ਸਿੰਘ ਦੇ ਅਨੁਸਾਰ 'ਉਸ ਦਾ ਨਾਇਕ ਸਾਰੇ ਸਮਾਜਿਕ ਖਲਜਗਣਾਂ ਤੋਂ ਖਹਿੜਾ ਛੁਡਾ ਕੇ ਆਪਣੇ ਆਪ ਵਿਚ ਰਹਿਣਾ ਚਾਹੁੰਦਾ ਹੈ। ਕਵਿਤਾ ਦੀ ਸਮਾਜਿਕ ਸਾਰਥਕਤਾ ਤਾਂ ਕਵੀ ਆਪ ਹੀ ਚੇਤੰਨ ਹੋ ਕੇ ਖਤਮ ਕਰ ਲੈਂਦਾ ਹੈ ਪਰ ਉਸ ਦੀ ਸਾਹਿਤਕ ਸਾਰਥਕਤਾ ਵੀ ਖਤਮ ਹੋ ਜਾਂਦੀ ਹੈ ਜਦੋਂ ਸਾਰੀ ਕਵਿਤਾ ਮੈਂ ਕੇਂਦਰਤ ਨਿੱਜੀ ਰੁਦਨ ਬਣ ਕੇ ਰਹਿ ਜਾਵੇ। ਕਦੇ-ਕਦੇ ਉਸ ਦੀ ਕਵਿਤਾ ਮੈਂ ਕੇਂਦਰਤ ਨਿੱਜੀ ਰੁਦਨ ਬਣ ਕੇ ਰਹਿ ਜਾਂਦੀ ਹੈ ਅਤੇ ਕਦੇ-ਕਦੇ ਉਸ ਦੀ ਕਵਿਤਾ ਵਿਚ ਮਨੁੱਖੀ ਨਿਰਾਸ਼ਤਾ ਦੇ ਦਾਰਸ਼ਨਿਕ ਅਰਥ ਲੱਭਣ ਦੀ ਕੋਸ਼ਿਸ਼ ਕੀਤੀ ਮਿਲਦੀ ਹੈ। ਉਸ ਦੇ

ਅਜਿਹੇ ਯਤਨ ਉਸ ਦੀ ਕਵਿਤਾ ਨੂੰ ਆਧੁਨਿਕ ਛੁਹ ਹੀ ਨਹੀਂ ਬਖ਼ਸ਼ਦੇ ਸਗੋਂ ਕਾਵਿ ਲਈ ਨਵੇਂ ਆਯਾਮ ਵੀ ਖੋਲ੍ਹਦੇ ਹਨ।' ਅਜਾਇਬ ਕਮਲ ਆਧੁਨਿਕ ਮਨੁੱਖ ਦੀ ਦਿਸ਼ਾਹੀਣ ਭਟਕਣ ਨੂੰ ਕਾਵਿ-ਜਾਮਾ ਪਹਿਨਾਉਂਦਾ ਲਿਖਦਾ ਹੈ:-

ਜੀਅ ਵਿਚ ਆਉਂਦੇ

ਕਿੰਜ ਆਪਣੇ ਸਾਹਾਂ ਨੂੰ ਲਭਦੇ

ਦਿਨ ਦੇ ਨੇੜ੍ਹੇ ਦੇ ਵਿਚ ਆਪਾਂ ਭਟਕ ਰਹੇ ਹਾਂ

ਬੁੱਲ੍ਹਾਂ ਤੇ ਸਿਕਰੀ ਹੈ ਜੰਮੀ

ਤਾਲੂ ਨੂੰ ਲਗੀਆਂ ਨੇ ਜੀਭਾਂ

ਧੱਕ ਧੱਕ ਕਰਦੇ ਸੀਨੇ ਸਾਡੇ

ਦੇਆਂ ਦੇ ਇਕ ਅੰਨ੍ਹੇ ਖੂਹ ਵਿਚ

ਆਪਾਂ ਪੁੱਠੇ ਲਟਕੇ ਹਾਂ।

**ਪ੍ਰੀਤਮ ਸਿੰਘ ਰਾਹੀ**

ਪ੍ਰੀਤਮ ਸਿੰਘ ਸਾਰੀ ਮਾਲਵਾ ਖੇਤਰ ਦਾ ਮਹੱਤਵਪੂਰਣ ਕਵੀ ਹੈ ਜਿਹੜਾ ਇਸ ਲਹਿਰ ਨਾਲ ਜੁੜਿਆ ਰਿਹਾ ਹੈ। ਉਹ ਸਾਰੀ ਉਮਰ ਕਾਲਜ ਅਧਿਆਪਕ ਰਹੇ। ਉਨ੍ਹਾਂ ਦੀਆਂ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ: ਕਰੁਣਾ (1960), ਕਚਨਾਰ (1962), ਕੰਜਕਾਂ (1965). ਕਾਇਆ ਦੇ ਰੁੱਖ (1968), ਅੱਥਰਾ ਘੋੜਾ (1975), ਸਾਗਰ ਤੋਂ ਸਲੀਬ ਤੱਕ (1985), ਪਰਤ ਦਰ ਪਰਤ (1987), ਕਾਸ਼ਨੀ ਧੁੱਪਾਂ (1988), ਸੁੱਕੇ ਪੱਤੇ ਦੀ ਦਸਤਕ (1995), ਗ਼ਜ਼ਾਲ (1999)। ਇਸ ਤੋਂ ਇਲਾਵਾ ਉਸ ਦੀ ਚੋਣਵੀਂ ਕਵਿਤਾ ਦੇ ਸੰਗ੍ਰਹਿ ਵੀ ਛਪੇ ਅਤੇ ਇਕ ਕੁਕਨਸ ਹੋਰ (2005) ਨਾਂ ਹੇਠ ਸਮੁੱਚੀਆਂ ਕਵਿਤਾਵਾਂ ਵੀ ਛਪੀਆਂ ਹਨ। ਉਹਨਾਂ ਨੇ ਅਨੁਵਾਦ ਅਤੇ ਸੰਪਾਦਨਾ ਵੀ ਕੀਤੀ। ਉਹ ਬਰਨਾਲੇ ਤੋਂ ਤ੍ਰੈਮਾਸਿਕ ਸਾਹਿਤਕ ਮੈਗਜ਼ੀਨ 'ਮੁਹਾਂਦਰਾ' ਕੱਢਦੇ ਰਹੇ ਹਨ। ਉਸ ਨੇ ਸਾਰੀ ਉਮਰ ਪ੍ਰਗਤੀਸ਼ੀਲ ਵਿਚਾਰਾਂ ਤੇ ਪਹਿਰਾ ਦਿੱਤਾ ਅਤੇ ਸਾਹਿਤਕ ਹਲਕਿਆਂ ਵਿੱਚ ਸਰਗਰਮ ਰਿਹਾ ਹੈ। ਬੁਨਿਆਦੀ ਤੌਰ ਤੇ ਉਹ ਕਮਿਊਨਿਸਟ ਵਿਚਾਰਧਾਰਾ ਨਾਲ ਜੁੜਿਆ ਹੋਇਆ ਕਵੀ ਸੀ। ਇਸ ਲਈ ਉਸਦੀ ਕਵਿਤਾ ਵਿੱਚ ਪ੍ਰਯੋਗਸ਼ੀਲ ਅਤੇ ਪ੍ਰਗਤੀਵਾਦੀ ਵਿਚਾਰਧਾਰਾ ਦਾ ਰਲਵਾਂ ਮਿਲਵਾਂ ਪ੍ਰਭਾਵ ਨਜ਼ਰ ਆਉਂਦਾ ਹੈ:-

ਪਾਰਕਰ ਦੇ ਪੈੱਨ ਦੀ

ਨਿੱਬ ਟੁੱਟ ਗਈ ਹੈ

ਨਹੀਂ ਤਾਂ ਅਸੀਂ

ਕਿਸਾਨਾਂ ਮਜ਼ਦੂਰਾਂ ਦੀਆਂ ਮੁਸ਼ਕਲਾਂ ਤੇ

ਹੋਰ ਵੀ ਕਵਿਤਾਵਾਂ ਲਿਖਦੇ।

**ਸੁਰਿੰਦਰ ਗਿੱਲ**

ਸੁਰਿੰਦਰ ਸਿੰਘ ਗਿੱਲ ਇਸ ਲਹਿਰ ਨਾਲ ਜੁੜਿਆ ਹੋਇਆ ਇੱਕ ਹੋਰ ਮਹੱਤਵਪੂਰਣ ਕਵੀ ਹੈ। ਉਹ ਬਹੁਤਾ ਸਮਾਂ ਸਕੂਲ ਅਧਿਆਪਨ ਨਾਲ ਜੁੜੇ ਰਹੇ। ਕੁਝ ਦੇਰ ਪੱਤਰਕਾਰੀ ਵੀ ਕੀਤੀ। ਉਸ ਦੀਆਂ ਕਾਵਿ-ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ : ਸ਼ਗਨ(1963). ਸਫ਼ਰ ਤੇ ਸੂਰਜ(1967), ਗੂੰਗਾ ਦਰਦ(1987), ਆਵਾਜ਼(1998) ਹੁਣ ਧੀਆਂ ਦੀ ਵਾਰੀ(2005),ਦੋਸਤੀ ਦੀ ਰੁੱਤ (2007) ਉਦੈ ਤੋਂ ਅਸਤ ਹੋਣ ਤੀਕ, ਮਨ ਦਾ ਅਥਰਾ ਘੋੜਾ ਸੁਰਿੰਦਰ ਗਿੱਲ ਪ੍ਰਗਤੀਵਾਦੀ ਵਿਚਾਰਾਂ ਦਾ ਕਵੀ ਹੈ ਅਤੇ ਪ੍ਰਗੀਤ ਉਸ ਦੀ ਵਿਸ਼ੇਸ਼ਗਤਾ ਹੈ। ਛੱਟਾ ਚਾਨਣਾਂ ਦਾ ਦੇਈ ਜਾਣਾ ਉਨ੍ਹਾਂ ਦਾ ਪ੍ਰਸਿੱਧ ਗੀਤ ਹੈ। ਇਸ ਤੋਂ ਇਲਾਵਾ ਉਸ ਦੀਆਂ ਹੋਰ ਵੀ ਕਈ ਕਵਿਤਾਵਾਂ ਲੋਕਾਂ ਵਿੱਚ ਪ੍ਰਚਲਿਤ ਰਹੀਆਂ ਹਨ।

ਪ੍ਰਯੋਗਸ਼ੀਲ ਲਹਿਰ ਦੇ ਕਵੀਆਂ ਨੇ ਪੰਜਾਬੀ ਜਨ ਚੇਤਨਾ ਨੂੰ ਇਕ ਵਾਰ ਤਾਂ ਬਹੁਤ ਪ੍ਰਭਾਵਿਤ ਕੀਤਾ ਪਰ ਇਹ ਲਹਿਰ ਬਹੁਤੀ ਦੇਰ ਟਿਕ ਨਹੀਂ ਸਕੀ। ਛੇਤੀ ਹੀ ਇਸ ਤੋਂ ਲੋਕਾਂ ਦਾ ਮੋਹ ਭੰਗ ਹੋ ਗਿਆ । ਬੌਧਿਕ ਹਲਕਿਆਂ ਨੇ ਵੀ ਇਸ ਲਹਿਰ ਨੂੰ  ਬਹੁਤਾ ਸਵੀਕਾਰ ਨਹੀਂ ਕੀਤਾ। ਇਸ ਲਹਿਰ ਦੀ ਕਵਿਤਾ ਦੀ ਬਹੁਤ ਸਾਰੀਆਂ ਸਮਾਜਿਕ ਸਭਿਆਚਾਰਕ ਰਾਜਸੀ  ਅਤੇ ਅਸਤਿਤਵਿਕ ਸੀਮਾਵਾਂ ਸਨ। ਇਹ ਕਵੀ ਆਧੁਨਿਕ ਪੂੰਜੀਵਾਦੀ ਮਨੁੱਖ ਦੇ ਮਾਨਸਿਕ ਵਿਸ਼ਾਦਾਂ ਦਾ ਜਾਹਰਾ ਰੂਪ ਸਨ ਇਸ ਦਾ ਸਬੰਧ ਨਿੱਜੀ ਆਕਾਖਿਆਵਾਂ ਨਾਲ ਵਧੇਰੇ ਸੀ ਅਤੇ ਸਮਾਜਿਕ ਵਾਸਤਵਿਕਤਾ ਨਾਲ ਇਸ ਦਾ ਕੋਈ ਸਬੰਧ ਨਹੀਂ ਸੀ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਇਹ ਕਵੀ ਸਿਰਫ਼ ਪ੍ਰਯੋਗ ਲਈ ਹੀ ਪ੍ਰਯੋਗ ਕਰ ਰਹੇ ਸਨ। ਸੋ ਕਾਵਿ ਲਹਿਰ ਕੋਈ ਚਮਤਕਾਰ ਕਰਨ ਦੀ ਥਾਂ ਇਕ ਵਾਵਰੋਲੇ ਤਰ੍ਹਾਂ ਆਈ ਅਤੇ ਅੱਧੇ ਪੌਣੇ ਦਹਾਕੇ ਵਿੱਚ ਸਿੱਥਲ ਹੋ ਗਈ।

**2.5 ਸੁਹਜਵਾਦੀ/ਵਿਅਕਤੀ ਕੇਂਦਰਿਤ/ ਆਧੁਨਿਕਤਾਵਾਦੀ ਕਾਵਿ ਪ੍ਰਵਿਰਤੀ** (ਤੀਸਰੀ ਪੀੜ੍ਹੀ)

ਆਧੁਨਿਕ ਪੰਜਾਬੀ ਕਾਵਿ ਦਾ ਤੀਸਰਾ ਦੌਰ ਛੇਵੇਂ ਦਹਾਕੇ ਵਿਚ ਵੱਖਰੀ ਕਾਵਿਕ ਸੰਵੇਦਨਾ, ਵਿਸ਼ਾਗਤ ਪੇਸ਼ਕਾਰੀ ਤੇ ਕਾਵਿਕ ਜੁਗਤਾਂ ਸਿਰਜਣ ਵਾਲਾ ਹੈ। ਇਹ ਦੌਰ ਪ੍ਰਗਤੀਵਾਦੀ ਕਾਵਿ ਦੇ ਮੁਕਾਬਲਤਨ ਵਿਗਠਨ ਤੇ ਇਕੋ ਵੇਲੇ ਤਿੰਨ ਧਾਰਾਵਾਂ ਦੇ ਸਮਾਨਾਂਤਰ ਵਿਗਸਣ ਦਾ ਕਾਲ ਹੈ। ਇਸ ਦੇ ਦੋ ਸਪਸ਼ਟ ਪਹਿਲੂ ਹਨ। ਪਹਿਲਾ ਪੰਜਾਬੀ ਕਵਿਤਾ ਬਹੁਪੱਖੀ ਵਿਕਾਸ ਦੇ ਉਸ ਪੜਾਅ ਤੇ ਪਹੁੰਚ ਜਾਂਦੀ ਹੈ ਜਿਥੇ ਇਕੋ ਕਵੀ, ਇਕੋ ਵਾਦ ਜਾਂ ਇਕੋ ਪ੍ਰਵਿਰਤੀ ਸਾਰੇ ਸਾਹਿਤਕ ਸੰਸਾਰ ਦਾ ਮੁੱਦਾ ਨਹੀਂ ਰਹਿੰਦੀ। ਭਾਵ ਸਿਰਜਣਾਤਮਕ ਵੰਨ-ਸੁਵੰਨਤਾ ਦਾ ਦੌਰ ਸ਼ੁਰੂ ਹੁੰਦਾ ਹੈ। ਦੂਸਰੇ ਬਦਲਦੇ ਤੇ ਜਟਿਲ ਹੋ ਰਹੇ ਸਮਾਜਕ ਯਥਾਰਥ ਦੀਆਂ, ਨਿਜਪਰਕ ਹੋਂਦ ਦੀਆਂ ਬਹੁਪਰਤੀ ਸੰਭਾਵਨਾਵਾਂ ਤੇ ਸਮੱਸਿਆਵਾਂ ਇਕਹਿਰੇ, ਸਤਹੀ ਤੇ ਇਕੋ ਪ੍ਰਕਾਰ ਦੇ ਕਾਵਿਕ ਉਚਾਰ ਨੂੰ ਬਦਲ ਦਿੰਦੀਆਂ ਹਨ। ਇਸ ਤੋਂ ਅਗਲੇਰੇ ਪੰਜਾਬੀ ਸਾਹਿਤ ਦੇ ਦੌਰ ਸਮਾਨਾਂਤਰ ਸਾਹਿਤ ਸਿਰਜਣਾ ਦੇ ਦੌਰ ਹਨ। ਅੰਤਰਰਾਸ਼ਟਰੀ ਪਰਿਪੇਖ ਵਿਚ ਤੀਸਰੇ ਸੰਸਾਰ ਦੇ ਮੁਲਕਾਂ ਦਾ ਵੱਖਰਾ ਯਥਾਰਥ ਉਭਰਦਾ ਹੈ। ਅੰਤਰਰਾਸ਼ਟਰੀ ਕਮਿਊਨਿਸਟ ਲਹਿਰ ਦੇ ਦੁਫਾੜ ਅਤੇ ਅੱਗੋਂ ਭਾਰਤੀ ਕਮਿਊਨਿਸਟ ਲਹਿਰ ਦੇ ਦੁਫਾੜ ਹੋ ਕੇ ਵਿਭਿੰਨ ਗੁਟ ਅਤੇ ਪਾਰਟੀਆਂ ਬਣ ਜਾਂਦੀਆਂ ਹਨ ਜਿਸ ਕਰ ਕੇ ਇਕਪੱਖੀ ਪ੍ਰਗਤੀਵਾਦੀ ਵਿਚਾਰਧਾਰਾ ਅੱਗੇ ਪ੍ਰਸ਼ਨ ਚਿੰਨ੍ਹ ਲਗਦੇ ਹਨ। ਆਜਾਦੀ ਦੇ ਲਗਭਗ 20 ਸਾਲਾਂ ਪਿਛੋਂ ਗੰਭੀਰ ਰਾਜਨੀਤਕ ਸੰਕਟ, ਆਰਥਿਕ ਮੁਸੀਬਤਾਂ ਤੇ ਸਭਿਆਚਾਰਕ ਅਸੰਤੁਸ਼ਟਤਾ ਦਾ ਮਾਹੌਲ ਉਭਰਦਾ ਹੈ। ਇਹ ਨਵੀਆਂ ਕਾਵਿ-ਪ੍ਰਵਿਰਤੀਆਂ ਇਸ ਸੰਕਟਕਾਲੀਨ ਯਥਾਰਥ ਬੋਧ ਦਾ ਕਾਵਿਕ ਉਚਾਰ ਹੀ ਹਨ। ਇਹਨਾਂ ਪ੍ਰਵਿਰਤੀਆਂ ਵਿਚ ਬੁਨਿਆਦੀ ਕਾਵਿਕ ਵੱਖਰੇਵੇਂ ਹਾਜਰ ਹਨ। ਇਸ ਦੌਰ ਦੀ ਕਵਿਤਾ ਨੂੰ ਕਈ ਵਾਰ ਆਧੁਨਿਕ ਕਵਿਤਾ ਵੀ ਕਹਿ ਲਿਆ ਜਾਂਦਾ ਹੈ।

ਇਹ ਕਵਿਤਾ ਬੁਨਿਆਦੀ ਤੌਰ ਤੇ ਮਨੁੱਖ ਦੇ ਮਨੋਭਾਵਾਂ ਅਤੇ ਮਨੁੱਖ ਦੀ ਸੁਹਜ ਸੰਵੇਦਨਾ ਨਾਲ ਜੁੜੀ ਹੋਈ ਹੈ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ 'ਇਸ ਪ੍ਰਵਿਰਤੀ ਦੇ ਅੰਤਰਗਤ ਆਂਤਰਿਕ ਸਮਾਜਕ ਯਥਾਰਥ ਵਿਸ਼ੇਸ ਕਰ ਮਨੁੱਖੀ ਮਨੋਸੰਸਾਰ ਦੇ ਕਰਮਾਂ ਪ੍ਰਤਿਕਰਮਾਂ, ਤਰਕਾਂ ਵਿਤਰਕਾਂ, ਇਛਾਵਾਂ, ਅਪੂਰਤੀਆਂ ਦਾ ਕੇਂਦਰੀ ਸੁਰ ਉਭਰਦਾ ਹੈ। ਬਾਹਰਵਰਤੀ ਸਮਾਜਕ ਯਥਾਰਥ ਦੀ ਨਿਰਪੇਖ ਸਤਾ ਦੂਜੈਲੀ ਹੋ ਜਾਂਦੀ ਹੈ। ਵਿਅਕਤੀ ਕੇਂਦਰਿਤ ਸਰੋਕਾਰ ਮੁੱਖ ਟੇਕ ਬਣਦੇ ਹਨ। ਮਨੋਬਚਨੀ, ਸਵੈਗਤ ਕਥਨ, ਇਕਬਾਲੀਆ ਬਿਆਨ, ਤਨਜ਼ ਅਤੇ ਸਵੈ ਕਟਾਖਸ਼ ਮੂਲ ਕਾਵਿਕ ਜੁਗਤਾਂ ਵਜੋਂ ਉਭਰਦੇ ਹਨ। ਇਹ ਕਾਵਿਕ ਪ੍ਰਵਿਰਤੀ ਵਿਚਾਰ, ਐਲਾਨ ਜਾਂ ਨਾਹਰੇ ਦੀ ਬਜਾਏ ਸੁਹਜਭਾਵੀ, ਜਜ਼ਬਾਤੀ ਅਤੇ ਸਵੈ-ਸੰਬੋਧਨੀ ਸੰਚਾਰ ਨੂੰ ਪਹਿਲਤਾ ਦਿੰਦੀ ਹੈ।'(ਪੰਜਾਬੀ ਸਾਹਿਤ ਦਾ ਇਤਿਹਾਸ-ਆਧੁਨਿਕ ਕਾਲ ਪੰਨਾ-49) ਇਸ ਧਾਰਾ ਦੇ ਅੰਤਰਗਤ ਅਸੀਂ ਹਰਿਭਜਨ ਸਿੰਘ, ਸ. ਸ. ਮੀਸ਼ਾ, ਜਸਵੰਤ ਸਿੰਘ ਨੇਕੀ,ਸੁਰਜੀਤ ਹਾਂਸ, ਸ਼ਿਵ ਕੁਮਾਰ ਬਟਾਲਵੀ, ਤਾਰਾ ਸਿੰਘ, ਭਗਵੰਤ ਸਿੰਘ, ਭੂਸ਼ਨ ਧਿਆਨਪੁਰੀ ਆਦਿ ਦੀ ਕਵਿਤਾ ਨੂੰ ਵਿਚਾਰ ਸਕਦੇ ਹਾਂ।

**ਡਾ. ਹਰਿਭਜਨ ਸਿੰਘ**

ਡਾ. ਹਰਿਭਜਨ ਸਿੰਘ ਇਸ ਕਾਵਿ ਪ੍ਰਵਿਰਤੀ ਦਾ ਪ੍ਰਮੁੱਖ ਪਰਵਕਤਾ ਮੰਨਿਆ ਜਾਂਦਾ ਹੈ। ਆਪਣੇ ਦੌਰ ਵਿੱਚ ਉਸਨੇ ਪ੍ਰਗਤੀਵਾਦੀ ਅਤੇ ਪ੍ਰਯੋਗਵਾਦੀ ਦੋਹਾਂ ਕਾਵਿ ਪ੍ਰਵਿਰਤੀਆਂ ਦੇ ਪ੍ਰਤਿਰੋਧ ਵਜੋਂ ਇਸ ਧਾਰਾ ਦੇ ਅੰਤਰਗਤ ਕਾਵਿ ਰਚਨਾ ਕਰਨੀ ਸ਼ੁਰੂ ਕੀਤੀ। ਉਹ ਪੰਜਾਬੀ ਦੇ ਕਵੀ ਹੋਣ ਤੋਂ ਇਲਾਵਾ ਆਲੋਚਕ ਵੀ ਸਨ। ਉਨ੍ਹਾਂ ਦੀ ਹਿੰਦੀ ਅਤੇ ਅੰਗਰੇਜ਼ੀ ਭਾਸ਼ਾ ਉਤੇ ਪੂਰੀ ਪਕੜ ਸੀ। ਉਨ੍ਹਾਂ ਦੀਆਂ ਕਾਵਿ-ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ: ਲਾਸਾਂ (1956), ਅਧਰੈਣੀ (1962), ਨਾ ਧੁੱਪੇ ਨਾ ਛਾਵੇਂ (1967). ਸੜਕ ਦੇ ਸਫੇ ਉਤੇ (1970), ਮੈਂ ਜੋ ਬੀਤ ਗਿਆ (1970), ਅਲਫ ਦੁਪਹਿਰ (1972), ਟੁੱਕੀਆਂ ਜੀਭਾਂ ਵਾਲੇ (1977), ਮਹਿਕਾਂ ਨੂੰ ਜਿੰਦਰੇ ਨਾ ਮਾਰੀ (1983), ਅਲਵਿਦਾ ਤੋਂ ਪਹਿਲਾਂ (1984), ਮਾਵਾਂ ਧੀਆਂ (1989), ਨਿੱਕ-ਸੁੱਕ (1989), ਮੇਰੀ ਕਾਵਿ-ਯਾਤਰਾ (1989). ਚੌਥੇ ਦੀ ਉਡੀਕ (1991), ਰੁੱਖ ਤੇ ਰਿਸ਼ੀ (1992), ਮੇਰਾ ਨਾਉਂ ਕਬੀਰ (2000) ਆਦਿ । ਡਾ. ਹਰਿਭਜਨ ਸਿੰਘ ਦਾ ਕਾਵਿ ਸਫ਼ਰ ਬਹੁਤ ਲੰਮਾ ਹੈ। ਉਹ ਬਹੁਤ ਸਾਰੀਆਂ ਪ੍ਰਵਿਰਤੀਆਂ ਅਤੇ ਲਹਿਰਾਂ ਦੇ ਨਾਲ ਨਾਲ ਕਾਵਿ ਸਿਰਜਣਾ ਕਰਦਾ ਰਿਹਾ ਹੈ। ਡਾ. ਹਰਿਭਜਨ ਸਿੰਘ ਇਨ੍ਹਾਂ ਲਹਿਰਾਂ ਤੋਂ ਪ੍ਰਭਾਵਿਤ ਵੀ ਹੁੰਦਾ ਰਿਹਾ ਪਰ ਉਸ ਨੇ ਆਪਣੀ ਮੌਲਿਕ ਪਛਾਣ ਕਾਇਮ ਰੱਖੀ। ਉਸਦੀ ਕਾਵਿ ਰਚਨਾ ਵਿੱਚ ਵੰਨ ਸੁਵੰਨਤਾ ਨਜ਼ਰ ਆਉਂਦੀ ਹੈ। ਉਸਨੇ ਪ੍ਰਗੀਤ ਵੀ ਲਿਖੇ, ਖੁੱਲ੍ਹੀ ਕਵਿਤਾ, ਲੰਬੀ ਬਿਰਤਾਂਤਕ ਕਵਿਤਾ ਅਤੇਵਕਾਵਿ ਨਾਟ ਵੀ ਲਿਖੇ ਹਨ। ਉਸਨੇ ਜਿੱਥੇ ਹਲਕੇ ਫੁਲਕੇ ਪ੍ਰਗੀਤ ਲਿਖੇ ਹਨ ਉਥੇ ਬੌਧਿਕ ਪਕਿਆਈ ਵਾਲੀ ਕਵਿਤਾ ਵੀ ਲਿਖੀ ਹੈ। ਸੰਗੀਤਕਤਾ ਅਤੇ ਬੌਧਿਕ ਗਹਿਰਾਈ ਉਸਦੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਉਸਨੇ ਜਿੱਥੇ ਤੇਰੇ ਹਜੂਰ ਮੇਰੀ ਹਾਜ਼ਰੀ ਦੀ ਦਾਸਤਾਨ, ਕੇਵਲ ਸ਼ਰਧਾਂਜਲੀ ਅਤੇ ਹਰਿਮੰਦਰ ਸਾਹਿਬ ਤੱਕ ਵਰਗੀਆਂ ਸਿੱਖ ਇਤਿਹਾਸ ਨੂੰ ਪ੍ਰਸੰਗ ਬਣਾ ਕੇ ਵੱਡਮੁੱਲੀਆਂ ਕਵਿਤਾਵਾਂ ਲਿਖੀਆਂ ਉਥੇ ਆਧੁਨਿਕ ਮਨੁੱਖ ਦੀ ਲਘੁਤਾ ਦਾ ਮਖੌਲ ਉਡਾਉਣ ਵਾਲੀਆਂ ਕਵਿਤਾਵਾਂ ਵੀ ਲਿਖੀਆਂ ਹਨ। ਇਕ ਪਾਸੇ ਉਹ 'ਰੁੱਖ ਤੇ ਰਿਸ਼ੀ' ਵਰਗੀ ਲੰਬੀ ਬਿਰਤਾਂਤਕ ਰਚਨਾ ਰਚਦਾ ਹੈ ਦੂਸਰੇ ਪਾਸੇ 'ਤ੍ਰੇਲ ਤੁਪਕਾ' ਵਰਗੇ ਕਾਵਿ ਨਾਟ ਦੀ ਰਚਨਾ ਕਰਦਾ ਹੈ। ਉਸਦੀ ਕਾਵਿ ਪ੍ਰਤਿਭਾ ਦੇ ਸਦਕੇ ਉਸਨੂੰ ਭਾਰਤੀ ਸਾਹਿਤ ਅਕਾਦਮੀ, ਸਰਸਵਤੀ ਐਵਾਰਡ ਅਤੇ ਕਬੀਰ ਪੁਰਸਕਾਰ ਆਦਿ ਵਕਾਰੀ ਇਨਾਮ ਪ੍ਰਾਪਤ ਹੋਏ ਹਨ। ਉਸ ਦੀ ਕਵਿਤਾ ਵਿੱਚੋਂ ਕੁੱਝ ਨਮੂਨੇ ਹਾਜ਼ਰ ਹਨ:-

(ੳ) ਵੇ ਮੈਂ ਭਰੀ ਸੁਗੰਧੀਆਂ ਪੌਣ

ਸੱਜਣ ਤੇਰੇ ਬੂਹੇ

ਵੇ ਤੂੰ ਇੱਕ ਵਾਰੀ ਤਕ ਲੈ ਕੌਣ

ਸੱਜਣ ਤੇਰੇ ਬੂਹੇ।

(ਅ) ਅੱਧੀ ਰਾਤੀ ਕੰਜਕਾ ਜਾਗੀ,

ਮਾਂ ਨੂੰ ਪਈ ਜਗਾਏ।

ਮਾਏ ਨੀ ਮੇਰੇ ਢਿੱਡ ਵਿੱਚ ਚਾਨਣ

ਮੈਨੂੰ ਪਿਆ ਬੁਲਾਏ।

(ੲ) ਪ੍ਰਭ ਜੀ ਵਾਰ ਵਾਰ ਅਵਤਰੇ

ਹਰਨਾਖਸ਼ ਨਹੀਂ ਮਰੇ।

ਇਸੇ ਤਰ੍ਹਾਂ ਉਹ ਆਧੁਨਿਕ ਮਨੁੱਖ ਦੀ ਅਸਤਿਤਵੀ

ਟੁੱਟ ਭੱਜ ਨੂੰ ਬਿਆਨ ਕਰਦਾ ਲਿਖਦਾ ਹੈ ਕਿ:-

ਕਵੀ ਦਰਪਣ 'ਚ ਆਪਣੇ ਆਪ ਨੂੰ ਮਿਲਦਾ ਹਾਂ, ਤਾਂ ਖੰਡਿਤ ਜਿਹਾ ਦੀਦਾ ਹੁੰਦਾ ਹੈ

ਅਬਾਜੂ ਹੱਥ, ਅਧੜ ਗਰਦਨ, ਅਸਿਰ ਮੱਥਾ ਕਿਸੇ ਬੁਰਕੀ ਹੋਈ ਤਸਵੀਰ ਦੇ

ਬਾਕੀ ਬਚੇ ਹਿੱਸੇ

ਮੈਂ ਆਪਣੇ ਆਪ ਦੀ ਬਾਕੀ

ਆਪਣਾ ਸਗਲ ਦੀਦਾਰ ਮੰਗਦਾ ਹਾਂ।

ਇਹ ਵੀ ਸੱਚ ਹੈ ਕਿ ਹਰਿਭਜਨ ਸਿੰਘ ਨਿਰੋਲ ਆਤਮ-ਦਵੰਦ ਦਾ ਹੀ ਕਵੀ ਨਹੀਂ ਹੈ ਸਗੋਂ ਉਹ ਮਾਨਵੀ ਸੰਵੇਦਨਾ ਅਤੇ ਤਿੱਖੇ ਵਿਅੰਗ ਵਾਲਾ ਕਵੀ ਵੀ ਹੈ।

**ਜਸਵੰਤ ਸਿੰਘ ਨੇਕੀ**

ਜਸਵੰਤ ਸਿੰਘ ਨੇਕੀ ਬੁਨਿਆਦੀ ਤੌਰ ਤੇ ਚਕਿਤਸਾ ਦੇ ਕਿੱਤੇ ਨਾਲ ਜੁੜਿਆ ਹੋਇਆ ਚੇਤਨ ਵਿਅਕਤੀ ਹੈ। ਉਸਨੇ ਉੱਚ-ਪੱਧਰੀ ਡਾਕਟਰੀ ਸਿੱਖਿਆ ਹਾਸਿਲ ਕੀਤੀ ਅਤੇ ਮਨੋਵਿਗਿਆਨ ਵਿਚ ਵਿਸ਼ੇਸ਼ ਯੋਗਤਾ ਪ੍ਰਾਪਤ ਕੀਤੀ ਹੈ। ਉਹ ਪੀ.ਜੀ.ਆਈ. ਚੰਡੀਗੜ੍ਹ ਦੇ ਡਾਇਰੈਕਟਰ ਵੀ ਰਹੇ ਅਤੇ ਵਿਸ਼ਵ ਸਿਹਤ ਸੰਗਠਨ ਨਾਲ ਵੀ ਜੁੜੇ ਰਹੇ ਹਨ। ਜਸਵੰਤ ਸਿੰਘ ਨੇਕੀ ਨੂੰ ਨਵ- ਰਹੱਸਵਾਦੀ ਬੌਧਿਕ ਕਵੀ ਆਖਿਆ ਜਾਂਦਾ ਹੈ। ਉਸ ਦੀ ਪਹਿਲੀ ਪੁਸਤਕ 'ਅਸਲੇ ਤੇ ਓਹਲੇ' 1955 ਵਿੱਚ ਛਪਦੀ ਹੈ। ਉਸ ਤੋਂ ਬਾਅਦ ਇਹ ਮੇਰੇ ਸੰਸੇ, ਇਹ ਮੇਰੇ ਗੀਤ (1957), ਸਿਮਰਤੀ ਦੀ ਕਿਰਨ ਤੋਂ ਪਹਿਲਾਂ (1975), ਕਰੁਣਾ ਦੀ ਛੁਹ ਤੋਂ ਮਗਰੋਂ (1978), ਪ੍ਰਤੀਬਿੰਬਾਂ ਦੇ ਸਰੋਵਰ 'ਚੋਂ (1981), ਸਤਿ ਸੁਹਾਨ (1981), ਨਾ ਇਹ ਗੀਤ ਨਾ ਇਹ ਬਿਰਹੜਾ (1983), ਬਿਰਖੈ ਹੇਠ ਸਭਿ ਜੰਤ (1989), ਗੀਤ ਮੇਰਾ ਸੋਹਿਲਾ ਤੇਰਾ (1991), ਸੁਗੰਧ ਆਬਨੂਸ ਦੀ (2004) ਤੋਂ ਇਲਾਵਾ 'ਕੋਈ ਨਾਉਂ ਨਾ ਜਾਣੇ ਮੇਰਾ' (2000) ਨਾਂ ਹੇਠ ਆਪਣੀ ਸਵੈ-ਜੀਵਨੀ ਵੀ ਕਵਿਤਾ ਵਿਚ ਲਿਖੀ। ਡਾ. ਰਾਜਿੰਦਰ ਪਾਲ ਬਰਾੜ ਦੇ ਅਨੁਸਾਰ, 'ਨੇਕੀ ਭਾਈ ਵੀਰ ਸਿੰਘ ਵਾਲੀ ਅਧਿਆਤਮਿਕ ਧਾਰਾ ਦਾ ਹੀ ਕਵੀ ਹੈ ਜਿਸ ਵਿਚ ਰਹੱਸਵਾਦ ਦਾ ਰੰਗ ਭਾਰੂ ਹੈ ਪਰ ਆਧੁਨਿਕ ਯੁੱਗ ਦੀ ਨਵੀਂ ਚੇਤਨਾ ਦੇ ਸਮਿਸ਼ਰਣ ਕਾਰਨ ਉਹ ਆਪਣੀ ਪਰੰਪਰਾ ਤੋਂ ਕੁਝ ਵੱਖਰਾ ਹੋ ਗਿਆ। ਨੇਕੀ ਦੀ ਕਵਿਤਾ ਵਿਚ ਵਿਗਿਆਨਕ ਦ੍ਰਿਸ਼ਟੀ ਅਤੇ ਧਾਰਮਿਕ ਦ੍ਰਿਸ਼ਟੀ ਦਾ ਦਵੰਦ ਵੀ ਹੈ। ਵਿਗਿਆਨ ਸੰਸਾਰ ਨੂੰ ਜਾਣਨਯੋਗ ਸਮਝਦਾ ਹੈ, ਜਾਣਨ ਦੀ ਕੋਸ਼ਿਸ਼ ਕਰਦਾ ਹੈ ਅਤੇ ਜੋ ਕੁਝ ਨਹੀਂ ਜਾਣਿਆ ਗਿਆ, ਉਸ ਨੂੰ ਜਾਣਨ ਦੀ ਇੱਛਾ ਰੱਖਦਾ ਹੈ। ਇਉਂ ਉਹ ਗਿਆਨ-ਮਾਰਗ ਨੂੰ ਵਿਕਾਸ ਮਾਰਗ ਸਮਝਦਾ ਹੈ ਪਰ ਇਸ ਦੇ ਉਲਟ ਧਾਰਮਿਕ ਦ੍ਰਿਸ਼ਟੀ ਅੰਤਮ ਸੱਚ ਨੂੰ ਮਾਨਵ ਦੇ ਜਾਣਨ ਦੀ ਸਮਰੱਥਾ ਤੋਂ ਪਰੇ ਸਮਝਦੀ ਹੈ ਅਤੇ ਇਹ ਸਮਝਦੀ ਹੈ ਕਿ ਜੇ ਅੰਤਮ ਸੱਤਾ ਦੀ ਮਰਜ਼ੀ ਹੋਵੇ ਤਾਂ ਹੀ ਉਹ ਆਪਣੇ ਬਾਰੇ ਜਾਣਨ ਲਈ ਖੋਜੀ ਤੇ ਮਿਹਰ ਕਰ ਸਕਦੀ ਹੈ'(ਉਹੀ ਰਚਨਾ, ਪੰਨਾ 168.) ਪੇਸ਼ ਹਨ ਉਸਦੀ ਕਵਿਤਾ ਦੇ ਕੁਝ ਨਮੂਨੇ :-

ਸੰਕਿਆਂ ਨੇ ਢਾਏ ਸਭ ਮੀਨਾਰੇ

ਧਰਮਾਂ, ਭਰਮਾਂ, ਕਰਮਾਂ ਵਾਲੇ

ਅੱਜ ਇਸ ਮਲਬੇ ਦੀ ਢੇਰੀ ਤੋਂ

ਸੂਝ ਨਵੇਰੀ ਜਾਗੀ।

ਉਪਜੇ ਨਵੇਂ ਖਿਆਲ

ਉਸ ਦੀ ਇਹ ਖੋਜੀ ਦ੍ਰਿਸ਼ਟੀ ਜਲਦੀ ਹੀ ਥੱਕ ਜਾਂਦੀ ਹੈ ਅਤੇ ਉਹ ਇਹ ਜਾਣ ਜਾਂਦਾ ਹੈ ਕਿ ਅਜੇ ਬਹੁਤ ਕੁਝ ਜਾਣਨ ਵਾਲਾ ਪਿਆ ਹੈ। ਉਹ ਬ੍ਰਹਿਮੰਡਕ ਵਿਰਾਟ ਪਸਾਰੇ ਸਾਹਮਣੇ ਆਪਣੀ ਹਾਰ ਮੰਨ ਲੈਂਦਾ ਹੈ ਅਤੇ ਅਨੰਤ ਦੇ ਵਿਸਮਾਦੀ ਰੰਗ ਵਿਚ ਰੰਗਿਆ ਜਾਂਦਾ ਹੈ:-

ਅਸੀਂ ਕੀ ਜਾਣ ਸਕਦੇ ਹਾਂ

ਜਦ ਕਿ ਸਾਡੀ ਸਤ ਦੇ ਟੇਕ

ਉਨ੍ਹਾਂ ਸੀਮਿਤ ਤੱਥਾਂ ਉਪਰ ਹੈ

ਜਿਨ੍ਹਾਂ ਨੂੰ ਅਸੀਮ ਨਿੱਤ ਮੇਟ ਰਿਹਾ ਹੈ?

ਇੰਜ ਧਾਰਮਿਕ ਦ੍ਰਿਸ਼ਟੀ ਗਿਆਨ ਇੰਦਰੀਆਂ ਦੀ ਥਾਵੇਂ ਅੰਤਰਮਨ ਦੀ ਸਮਾਧੀ, ਬੁੱਧੀ ਦੀ ਥਾਵੇਂ ਭਗਤੀ ਅਤੇ ਤਰਕ ਦੀ ਥਾਵੇਂ ਵਿਸ਼ਵਾਸ ਦੀ ਧਾਰਨੀ ਹੈ। ਇਉਂ ਡਾ. ਨੇਕੀ ਦੀ ਕਵਿਤਾ ਮਨੋਵਿਗਿਆਨਕ ਛੋਹਾਂ ਦਾ ਆ ਜਾਣਾ ਕੁਦਰਤੀ ਹੈ ਕਿਉਂਕਿ ਇਹ ਉਸਦੇ ਕਿਤੇ ਦਾ ਅਸਰ ਹੈ। ਇਸੇ ਲਈ ਉਸਦੀ ਕਵਿਤਾ ਵਿੱਚ ਭਾਸ਼ਾ ਅਤੇ ਬੁੱਧੀ ਦਾ ਸੁਮੇਲ ਨਜ਼ਰ ਆਉਂਦਾ ਹੈ। ਉਸਦੀ ਰਚਨਾ ਨਾਲ ਪੰਜਾਬੀ ਕਵਿਤਾ ਵਿੱਚ ਮਨੋਵਿਗਿਆਨਕ ਅਤੇ ਦਾਰਸ਼ਨਿਕ ਗਹਿਰਾਈ ਆਉਂਦੀ ਹੈ। ਮਨੋਰੋਗਾਂ ਦਾ ਮਾਹਰ ਹੋਣ ਕਾਰਨ ਮਾਨਸਿਕ ਸੁਹਜ ਸੰਵੇਦਨਾ ਦਾ ਸੰਚਾਰ ਉਸਦੀ ਕਵਿਤਾ ਦਾ ਵਿਸ਼ੇਸ਼ ਲੱਛਣ ਬਣ ਜਾਂਦਾ ਹੈ:-

ਅੱਖੀਓ ਨੀ ! ਜਾਚ ਸਿਖੋ ਵੇਖਣ ਦੀ

ਰੂਪ ਦੁਹਾਈਆਂ ਦਿੱਦਾ ਨੀ।

ਇਹ ਲਿਸ਼ਕੰਦੜਾ ਕੱਚ, ਪਰਦਾ

ਸੋਹਣਾ ਪਾਰ ਵਸੇਂਦਾ ਨੀ।

ਇਸੇ ਤਰ੍ਹਾਂ ਡਾ. ਨੇਕੀ ਦੀ ਕਵਿਤਾ ਵਿੱਚ ਬੋਧਿਕ ਅਤੇ ਦਾਰਸ਼ਨਿਕ ਰੰਗ ਵੀ ਦੇਖਣ ਨੂੰ ਮਿਲਦਾ ਹੈ:-

(ੳ) ਭਰਮਾਂ ਵਿੱਚੋਂ ਉਠ ਕੇ ਬੰਦਾ

ਧਰਮਾਂ ਵਿੱਚੋਂ ਉਠ ਕੇ ਬੰਦਾ

ਇਕ ਸਜਰੇ ਵਿਸਮਾਦ ਜਹੇ ਵਿੱਚ

ਗੁੰਮਦਾ ਗੁੰਮਦਾ ਜਾਏ।

(ਅ) ਮੇਰਾ ਰਸੀਆ ਮਨ ਤਾਂ ਬਸ

ਕਿਸੇ ਸੁਹਜ ਦਾ ਸਵਾਲੀ ਹੈ।

ਇਉਂ ਡਾ. ਨੇਕੀ ਮਨੁੱਖ ਦੇ ਸੁਹਜ ਸਵਾਦ ਦੇ ਨਾਲ ਨਾਲ ਬੌਧਿਕ ਅਤੇ ਦਾਰਸ਼ਨਿਕ ਆਭਾ ਮੰਡਲ ਦੀ ਵੀ ਗੱਲ ਕਰਦਾ ਹੈ। ਉਸਦੇ ਮਾਨਸਿਕ ਜਗਤ ਦੀ ਪੇਸ਼ਕਾਰੀ ਵੀ ਕਰਦਾ ਹੈ ਤੇ ਮਨੁੱਖ ਦੀਆਂ ਬੁਨਿਆਦੀ ਸੁਹਜ ਸੰਵੇਦਨਾਵਾਂ ਦੀ ਯਥਾਰਥਕ ਪੇਸ਼ਕਾਰੀ ਵੀ ਕਰਦਾ ਹੈ।

**ਸ. ਸ. ਮੀਸ਼ਾ**

ਐਸ.ਐਸ. ਮੀਸ਼ਾ ਆਧੁਨਿਕ ਪੰਜਾਬੀ ਕਵਿਤਾ ਵਿਚ ਮੱਧਸ਼੍ਰੇਣਿਕ ਮਨੁੱਖ ਦੀ ਜ਼ਿੰਦਗੀ ਦੇ ਦੰਭ, ਬੇਪ੍ਰਤੀਤੀ, ਭਟਕਣਾ, ਤਲਾਸ਼ ਅਤੇ ਆਧੁਨਿਕ ਮਨੁੱਖ ਦੇ ਦੋਗਲੇ ਕਾਰ ਵਿਹਾਰ ਦਾ ਸੂਖ਼ਮ ਤਨਜਮਈ ਤੇ ਟਕੋਰ ਦੀ ਵਿਧੀ ਰਾਹੀਂ ਪਰਦਾ ਫਾਸ਼ ਕਰਨ ਵਾਲਾ ਪ੍ਰਮੁਖ ਸ਼ਾਇਰ ਹੈ। ਉਸ ਨੇ ਸਰਲ ਭਾਸ਼ਾ ਵਿੱਚ ਕਾਵਿ ਪ੍ਰਵਚਨ ਉਸਾਰਿਆ ਹੈ। ਪੰਜਾਬ, ਪੰਜਾਬੀ ਸਭਿਆਚਾਰ ਅਤੇ ਲੋਕਧਾਰਾ ਵਿੱਚੋਂ ਤਸ਼ਬੀਹਾਂ ਚੁਣ ਕੇ ਕਾਵਿਕ ਨਵਾਂਪਨ ਸਿਰਜਣ ਵਿੱਚ ਉਹ ਸਭ ਤੋਂ ਮੋਹਰੀ ਹੈ। ਭਾਵਾਂ ਦੀ ਤਾਜਗੀ ਤੇ ਜਜਬਾਤੀ ਸੰਕਟਾਂ ਨੂੰ ਪੇਸ਼ ਕਰਨ ਵਿਚ ਮੀਸ਼ਾ ਅਸਾਧਾਰਨ ਤੌਰ ਤੇ ਸਫਲ ਰਿਹਾ ਹੈ। ਡਾ ਜਸਵਿੰਦਰ ਸਿੰਘ ਦੇ ਅਨੁਸਾਰ 'ਉਸ ਦੀ ਨਿੱਕੀ ਕਵਿਤਾ ਤੇ ਗ਼ਜ਼ਲ ਵਿਚ ਬੌਧਿਕਤਾ ਦੇ ਉਹ ਲਾਜਮੀ ਤੱਤ ਹਾਜ਼ਰ ਹਨ, ਜੋ ਨਵੀਂ ਕਵਿਤਾ ਨੂੰ ਸੰਜੀਦਗੀ ਅਤੇ ਡੂੰਘਿਆਈ ਪ੍ਰਦਾਨ ਕਰਦੇ ਹਨ। ਉਹ ਰੁਮਾਂਸਵਾਦੀ ਪ੍ਰਗਤੀਵਾਦੀ ਪ੍ਰਭਾਵਾਂ ਨੂੰ ਤਾਂ ਗ੍ਰਹਿਣ ਕਰਦਾ ਹੈ, ਪਰ ਉਸ ਦੀ ਮਧਸ਼੍ਰੇਣਿਕ ਵਿਅਕਤੀਵਾਦੀ ਮੋਹਭਾਵ ਮਾਨਸਕਤਾ ਆਪਣੇ ਨਵੇਂ ਤੁਰਕਾਂ ਅਤੇ ਕੀਮਤਾਂ ਦੀ ਤਲਾਸ਼ ਕਰਦੀ ਹੈ। ਉਹ ਸੂਖਮ ਮਨੋਵਿਸ਼ਲੇਸ਼ਣੀ ਜੁਗਤਾਂ ਰਾਹੀਂ ਮਧਸ਼੍ਰੇਣਿਕ ਔਰਤ ਮਰਦ, ਪਤੀ ਪਤਨੀ, ਪ੍ਰੇਮੀ ਪ੍ਰੇਮਿਕਾ ਦੇ ਦੋਗਲੇ ਰਿਸ਼ਤੇ ਦੀਆਂ ਪਰਤਾਂ ਫਰੋਲਦਾ ਹੈ।'(ਉਹੀ ਰਚਨਾ, ਪੰਨਾ 51) ਇਉਂ ਮੀਸ਼ਾ ਪੰਜਾਬੀ ਕਵਿਤਾ ਵਿੱਚ ਵਿਅੰਗ ਦੇ ਜ਼ਰੀਏ ਸਰਲ ਭਾਸ਼ਾ ਵਿੱਚ ਵਿੱਚ ਵੱਡੀ ਗੱਲ ਕਹਿਣ ਦੀ ਕਲਾ ਦਾ ਮਾਹਰ ਹੈ।

ਉਸ ਦੀਆਂ ਕਾਵਿ ਪੁਸਤਕਾਂ 'ਚੁਰੱਸਤਾ", 'ਦਸਤਕ, 'ਕੱਚ ਦੇ ਵਸਤਰ', 'ਧੀਮੇ ਬੋਲ', ਵਰਨਣਯੋਗ ਹਨ। ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਐੱਸ.ਐੱਸ.ਮੀਸ਼ਾ ਨਵੇਂ ਵਿਸ਼ਿਆਂ ਉਤੇ ਸਰਲ ਤੇ ਸਫ਼ਲ ਕਵਿਤਾਵਾਂ ਲਿਖਣ ਵਾਲਾ ਪ੍ਰਤਿਭਾਸ਼ਾਲੀ ਸ਼ਾਇਰ ਹੈ। ਪਿਆਰ ਅਤੇ ਇਸ਼ਕ ਉਪਰ ਉਸ ਨੇ ਖੁੱਲ੍ਹ ਕੇ ਲਿਖਿਆ ਹੈ। ਪਰ ਕਈ ਕਵਿਤਾਵਾਂ ਵਿੱਚ ਪਿਆਰ ਅਤੇ ਕਾਮ ਆਪਸ ਵਿੱਚ ਰਲਗੱਡ ਹੋਏ ਪਏ ਹਨ। ਚੀਕ ਬੁਲਬੁਲੀ, ਸ਼ੁੱਭ ਇੱਛਾਵਾਂ ਉਸ ਦੀਆਂ ਪ੍ਰਸਿੱਧ ਕਵਿਤਾਵਾਂ ਹਨ:-

ਕਿਹੋ ਜਿਹਾ ਸਵੇਰਾ ਹੈ

ਤੇਰਾ ਹੈ ਨਾ ਮੇਰਾ ਹੈ।

ਦਿਨ ਦਫਤਰ ਵਿੱਚ ਕੱਟਦੇ ਹਾਂ,

ਘਰ ਤਾਂ ਰੈਣ ਬਸੇਰਾ ਹੈ।

ਇਕੋ ਘਰ ਦੇ ਜੀਆਂ ਦਾ,

ਵੱਖਰੋ-ਵੱਖਰਾ ਘੇਰਾ ਹੈ।

ਮੀਸ਼ਾ ਪੰਜਾਬੀ ਕਵਿਤਾ ਦਾ ਮਸਤਾਨਾ ਸ਼ਾਇਰ ਸੀ। ਕਾਂਜਲੀ ਨਦੀ ਵਿਚ ਡੁੱਬ ਜਾਣ ਕਾਰਣ 1986 ਈ. ਵਿਚ ਉਸ ਦੀ ਬੇ ਵਕਤ ਮੌਤ ਹੋ ਗਈ, ਜਿਸ ਕਾਰਣ ਪੰਜਾਬੀ ਸਾਹਿਤ ਨੂੰ ਵੱਡਾ ਘਾਟਾ ਪਿਆ।

**ਸ਼ਿਵ ਕੁਮਾਰ ਬਟਾਲਵੀ**

ਸ਼ਿਵ ਕੁਮਾਰ ਬਟਾਲਵੀ ਆਧੁਨਿਕ ਪੰਜਾਬੀ ਕਵਿਤਾ ਦਾ ਸਭ ਤੋਂ ਵੱਧ ਪੜ੍ਹਿਆ ਅਤੇ ਸੁਣਿਆ ਜਾਣ ਵਾਲ ਨੌਜਵਾਨ ਕਵੀ ਹੈ। ਉਸ ਦੀ ਮਕਬੂਲਤਾ ਦਾ ਕਾਰਨ ਉਸ ਦੀ ਲੋਕਧਾਰਾਈ ਰੰਗਤ ਵਾਲੀ ਕਾਵਿ ਭਾਸ਼ਾ ਅਤੇ ਉਸ ਦੇ ਸੱਜਰੇ ਅਹਿਸਸਾਂ ਵਾਲੇ ਬਿੰਬ-ਪ੍ਰਤੀਕ ਅਤੇ ਨਵੇਕਲਾ ਕਾਵਿ ਅਨੁਭਵ ਸੀ। ਉਹ ਏਨਾ ਮਕਬੂਲ ਹੋਇਆ ਕਿ ਸਮਕਾਲੀ ਸ਼ਾਇਰ ਵੀ ਉਸ ਨਾਲ ਰਸਕ ਰਖਦੇ ਸਨ। ਉਸ ਨੇ ਆਪਣੀ ਕਾਵਿ ਪ੍ਰਤਿਭਾ ਦਾ ਪਰਮਾਣ ਉਚੀ ਸੁਰੀਲੀ ਸਰੋਦੀ ਕਵਿਤਾ ਗਾ ਕੇ ਸਟੇਜਾਂ ਉਪਰ ਵੀ ਦਿੱਤਾ । ਨਵੀਂ ਕਾਵਿਕ ਸੰਵੇਦਨਾ ਅਤੇ ਅਰਥ ਸੰਚਾਰ ਪੱਖੋਂ ਵੀ ਉਹ ਮਾਣਯੋਗ ਕਵੀਆਂ ਵਿਚੋਂ ਇਕ ਹੈ। ਪੇਸ਼ੇ ਵਜੋਂ ਪਹਿਲਾਂ ਭਾਵੇਂ ਉਹ ਪਟਵਾਰੀ ਰਿਹਾ ਅਤੇ ਪਿਛੋਂ ਬੈਂਕ ਕਲਰਕ ਵੀ ਰਿਹਾ ਪਰ ਇਹਨਾਂ ਕਿੱਤਿਆਂ ਵਿੱਚ ਉਸਦਾ ਮਨ ਨਹੀਂ ਲੱਗਿਆ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ 'ਕਵਿਤਾ ਵੱਲ ਉਸ ਦੀ ਖਿਚ ਅਸਾਧਾਰਨ ਸੀ। ਪਿਆਰ ਦੀ ਅਸਫਲਤਾ ਤੋਂ ਉਪਜੇ ਦਰਦ ਤੇ ਪੀੜਾ ਨੇ ਉਸ ਨੂੰ ਧੁਰ ਆਤਮਕ ਮੰਡਲਾਂ ਤਕ ਤ੍ਰਾਸਦਿਕ ਵੇਦਨਾ ਵਾਲਾ ਸ਼ਾਇਰ ਬਣਾ ਦਿੱਤਾ।' ਉਸਨੇ ਪੰਜਾਬੀ ਨੌਜਵਾਨੀ ਨੂੰ ਪੰਜਾਬੀ ਕਵਿਤਾ ਨਾਲ ਧੁਰ ਅੰਦਰੋ ਜੋੜਿਆ। ਉਹ ਆਪਣੇ ਦੌਰ ਵਿੱਚ ਸਿਖਰਲੀਆ ਕਾਵਿ ਮਹਿਫ਼ਲਾ ਦਾ ਸਿੰਗਾਰ ਬਣਦਾ ਰਿਹਾ ਹੈ। ਪੰਜਾਬੀ ਕਵਿਤਾ ਨੂੰ ਬਹੁਤ ਵੱਡੀ ਦੇਣ ਹੈ। ਉਸ ਦੇ ਮੁੱਖ ਕਾਵਿ ਸੰਗ੍ਰਹਿ "ਪੀੜਾਂ ਦਾ ਪਰਾਗਾ", 'ਲਾਜਵੰਤੀ', 'ਆਟੇ ਦੀਆਂ ਚਿੜੀਆਂ', 'ਮੈਨੂੰ ਵਿਦਾ ਕਰੋ, 'ਬਿਰਹਾ ਤੂੰ ਸੁਲਤਾਨ ਤੇ 'ਦਰਦਮੰਦਾਂ ਦੀਆਂ ਆਹੀ`, ਮੈਂ ਤੇ ਮੈਂ , ਆਰਤੀ, ਆਲਵਿਦਾ, ਬਿਰਹੜਾ, ਅਸਾਂ ਜੋਬਨ ਰੁੱਤੇ ਮਰਨਾ ਆਦਿ ਹਨ। 'ਮੈਂ ਤੇ ਮੈਂ' ਉਸ ਦੀ ਸਵੈ-ਚੇਤਨਾ ਨਾਲ ਸਬੰਧਤ ਮਨੋਵਿਸ਼ਲੇਸ਼ਣੀ ਕਾਵਿ

ਜੁਗਤ ਆਧਾਰਿਤ ਲੰਮੀ ਨਜ਼ਮ ਹੈ। ਲੂਣਾ ਉਸਦੀ ਸ਼ਾਹਕਾਰ ਰਚਨਾ ਹੈ ਜਿਸ ਵਿੱਚ ਪਹਿਲੀ ਵਾਰ ਲੂਣਾ ਜਰੀਏ ਉਸ ਨੇ ਸੰਵੇਦਨਾ ਦੀਆਂ ਡੂੰਘੀਆਂ ਪਰਤਾਂ ਨੂੰ  ਫਰੋਲ਼ਿਆ ਹੈ:-

ਮੰਨਿਆ ਜਾਂਦਾ ਹੈ—

ਪਿਤਾ ਜੇ ਧੀ ਦਾ ਰੂਪ ਹੰਢਾਵੇ,

ਲੋਕਾ ਵੇ ਤੈਨੂੰ ਲਾਜ ਨਾ ਆਵੇ।

ਜੇ ਲੂਣਾਂ ਪੂਰਨ ਨੂੰ ਚਾਹਵੇ

ਚਰਿਤਰਹੀਣ ਕਿਉਂ ਕਹੇ ਜੀਭ ਜਹਾਨ ਦੀ।

ਸ਼ਿਵ ਨੇ ਆਪਣੇ ਕਾਵਿ ਅਨੁਭਵ ਨੂੰ ਪ੍ਰਗੀਤਕ ਸ਼ੈਲੀ ਵਿੱਚ ਪ੍ਰਸਤੁਤ ਕੀਤਾ ਹੈ। ਬ੍ਰਿਹਾ ਉਸਦੀ ਕਾਵਿ ਚੇਤਨਾ ਦੇ ਧੁਰ ਡੂੰਘ ਤੱਕ ਧਸਿਆ ਹੋਇਆ ਹੈ। ਮੁਹੱਬਤ ਦੀ ਅਪ੍ਰਾਪਤੀ ਨੇ ਉਸਨੂੰ ਦੁੱਖਾਂਤ ਦੀਆਂ ਡੂੰਘੀਆਂ ਘਾਟੀਆਂ ਵਿੱਚ ਸੁੱਟ ਦਿੱਤਾ। ਇਸ ਅਪ੍ਰਾਪਤੀ ਅਤੇ ਦੁੱਖ ਵਿੱਚੋਂ ਹੀ ਉਸਦਾ ਕਾਵਿ ਪ੍ਰਵਚਨ ਉਸਰਦਾ ਹੈ:-

ਹੈ ਤੈਨੂੰ ਦਿਆਂ ਹੰਝੂਆਂ ਦਾ ਭਾੜਾ

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ ਚੰਬੇ ਦੀਏ ਡਾਲੀਏ

ਨੀ ਦੁੱਖਾਂ ਦਾ ਪਰਾਗਾ ਭੁੰਨ ਦੇ।

ਸ਼ਿਵ ਕੁਮਾਰ ਦੀ ਬਹੁਤੀ ਰਚਨਾ ਦੁੱਖ ਦੇ ਮਾਰੇ ਵਿਅਕਤੀ ਦੇ ਅਨੁਭਵ ਨਾਲ ਭਰੀ ਪਈ ਹੈ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ 'ਵਿਸ਼ੇ ਪੱਖ ਤੋਂ ਉਸਦੇ ਕਾਵਿ ਕੋਈ ਬਹੁਤੀ ਵੰਨ-ਸੁਵੰਨਤਾ ਨਹੀਂ, ਇਕੋ ਤਰ੍ਹਾਂ ਦੇ ਵਿਯੋਗੀ ਪਿਆਰ ਗੀਤ ਹਨ ਪਰ ਇਹ ਵਿਸ਼ਾ ਸਦਾ-ਬਹਾਰ ਸੀ। ਉਸ ਦੇ ਪ੍ਰਗਟਾਅ ਵਿਚ ਲੋਕ ਜੀਵਨ ਨਾਲ ਜੁੜਿਆ ਬਿੰਬ-ਵਿਧਾਨ ਅਤੇ ਪੇਂਡੂ ਸ਼ਬਦਾਵਲੀ ਉਸ ਦੇ ਮੁੱਖ ਹਥਿਆਰ ਹਨ। ਸ਼ਿਵ ਕੁਮਾਰ ਜਦੋਂ ਇਕ ਵਾਰ ਸਥਾਪਤ ਹੋ ਜਾਂਦਾ ਹੈ ਤਾਂ ਉਹ ਆਪਣੇ ਸਮੇਂ ਦੀਆਂ ਸਾਹਿਤਕ ਅਤੇ ਸਮਾਜਿਕ ਲਹਿਰਾਂ ਨਾਲ ਜੁੜਨ ਦਾ ਯਤਨ ਵੀ ਕਰਦਾ ਹੈ।' ਡਾ. ਕਰਮਜੀਤ  ਸਿੰਘ ਨੇ ਉਸਨੂੰ ਲਹਿਰੋਂ ਬਾਹਰਲਾ ਕਵੀ ਆਖਿਆ ਹੈ। ਅਸਲ ਵਿੱਚ ਸ਼ਿਵ ਕੁਮਾਰ ਮਾਨਵੀ ਸੰਵੇਦਨਾ ਦਾ ਕਵੀ ਹੈ। ਉਸਨੇ ਆਪਣੇ ਆਪ ਨੂੰ ਕਿਸੇ ਇਕ ਲਹਿਰ ਜਾਂ ਕਾਵਿ ਪ੍ਰਵਿਰਤੀ ਨਾਲ ਨਹੀਂ ਜੋੜਿਆ। ਉਹ ਆਪਣੇ ਦੇ ਮਨ ਦੀ ਖ਼ੁਸ਼ੀ ਲਈ ਅਤੇ ਜਜ਼ਬਾਤ ਦੇ ਭਾਵੁਕ ਵਹਾਅ ਲਈ ਲਿਖਦਾ ਰਿਹਾ ਹੈ। ਉਸ ਕਵਿਤਾ ਵਿੱਚ ਪ੍ਰਯੋਗਸ਼ੀਲਤਾ ਵੀ ਹੈ

ਤੇ ਪ੍ਰਗਤੀਵਾਦੀ ਅੰਸ਼ ਵੀ ਹਨ। ਪਰ ਜ਼ਿੰਦਗੀ ਦੀ ਨਿਰਾਸ਼ਤਾ ਨੇ ਉਸ ਨੂੰ ਅਜਿਹਾ ਘੇਰਿਆ ਕਿ ਉਹ ਚਾਹ ਕੇ ਵੀ ਇਸ ਤੋਂ ਬਾਹਰ ਨਹੀਂ ਆ ਸਕਿਆ:-

ਅਸਾਂ ਤਾਂ ਜੋਬਨ ਰੁਤੇ ਮਰਨਾ

ਮੁੜ ਜਾਣਾ ਅਸੀਂ ਭਰੇ ਭਰਾਏ

ਹਿਜਰ ਤੇਰੇ ਦੀ ਕਰ ਪਰਕਰਮਾ।

ਜੋਬਨ ਰੁੱਤੇ ਜੋ ਵੀ ਮਰਦਾ,

ਫੁੱਲ ਬਣੇ ਜਾਂ ਤਾਰਾ।

ਜੋਬਨ ਰੁੱਤੇ ਆਸ਼ਕ ਮਰਦੇ,

ਜਾਂ ਕੋਈ ਕਰਮਾ ਵਾਲਾ।

ਜਾਂ

ਸਿਖਰ ਦੁਪਹਿਰ ਸਿਰ ਤੇ ਮੇਰਾ ਢਲ ਚਲਿਆ ਪਰਛਾਵਾਂ।

ਕਬਰਾਂ ਉਡੀਕਦੀਆਂ, ਮੈਨੂੰ ਜਿਉਂ ਪੁਤਰਾਂ ਨੂੰ ਮਾਵਾਂ

ਉਸਦੀ ਕਵਿਤਾ ਸ਼ੀਸ਼ੋ ਦੀਆਂ ਇਹ ਲਾਈਨਾਂ ਉਸ ਦੇ ਪ੍ਰਗਤੀਵਾਦੀ ਰੰਗ ਨੂੰ ਦਰਸਾਉਂਦੀਆਂ ਹਨ :

ਸਾਲਾ ਬਾਂਝ ਮਰੀਵਣ ਮਾਪੇ

ਢਿਡੋਂ ਭੁੱਖਣ ਭਾਣੇ

ਉਸ ਘਰ ਜੰਮੇ ਨਾ ਕੋਈ ਸ਼ੀਸ਼ੋ

ਜਿਸ ਘਰ ਹੋਣ ਨਾ ਦਾਣੇ

**ਤਾਰਾ ਸਿੰਘ**

ਆਧੁਨਿਕ ਪੰਜਾਬੀ ਕਵਿਤਾ ਦੇ ਖੇਤਰ ਵਿਚ ਤਾਰਾ ਸਿੰਘ ਇਕ ਹੋਰ ਪ੍ਰਤਿਭਾਸ਼ਾਲੀ ਕਵੀ ਹੈ। ਉਹ ਆਪਣੀ ਵਿਸ਼ੇਸ਼ ਕਾਵਿਕ ਦ੍ਰਿਸ਼ਟੀ, ਨਿੱਜਪਰਕ ਛੋਹਾਂ ਅਤੇ ਨਵੀਨ ਕਾਵਿ ਭਾਸ਼ਾਈ ਖਾਸੇ ਪੱਖੋਂ ਵਰਣਨਯੋਗ ਸ਼ਾਇਰ ਹੈ। ਤਾਰਾ

ਸਿੰਘ ਦੀ ਕਵਿਤਾ ਵਿਚ ਨਵੇਂ ਵਿਸ਼ੇ ਹੀ ਪੇਸ਼ ਨਹੀਂ ਹੋਏ ਸਗੋਂ ਨਵੀਨ ਅਤੇ ਸੰਵੇਦਨਾ ਯੁਕਤ ਜਜ਼ਬਿਆਂ ਦੀ ਪੇਸ਼ਕਾਰੀ ਵੀ ਹੋਈ ਹੈ। ਉਹ ਕਾਵਿ ਭਾਸ਼ਾ ਵਿਚ ਨਵੇਂ ਰੰਗ ਭਰਨ ਵਾਲਾ ਸਮਰੱਥ ਸ਼ਾਇਰ ਹੈ। ਬੌਧਿਕ ਵਿਅੰਗ ਉਸ ਦੀ ਕਾਵਿ ਭਾਸ਼ਾ ਦੀ ਮੁਖ ਜੁਗਤ ਹੈ।

ਕਾਹਨੂੰ ਬਾਲਦੈਂ ਬਨੇਰੇ ਉਤੇ ਮੋਮਬਤੀਆਂ

ਲੰਘ ਜਾਣ ਦੇ ਬਾਜ਼ਾਰ ਚੋਂ ਹਵਾਵਾਂ ਤੱਤੀਆਂ..... ।

ਇਹਨਾਂ ਕਵੀਆਂ ਤੋਂ ਇਲਾਵਾ ਤਾਰਾ ਸਿੰਘ ਕਾਮਿਲ, ਰਣਧੀਰ ਸਿੰਘ ਚੰਦ, ਭੂਸ਼ਨ ਧਿਆਨਪੁਰੀ, ਪਿਆਰਾ ਸਿੰਘ ਸਹਿਰਾਈ ਆਦਿ ਦੀਆਂ ਕਵਿਤਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ।

### 2.6 ਜੁਝਾਰਵਾਦੀ ਕਾਵਿ ਪ੍ਰਵਿਰਤੀ

ਆਧੁਨਿਕ ਪੰਜਾਬੀ ਕਾਵਿ ਵਿੱਚ ਇਹ ਪ੍ਰਵਿਰਤੀ ਸੱਤਰਵਿਆਂ ਵਿੱਚ ਉਭਰਦੀ ਹੈ। ਇਸ ਤੋਂ ਪਹਿਲਾ ਪੰਜਾਬੀ ਕਵਿਤਾ ਦੀ ਇਕ ਪਰਿਪੱਕ ਅਤੇ ਲੰਮੀ ਪਰੰਪਰਾ ਵਿਕਸਤ ਹੋ ਚੁੱਕੀ ਸੀ। ਖਾਸ ਤੌਰ ਤੇ ਪ੍ਰਗਤੀਵਾਦੀ ਰੋਮਾਂਸਵਾਦੀ ਕਾਵਿ ਧਾਰਾ ਨਾਲ ਪੰਜਾਬੀ ਦੇ ਵੱਡੇ ਕਵੀ ਜੁੜੇ ਹੋਏ ਸਨ। ਪਰ ਇਸੇ ਪ੍ਰਗਤੀਵਾਦੀ ਕਵਿਤਾ ਦੀਆਂ ਕੁਝ ਉਣਤਾਈਆਂ ਅਤੇ ਸੀਮਾਵਾਂ ਰੇਖਾਂਕਿਤ ਕੀਤੀਆਂ ਜਾਣ ਲੱਗੀਆਂ ਸਨ। ਜੁਝਾਰਵਾਦੀ ਕਾਵਿ ਧਾਰਾ ਦੇ ਪਿਛੋਕੜ ਵਿੱਚ ਪ੍ਰਗਤੀਵਾਦੀ ਕਵਿਤਾ ਦੀ ਵਿਚਾਰਧਾਰਾਕ ਚੇਤਨਾ ਹੀ ਵਧੇਰੇ ਪ੍ਰਬਲ ਰੂਪ ਵਿੱਚ ਕਾਰਜ ਕਰ ਰਹੀ ਸੀ। ਡਾ ਕਰਮਜੀਤ ਸਿੰਘ ਦੇ ਅਨੁਸਾਰ 'ਪ੍ਰਗਤੀਵਾਦੀ ਅੰਸ਼' ਇਸ ਧਾਰਾ ਦੀ ਪ੍ਰਿਸ਼ਠ ਭੂਮੀ ਨਿਰਧਾਰਿਤ ਕਰਦੇ ਹਨ ਉਥੇ 'ਕ੍ਰਾਂਤੀਕਾਰੀ ਸਮਾਜਵਾਦੀ' ਅੰਸ ਇਸ ਧਾਰਾ ਦੀ ਰੋਮਾਂਟਿਕ ਕ੍ਰਾਂਤੀਕਾਰੀ ਚੇਤਨਾ ਦੀ ਮੁੱਖ ਪ੍ਰੇਰਣਾ ਬਣਦੇ ਨਜ਼ਰ ਆਉਂਦੇ ਹਨ। ਇੰਜ ਪ੍ਰਗਤੀਵਾਦੀ ਵਿਚਾਰਧਾਰਾ ਇਸ ਧਾਰਾ ਦੀ ਪ੍ਰਿਸ਼ਠ ਭੂਮੀ ਹੈ ਅਤੇ ਰੋਮਾਂਟਿਕ ਕ੍ਰਾਂਤੀਵਾਦ ਇਸ ਦੀ ਅਗਰਭੂਮੀ ਹੈ।' (ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਪੰਨਾ 222)

ਸਿਧਾਂਤਕ ਤੌਰ ਤੇ ਇਸ ਲਹਿਰ ਦੇ ਪੈਦਾ ਹੋਣ ਦੇ ਰਾਜਸੀ ਚੇਤਨਾ ਅਤੇ ਰਾਜਸੀ ਸਮਾਜਿਕ ਤਬਦੀਲੀ ਨਾਲ ਜੁੜੇ ਹੋਏ ਹਨ। ਵਿਸ਼ਵ ਕਮਿਊਨਿਸਟ ਲਹਿਰ ਦੇ ਵਿਖੰਡਣ ਤੋਂ ਬਾਅਦ ਭਾਰਤੀ ਕਮਿਊਨਿਸਟ ਲਹਿਰ/ਪਾਰਟੀ ਵੀ ਦੋ ਭਾਗਾਂ ਵਿੱਚ ਟੁੱਟ ਜਾਂਦੀ ਹੈ। ਸੰਸਾਰ ਵਿੱਚ ਡੂੰਘੀ ਰਾਜਸੀ ਉਥਲ ਪੁਥਲ ਅਤੇ ਵਿਸ਼ਵ ਆਰਥਿਕ ਸੰਕਟਾਂ ਅਤੇ ਮਾਰਕਸਵਾਦੀ ਵਿਚਾਰਧਾਰਾ ਦੇ ਅੰਦਰੂਨੀ ਸਿਧਾਂਤਕ ਮੱਤਭੇਦਾਂ ਦੇ ਕਾਰਨ ਸਮਾਜਵਾਦ ਅੱਗੇ ਪ੍ਰਸ਼ਨ ਚਿੰਨ੍ਹ ਲੱਗਣੇ ਸ਼ੁਰੂ ਹੋ ਗਏ ਸਨ। ਇਸ ਦਾ ਅਸਰ ਭਾਰਤ ਵਿੱਚ ਵੀ ਦੇਖਿਆ ਜਾਣ ਲੱਗਾ। ਬੰਗਾਲ ਦੇ ਕਿਸਾਨਾ ਵੱਲੋਂ ਇਕ ਮੂਵਮੈਂਟ ਸ਼ੁਰੂ ਕੇ ਦਿੱਤੀ। ਕਮਿਊਨਿਸਟਾਂ ਦੇ ਇਕ ਧੜੇ ਨੇ ਇਹਨਾਂ ਦਾ ਸਮਰਥਨ ਸੁਰੂ ਕਰ ਦਿੱਤਾ। ਨਤੀਜੇ ਵਜੋਂ 'ਬੰਗਾਲ ਵਿੱਚ ਨਕਸਲਬਾੜੀ ਪਿੰਡ ਵਿੱਚ ਹਥਿਆਰਬੰਦ ਇਨਕਲਾਬ ਦਾ ਨਾਹਰਾ ਬੁਲੰਦ ਹੋਇਆ ਜਿਸ ਦੇ ਨਾਂ ਤੋਂ ਸਮੁੱਚੀ ਲਹਿਰ ਦਾ ਨਾਂ ਨਕਸਲਬਾੜੀ ਲਹਿਰ ਪੈ ਗਿਆ। ਭਾਰਤ ਵਿਚ ਹਥਿਆਰਬੰਦ ਇਨਕਲਾਬ ਦਾ ਨਾਹਰਾ ਬੁਲੰਦ ਕਰਦੀ ਹੋਈ ਇਹ ਲਹਿਰ ਉਭਰੀ। ਇਸ ਲਹਿਰ ਦੇ ਸਾਹਿਤਕ ਹੁੰਗਾਰੇ ਵਜੋਂ ਪੰਜਾਬੀ ਵਿਚ ਕ੍ਰਾਂਤੀਕਾਰੀ ਭਾਵਾਂ ਵਾਲੀ ਕਵਿਤਾ ਪੈਦਾ

ਹੋਈ ਜਿਸ ਨੂੰ ਨਕਸਲਬਾੜੀ ਕਵਿਤਾ, ਵਿਦਰੋਹੀ ਕਵਿਤਾ, ਜੁਝਾਰੂ ਕਵਿਤਾ, ਇਤਿਹਾਸਮੁਖ ਚੇਤਨਾ ਵਾਲੀ ਕਵਿਤਾ ਦੇ ਸਿਰਲੇਖਾਂ ਅਧੀਨ ਨਿਖੇੜਿਆ ਜਾਂਦਾ ਹੈ। ਇਸ ਕਾਵਿ ਧਾਰਾ ਨੇ ਆਪਣੇ ਜਨਮ ਸਮੇਂ ਹੀ ਦੋ ਅਹਿਮ ਕਾਰਜ ਕੀਤੇ। ਪਹਿਲੇ ਪ੍ਰਗਤੀਵਾਦੀ ਕਵਿਤਾ ਦੇ ਮਕਾਨਕੀਪੁਣੇ, ਨੀਰਸ ਦੁਹਰਾਓ, ਮਹਿਜ ਵਿਚਾਰਾਂ ਦੀ ਪ੍ਰਧਾਨਤਾ ਤੇ ਕੁਝ ਇਕ ਬਿੰਬਾਂ ਪ੍ਰਤੀਕਾਂ ਦੇ ਮੁੜ-ਮੁੜ ਪ੍ਰਯੋਗਾਂ ਦਾ ਖੰਡਨ ਕੀਤਾ। ਇਹਨਾਂ ਕ੍ਰਾਂਤੀਕਾਰੀ ਕਵੀਆਂ ਨੇ ਪ੍ਰਗਤੀਵਾਦੀ ਕਵਿਤਾ ਅੱਗੇ ਨਵੀਆਂ ਵੰਗਾਰਾਂ ਪੈਦਾ ਕੀਤੀਆਂ। ਖਾਸ ਕਰ ਅਮਨ, ਯੁਧ, ਇਨਕਲਾਬ, ਸਮਾਜਵਾਦ, ਜਮਾਤੀ ਸੰਘਰਸ਼, ਲੋਕਮੁਕਤੀ ਦੇ ਪ੍ਰਗਤੀਵਾਦੀ ਰੋਮਾਂਸਕਾਰੀ ਸੰਕਲਪਾਂ ਨੂੰ ਅਪ੍ਰਵਾਨ ਕੀਤਾ । ਦੂਸਰਾ ਇਹਨਾਂ ਕਵੀਆਂ ਨੇ ਮਧਸ਼੍ਰੇਣਿਕ ਨਿਜਮੂਲਕ ਕਾਵਿ ਧਾਰਾ ਨੂੰ ਉਸ ਦੀ ਰਾਜਨੀਤਕ ਸੀਮਾ, ਸਵੈਵਾਦੀ ਦ੍ਰਿਸ਼ਟੀਕੋਣ, ਸਮਾਜਕਤਾ ਪ੍ਰਤਿ ਉਦਾਸੀਨਤਾ, ਭਵਿਖਮੁਖੀ ਦ੍ਰਿਸ਼ਟੀ ਦੇ ਅਭਾਵ ਕਾਰਣ ਰੱਦ ਕੀਤਾ। ਤੀਸਰੇ ਬਦਲ ਵਜੋਂ ਸਮਕਾਲੀਨ ਯਥਾਰਥ ਦੇ ਤਿਖੇ ਰਾਜਨੀਤਕ ਵਿਸਫੋਟ, ਬੁਰਜੂਆ ਸ਼੍ਰੇਣੀ ਉਤੇ ਤਿਖੇ ਹਮਲੇ, ਮਧਸ਼੍ਰੇਣਿਕ ਦੰਭ ਦਾ ਖੰਡਨ ਤੇ ਲੋਕ-ਕ੍ਰਾਂਤੀਕਾਰੀ ਸ਼ਕਤੀਆਂ ਦੇ ਸੰਗਰਾਮ ਦੇ ਨਵੇਂ ਤਰਕ ਪੇਸ਼ ਕੀਤੇ।'(ਪੰਜਾਬੀ ਸਾਹਿਤ ਦਾ ਇਤਿਹਾਸ ਆਧੁਨਿਕ ਕਾਲ, ਪੰਨਾ 54)

ਇਸ ਪ੍ਰਕਾਰ ਸਮਾਜਿਕ ਰਾਜਸੀ ਤਬਦੀਲੀ ਦੇ ਲਈ ਹਥਿਆਰਬੰਦ ਸੰਘਰਸ਼ ਲਈ ਮਹੌਲ ਪੈਦਾ ਕਰਨਾ ਅਤੇ ਆਮ ਲੋਕਾਈ ਨੂੰ ਇਸ ਪ੍ਰਤੀ ਚੇਤਨ ਲਈ ਜਿਹੜਾ ਕਾਵਿ ਪ੍ਰਵਚਨ ਰਚਿਆ ਗਿਆ ਉਸ ਨੂੰ ਹੀ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਜੁਝਾਰਵਾਦੀ ਕਵਿਤਾ ਜਾਂ ਵਿਦਰੋਹੀ ਕਵਿਤਾ ਜਾਂ ਨਕਸਲਬਾੜੀ ਕਵਿਤਾ ਕਿਹਾ ਜਾਂਦਾ ਹੈ। ਡਾ. ਰਾਜਿੰਦਰ ਪਾਲ ਬਰਾੜ ਨੇ ਕਿਹਾ ਕਿ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਜੁਝਾਰ ਸਾਹਿਤ ਧਾਰਾ ਦਾ ਭਾਵ ਨਕਸਲਬਾੜੀ ਰਾਜਸੀ ਲਹਿਰ ਦੇ ਪ੍ਰਭਾਵ ਅਧੀਨ ਉਤਪੰਨ ਹੋਈ ਉਸ ਸਾਹਿਤ ਧਾਰਾ ਤੋਂ ਹੈ ਜਿਸ ਵਿਚ ਮੁੱਖ ਰੂਪ ਵਿਚ ਹਥਿਆਰਬੰਦ ਇਨਕਲਾਬ ਦੀ ਗੱਲ ਕੀਤੀ ਜਾਂਦੀ ਹੈ। ਇਸ ਲਹਿਰ ਦੀ ਕਵਿਤਾ ਨੂੰ ਡਾ. ਰਵਿੰਦਰ ਸਿੰਘ ਰਵੀ 'ਇਤਿਹਾਸਕ ਚੇਤਨਾਮੁਖੀ' ਕਵਿਤਾ ਕਹਿੰਦਾ ਹੈ।

ਇਕ ਕਾਵਿ ਪ੍ਰਵਿਰਤੀ ਦੇ ਤੌਰ ਤੇ ਇਸ ਦਾ ਅਰੰਭ ਅਵਤਾਰ ਸਿੰਘ 'ਪਾਸ਼' ਦੇ ਕਾਵਿ ਸੰਗ੍ਰਹਿ 'ਲੋਹ ਕਥਾ' ਨਾਲ ਹੁੰਦਾ ਹੈ। ਇਸ ਤੋਂ ਪਿੱਛੋਂ ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਦਰਸ਼ਨ ਖਟਕੜ, ਮਿੰਦਰਪਾਲ ਭੱਠਲ, ਪ੍ਰੋ. ਲੋਕ ਨਾਥ, ਅਮਰਜੀਤ ਚੰਦਨ, ਓਮ ਪ੍ਰਕਾਸ਼ ਸ਼ਰਮਾ, ਹਰਭਜਨ ਹਲਵਾਰਵੀ, ਡਾ ਜਗਤਾਰ, ਮਹਿੰਦਰ ਦੀਪ ਗਰੇਵਾਲ, ਸੰਤ ਸੰਧੂ, ਆਦਿ ਜੁਝਾਰਵਾਦੀ ਪੰਜਾਬੀ ਕਵਿਤਾ ਦਾ ਅਗਲਾ ਵਿਸਤਾਰ ਸਿਰਜਦੇ ਹਨ।

**ਅਵਤਾਰ ਸਿੰਘ ਸੰਧੂ ਉਰਫ ਪਾਸ਼**

ਪਾਸ਼ ਜੁਝਾਰਵਾਦੀ ਪੰਜਾਬੀ ਕਵਿਤਾ ਦੇ ਮੋਢੀਆਂ ਵਿੱਚੋਂ ਹੈ। ਉਸ ਨੇ ਇਸ ਕਾਵਿਧਾਰਾ ਨੂੰ ਨਾ ਸਿਰਫ ਸਿਧਾਂਤਕ ਸੇਧ ਦਿੱਤੀ ਸਗੋਂ ਵਿਸ਼ਿਆਂ, ਵਿਚਾਰਧਾਰਾ ਅਤੇ ਕਾਵਿ ਭਾਸ਼ਾ ਪੱਖੋਂ ਇਕ ਨਵਾਂ ਅਤੇ ਕ੍ਰਾਂਤੀਕਾਰੀ ਜਜ਼ਬਾ ਵੀ ਪ੍ਰਦਾਨ ਕੀਤਾ। ਉਸ ਨੇ ਕ੍ਰਾਂਤੀਕਾਰੀ ਸੁਰ ਵਿੱਚ ਮਨੁੱਖੀ ਹਸਤੀ ਦੀ ਦੁਖਾਂਤਕ ਹੋਈ ਨੂੰ ਵਿਅੰਗਾਤਮਕ ਰੂਪ ਵਿੱਚ ਪੇਸ਼

ਕੀਤਾ। ਉਸ ਨੇ ਮੌਕੇ ਦੀ ਸਰਕਾਰ ਅਤੇ ਲੋਟੂ ਜਮਾਤਾਂ ਨੂੰ ਕਰੜੇ ਹੱਥੀਂ ਲੈਂਦੇ ਹੋਏ ਇਸ ਦੇ ਦਮਨਸ਼ਿਲ ਚਰਿੱਤਰ ਨੂੰ ਅਸਲੋਂ ਨਵੇਂ ਅਤੇ ਨਿਆਰੇ ਰੂਪ ਵਿੱਚ ਪੇਸ਼ ਕੀਤਾ। ਉਸ ਨੇ ਪੰਜਾਬੀ ਕਵਿਤਾ ਨੂੰ ਲੋਹ ਕਥਾ(1970), ਉਡਦੇ ਬਾਜ਼ਾਂ ਮਗਰ(1974), ਸਾਡੇ ਸਮਿਆਂ ਵਿੱਚ(1978) ਕਾਵਿ ਸੰਗ੍ਰਹਿ ਪੰਜਾਬੀ ਸਾਹਿਤ ਨੂੰ ਦਿੱਤੇ। ਉਸ ਦੁਆਰਾ ਪੈਦਾ ਕੀਤੀ ਇਨਕਲਾਬੀ ਚੇਤਨਾ ਅਤੇ ਵਿਦਰੋਹ ਧੁਨੀ ਏਨੀ ਸਸ਼ਕਤ ਅਤੇ ਜੋਰਦਾਰ ਹੈ ਕਿ ਇਹ ਜੁਝਾਰ ਕਵਿਤਾ ਦਾ ਹਾਸਲ ਬਣ ਨਿਬੜਦੀ ਹੈ। ਉਹ ਆਪਣੇ ਤੋਂ ਪਹਿਲਾਂ ਸਥਾਪਿਤ ਹੋ ਚੁੱਕੇ ਕਵੀਆਂ ਨਾਲ ਸੰਵਾਦ ਵੀ ਰਚਾਉਂਦਾ ਹੈ ਅਤੇ ਇਹਨਾਂ ਦੀਆਂ ਸੀਮਾਵਾਂ ਉਪਰ ਉਂਗਲ ਵੀ ਧਰਦਾ ਹੈ:-

ੳ) ਮਾਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ

ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ

ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ।

(ਅਤੇ)

(ਅ) ਜ਼ਿੰਦਗੀ ਜੇ ਕਵਿਤਾ ਜਿਹੀ ਹੁੰਦੀ,

ਅਸੀਂ ਖਾਮੋਸ਼ ਹੀ ਰਹਿੰਦੇ।

ਚਾਂਦਨੀ ਜੇ ਓਹੜੀ ਜਾ ਸਕਦੀ,

ਅਸੀਂ ਸਿਉਂ ਕੇ ਪਾ ਲੈਂਦੇ।

ਪੰਜਾਬੀ ਦੀ ਸਾਰੀ ਮੱਧਕਾਲੀਨ ਕਵਿਤਾ ਹੀ ਲੋਕ ਹਿਤੂ, ਅਗਾਂਹ ਵਧੂ, ਜ਼ਬਰ ਵਿਰੋਧੀ ਅਤੇ ਲੁੱਟੀਂਦੀ ਸ਼੍ਰੇਣੀ ਦੇ ਹੱਕਾਂ ਦੀ ਗੱਲ ਕਰਦੀ ਸੀ। ਆਧੁਨਿਕ ਦੌਰ ਵਿੱਚ ਪ੍ਰਗਤੀਵਾਦੀ ਕਾਵਿ ਧਾਰਾ ਨੇ ਵੀ ਇਸੇ ਸਾਹਿਤਕ ਵਿਰਸੇ ਨੂੰ ਹੀ ਅੱਗੇ ਤੋਰਿਆ ਸੀ । ਜੁਝਾਰਵਾਦੀ ਪੰਜਾਬੀ ਕਾਵਿ ਧਾਰਾ ਵੀ ਇਸੇ ਦਾ ਹੀ ਅਗਲਾ ਵਿਕਾਸ ਕਿਹਾ ਜਾ ਸਕਦਾ ਹੈ ਪਰੰਤੂ ਵਿਸ਼ੇ ਪੱਖੋਂ ਇਸ ਵਿਚ ਨਵੀਆਂ ਸਥਿਤੀਆਂ ਦੇ ਅਨੁਕੂਲ ਵਿਸ਼ਿਆਂ, ਵਿਚਾਰਧਾਰਾਕ ਚੇਤਨਾ ਅਤੇ ਕਾਵਿ ਭਾਸ਼ਾ ਦੀ ਨਵੀਨਤਾ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਸੀ ਕਿ ਇਹ ਲਹਿਰ ਰਾਜਸੱਤਾ ਦੀ ਤਬਦੀਲੀ ਲਈ ਹਥਿਆਰਬੰਦ ਇਨਕਲਾਬ ਦੀ ਗੱਲ ਕਰਦੀ ਸੀ। ਇਸ ਧਾਰਾ ਦਾ ਪ੍ਰਤੀਨਿਧ ਕਵੀ ਪਾਸ਼ ਨਿਰੰਤਰ ਜਮਾਤੀ ਸੰਘਰਸ਼ ਕਰਨ ਲਈ ਪ੍ਰੇਰਨਾ ਪੈਦਾ ਕਰਦਾ ਹੈ :-

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ

ਅਸੀਂ ਲੜਾਂਗੇ ਸਾਥੀ, ਗੁਲਾਮ ਸੱਧਰਾਂ ਲਈ

ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ

ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ

ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ

ਹੱਥਾਂ ਤੇ ਪਏ ਰੱਟਣਾਂ ਦੀ ਕਸਮ ਖਾ ਕੇ

ਅਸੀਂ ਲੜਾਂਗੇ ਸਾਥੀ ..

ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ

ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ

ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ।

ਪਾਸ਼ ਸਿਰਫ ਲੋਟੂ ਜਮਾਤਾਂ ਅਤੇ ਦੋਗਲੇ ਕਿਰਦਾਰ ਵਾਲੇ ਸਥਾਨਕ ਰਾਜਸੀ ਲੀਡਰਾਂ ਨੂੰ ਹੀ ਕਾਟੇ ਹੇਠ ਨਹੀਂ ਕਰਦਾ ਸਗੋਂ ਅਖੌਤੀ ਮਾਰਕਸਵਾਦੀਆਂ ਨੂੰ ਸਵਾਲ ਵੀ ਕਰਦਾ ਹੈ। ਸਵੈ ਪੜਚੋਲ ਉਸਦੀ ਕਵਿਤਾ ਦੀ ਮੁੱਖ ਖੂਬੀ ਹੈ। ਇਸੇ ਲਈ ਹੀ ਇਸ ਲਹਿਰ ਦੇ ਢਹਿੰਦੀਆਂ ਕਲਾਂ ਵੱਲ ਜਾਣ ਤੇ ਉਦਾਸੀ ਦੀ ਸੁਰ ਵਿੱਚ ਉਹ ਲਿਖਦਾ ਹੈ:-

ਮੇਰੇ ਯਾਰੋ ! ਇਹ ਹਾਦਸਾ

ਸਾਡੇ ਸਮਿਆਂ ਵੀ ਹੀ ਹੋਣਾ ਸੀ

ਕਿ ਦੁਨੀਆਂ ਦੇ ਸਭ ਤੋਂ ਹੁਸੀਨ ਹਰਫ ਨੇ

ਬਣ ਜਾਣਾ ਸੀ ਸਿੰਘਾਸਨ ਦੇ ਪੌੜੇ

ਮਾਰਕਸ ਦਾ ਸ਼ੇਰ ਵਰਗਾ ਸਿਰ

ਦਿੱਲੀ ਦੀਆਂ ਗਲੀਆਂ ਵਿੱਚ ਰੁਲਦਾ

ਅਸੀਂ ਹੀ ਤੱਕਣਾ ਸੀ।

ਮੇਰੇ ਯਾਰੋ ! ਇਹ ਹਾਦਸਾ

ਸਾਡੇ ਸਮਿਆਂ ਵਿੱਚ ਹੀ ਹੋਣਾ ਸੀ।

**ਲਾਲ ਸਿੰਘ ਦਿਲ**

ਲਾਲ ਸਿੰਘ ਦਿਲ ਇਸ ਕਾਵਿ ਧਾਰਾ ਦਾ ਬਹੁਤ ਸਧਾਰਣ ਪਰ ਵਿਲੱਖਣਤਾ ਵਾਲਾ ਕਵੀ ਹੈ। ਉਸਨੇ ਅਸਲੋਂ ਹੇਠਲੇ ਦਰਜੇ ਦੇ ਗ਼ਰੀਬ, ਲਾਚਾਰ ਅਤੇ ਬੇਹੱਦ ਕਮਜ਼ੋਰ ਵਿਅਕਤੀ ਦੇ ਅਨੁਭਵ ਨੂੰ ਕਾਵਿ ਪ੍ਰਵਚਨ ਵਿੱਚ ਢਾਲਿਆ ਹੈ। ਉਸ ਦੀ ਕਵਿਤਾ ਵਿੱਚ ਸਮਾਜਵਾਦੀ ਚੇਤਨਾ ਦਾ ਬਹੁਤ ਗੂੜ੍ਹਾ ਰੰਗ ਹੈ। ਇਹ ਵੀ ਹਕੀਕਤ ਹੈ ਕਿ ਸਾਰੀ ਪ੍ਰਗਤੀਵਾਦੀ ਕਵਿਤਾ ਦੇ ਪਿਛੋਕੜ ਵਿੱਚ ਸਮਾਜਵਾਦੀ ਵਿਚਾਰਧਾਰਾ ਕਾਰਜਸ਼ੀਲ ਹੈ ਪਰ ਜਿਸ ਸਸ਼ਕਤ ਅਤੇ ਜੋਰਦਾਰ ਰੂਪ ਵਿੱਚ ਜੁਝਾਰਵਾਦੀ ਕਵਿਤਾ ਇਹ ਪੇਸ਼ ਹੋਇਆ ਹੈ ਉਹ ਹੋਰ ਕਿਧਰੇ ਘੱਟ ਹੀ ਮਿਲਦਾ ਹੈ। ਲਾਲ ਸਿੰਘ ਦਿਲ ਅਜਿਹੀ ਕਵਿਤਾ ਦਾ ਪਰਵਕਤਾ ਹੈ। ਉਸ ਨੇ ਪੰਜਾਬੀ ਕਵਿਤਾ ਨੂੰ ਸਤਲੁਜ ਦੀ ਹਵਾ, ਬਹੁਤ ਸਾਰੇ ਸੂਰਜ, ਸੱਥਰ ਅਤੇ ਨਾਗ ਲੋਕ ਕਾਵਿ ਸੰਗ੍ਰਹਿ ਦਿੱਤੇ ਹਨ।

ਲਾਲ ਸਿੰਘ ਦਿਲ ਨੇ ਗ਼ਰੀਬੀ ਨੂੰ ਆਪਣੇ ਤਨ ਤੇ ਹੰਡਾਇਆ ਹੈ। ਉਹ ਤਾਉਮਰ ਰਿਕਸ਼ਾ ਚਲਾ ਕੇ ਗੁਜਾਰਾ ਕਰਦਾ ਰਿਹਾ ਹੈ। ਪਰ ਉਸਦੀ ਕਲਮ ਨੇ ਨਸਤਰਾਂ ਵਰਗੇ ਬੋਲ ਉਚਾਰੇ:-

ਉਹ ਤਾਂ ਸਾਨੂੰ ਸੁੱਟਦੇ ਨੇ

ਸਾਵੀ ਲਚਕੀਲੀ ਕਾਹੀ ਵਿੱਚ।

ਅਸੀਂ ਉਹਨਾਂ ਨੂੰ ਨਾਲੀਆਂ 'ਚ

ਗੋਹਿਆਂ 'ਚ

ਕੁੱਤਿਆਂ ਥੀਂ

ਲੋਕਾਂ ਦੀਆਂ ਜੁੱਤੀਆਂ ਹੇਠੋਂ ਘੜੀਸਾਂਗੇ।

ਉਹ ਪੰਜਾਬੀ ਕਵਿਤਾ ਦਾ ਦਲਿਤ ਸ਼ਾਇਰ ਸੀ। ਉਸ ਨੇ ਭਾਰਤੀ ਸਮਾਜਿਕ ਪ੍ਰਬੰਧ ਦੀ ਚੀੜੀ ਜਾਤ ਪਾਤੀ ਬਣਤਰ ਦੀ ਯਥਾਰਥਕ ਪੇਸ਼ਕਾਰੀ ਕੀਤੀ ਹੈ। ਇਹੀ ਨਹੀਂ ਉਸਨੇ ਪੰਜਾਬ ਦੀਆਂ ਅਖੌਤੀ ਉਚਜਾਤਾਂ ਦੇ ਸਿੱਖੀ ਸਰੂਪ ਵਾਲੇ ਅਡੰਬਰ ਦੀ ਹਕੀਕਤ ਨੂੰ ਬਿਆਨ ਕਰਦੇ ਹੋਏ ਲਿਖਿਆ ਹੈ:-

ਮੈਨੂੰ ਪਿਆਰ ਕਰਦੀਏ,

ਪਰ ਜਾਤ ਕੁੜੀਏ!

ਸਾਡੇ ਸਕੇ, ਮੁਰਦੇ ਵੀ

ਇੱਕ ਥਾਂ ਨਹੀਂ ਜਲਾਉਂਦੇ

**ਸੰਤ ਰਾਮ ਉਦਾਸੀ**

ਸੰਤ ਰਾਮ ਉਦਾਸੀ ਜੁਝਾਰਵਾਦੀ ਕਵਿਤਾ ਦਾ ਸੱਚਮੁੱਚ ਜੁਝਾਰੂ ਕਵੀ ਸੀ। ਉਸ ਕਵਿਤਾ ਵਿੱਚ ਪੰਜਾਬ ਦੀ ਦਲਿਤ ਲੋਕਾਈ ਦਾ ਦਰਦ ਬਹੁਤ ਗੂੜ੍ਹੇ ਰੂਪ ਵਿੱਚ ਪਰਗਟ ਹੁੰਦਾ ਹੈ। ਸੰਤ ਰਾਮ ਉਦਾਸੀ ਦਾ ਜਨਮ 20 ਅਪ੍ਰੈਲ 1939 ਨੂੰ ਮਾਤਾ ਧੰਨ ਕੌਰ ਅਤੇ ਪਿਤਾ ਮਿਹਰ ਸਿੰਘ ਦੇ ਘਰ, ਪਿੰਡ ਰਾਏਸਰ, ਤਹਿਸੀਲ ਬਰਨਾਲਾ, ਜ਼ਿਲ੍ਹਾ ਸੰਗਰੂਰ ਵਿਚ ਹੋਇਆ। ਉਹ ਗਰੀਬ ਦਲਿਤ ਜਾਤੀ ਵਿਚ ਪੈਦਾ ਹੋਇਆ ਕਵੀ ਸੀ। ਆਪਣੇ ਹੱਥੀਂ ਸਖ਼ਤ ਮਿਹਨਤ ਕਰਕੇ ਪੜ੍ਹਿਆ ਅਤੇ ਵੱਖ-ਵੱਖ ਸਰਕਾਰੀ ਸਕੂਲਾਂ ਵਿਚ ਸਾਰੀ ਉਮਰ ਅਧਿਆਪਨ ਕਾਰਜ ਕਰਦਾ ਰਿਹਾ। ਉਸ ਦੀ ਕਵਿਤਾ ਵਿੱਚ ਹੇਠਲੇ ਦਰਜੇ ਦੇ ਲੋਕ ਜੀਵਨ ਦਾ ਯਥਾਰਥਕ ਵਰਣਨ ਹੋਇਆ ਮਿਲਦਾ ਹੈ। ਉਸ ਦੀਆਂ ਕਾਵਿ ਪੁਸਤਕਾਂ ਲਹੂ ਭਿੱਜੇ ਬੋਲ (1971), ਸੈਨਤਾਂ (1976), ਚੌ-ਨੁਕਰੀਆਂ ਸੀਖਾਂ (1978), ਲਹੂ ਤੋਂ ਲੋਹੇ ਤਕ (1979) ਅਤੇ ਇਸ ਤੋਂ ਇਲਾਵਾ ਉਸ ਦੀ ਸਮੁੱਚੀ ਕਾਵਿ ਰਚਨਾ ਵੀ ਛਪੀ ਹੈ। ਸੰਤ ਰਾਮ ਉਦਾਸੀ ਨਕਸਲਬਾੜੀ ਦੌਰ ਦਾ ਲੋਕ ਪ੍ਰਿਯ ਕਵੀ ਸੀ। ਜਦੋਂ ਉਹ ਸੁਹਜ ਭਰਪੂਰ ਅਵਾਜ਼ ਅਤੇ ਸ਼ਰੋਦੀ ਅੰਦਾਜ ਵਿੱਚ ਲੰਮੀ ਹੇਕ ਵਿੱਚ ਗਾਉਂਦਾ ਸੀ ਤਾਂ ਭੀੜ ਨੂੰ ਕੀਲ ਲੈਂਦਾ ਸੀ। ਡਾ. ਰਾਜਿੰਦਰ ਪਾਲ ਸਿੰਘ ਦੇ ਅਨੁਸਾਰ, "ਉਸ ਦੀ ਕਵਿਤਾ ਦੀ ਮੁੱਖ ਖਾਸੀਅਤ ਇਹ ਹੈ ਕਿ ਉਹ ਨਕਸਲਬਾੜੀ ਲਹਿਰ ਦੇ ਵਿਚਾਰਾਂ ਨੂੰ ਲੋਕ ਮੁਹਾਵਰੇ ਅਨੁਸਾਰ ਢਾਲ ਕੇ ਗੀਤਾਂ ਵਿਚ ਪੇਸ਼ ਕਰਦਾ ਸੀ। ਉਹ ਆਪਣੇ ਵਿਚਾਰਾਂ ਦੇ ਪ੍ਰਗਟਾ ਲਈ ਕੋਈ ਓਹਲਾ ਵਰਤਣ ਦੀ ਥਾਂ ਸਿੱਧੀ ਗੱਲ ਹੀ ਕਰਦਾ ਸੀ। ਉਸ ਨੇ ਵਿਹਲੜ, ਮੁਨਾਫੇਖੋਰ, ਜਾਗੀਰਦਾਰੀ, ਸਰਮਾਏਦਾਰੀ ਗੱਠਜੋੜ ਦੇ ਖਿਲਾਫ ਲਿਖਦਿਆਂ ਵਰਗ ਸੰਘਰਸ਼ ਦੀ ਗੱਲ ਕਰਦਿਆਂ ਕਿਰਤੀ ਵਰਗ ਦੀ ਹੋ ਰਹੀ ਲੁੱਟ 'ਤੇ ਸਿੱਧੇ ਤੌਰ 'ਤੇ ਉਂਗਲ ਰੱਖੀ।"(ਉਹੀ ਰਚਨਾ, ਪੰਨਾ 183) ਇਉਂ ਸੰਤ ਰਾਮ ਉਦਾਸੀ ਦੀ ਲੋਕਪ੍ਰਿਅਤਾ ਲੋਕ ਕਵੀਆਂ ਵਾਲੀ ਸੀ। ਉਹ ਸਰਮਾਏਦਾਰੀ ਦੁਆਰਾ ਕੀਤੀ ਜਾਂਦੀ ਕਿਰਤ ਦੀ ਲੁੱਟ ਦੇ ਵਿਰੋਧ ਵਿੱਚ ਸਿੱਧਾ ਹੋ ਕੇ ਟੱਕਰਦਾ ਸੀ:-

ਮੇਰੀ ਕਿਰਤ ਨੂੰ ਲੁੱਟਣ ਵਾਲਿਓ,

ਕਿਉਂ ਪੀਵੇਂ ਰੱਤ ਬਹਾਰਾਂ ਦੀ

ਧਰਤੀ ਹੈ ਮਜ਼ਦੂਰਾਂ ਦੀ,

ਇਹ ਨਹੀਂ ਸਰਮਾਏਦਾਰਾਂ ਦੀ

ਸੰਤ ਰਾਮ ਉਦਾਸੀ ਇਕ ਲੋਕ ਕਵੀ ਦਾ ਰੁਤਬਾ ਰਖਦਾ ਸੀ। ਇਹ ਰੁਤਬਾ ਉਸ ਕਾਵਿ ਸਾਧਨਾ ਕਰਕੇ ਕਮਾਇਆ ਸੀ। ਉਹ ਜਿਥੇ ਲੋਕਾਂ ਵਿੱਚ ਫੈਲੇ ਅੰਧ ਵਿਸ਼ਵਸ, ਧਾਰਮਿਕ ਪਖੰਡ ਦਾ ਵਿਰੋਧੀ ਸੀ ਉਥੇ ਸਿੱਖ ਇਤਿਹਾਸ ਦੇ ਯੋਧਿਆਂ, ਸੂਰਬੀਰਾਂ ਅਤੇ ਗੁਰੂ ਸਾਹਿਬਾਨ ਦੁਆਰਾ ਕੀਤੀਆਂ ਕੁਰਬਾਨੀਆਂ ਦੇ ਦਾਰਸ਼ਨਿਕ ਇਤਿਹਾਸਕ ਮਹੱਤਵ ਨੂੰ ਮਾਨਤਾ ਵੀ ਦਿੰਦਾ ਹੈ।

**ਡਾ. ਜਗਤਾਰ**

ਡਾ ਜਗਤਾਰ ਜੁਝਾਰਵਾਦੀ ਕਵਿਤਾ ਦਾ ਸਮਰੱਥ ਅਤੇ ਵਿਚਾਰਧਾਰਕ ਤੌਰ ਤੇ ਚੇਤਨ ਕਵੀ ਹੈ। ਉਸਦੇ ਕਾਵਿ ਪ੍ਰਵਚਨ ਵਿੱਚ ਇਕ ਇਕਾਗਰਤਾ, ਸਮਤੋਲ ਅਤੇ ਮਿਆਰੀ ਸਤਰ ਹਮੇਸ਼ਾ ਕਾਇਮ ਰਿਹਾ ਹੈ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ ਜਗਤਾਰ ਪ੍ਰਗਤੀਵਾਦੀ ਕਾਵਿ ਧਾਰਾ ਦੀਆਂ ਉਚਤਮ ਸਿਧਾਂਤਕ ਤੇ ਸਾਹਿਤਕ ਖੂਬੀਆਂ ਦਾ ਅਗਲੇਰੀ ਜੁਝਾਰੂ ਕਵਿਤਾ ਨਾਲ ਸੁਮੇਲ ਕਰਨ ਵਾਲਾ ਪ੍ਰਤਿਭਾਸ਼ੀਲ ਸ਼ਾਇਰ ਹੈ। ਉਸ ਨੇ ਇਕ ਪਾਸੇ ਇਨਕਲਾਬੀ ਸ਼ਕਤੀਆਂ ਨਾਲ ਆਪਣੀ ਸੁਹਿਰਦ ਪ੍ਰਤਿਬਧਤਾ ਕਾਇਮ ਰਖੀ, ਪਰ ਨਾਲੋ ਨਾਲ ਆਮ ਲੋਕਾਈ ਦੀ ਗੁਰਬਤ ਤੇ ਜਹਾਲਤ ਤੋਂ ਉਤਪੰਨ ਕਮਜ਼ੋਰੀਆਂ, ਭੈੜੇ ਕਾਰਾਂ-ਵਿਹਾਰਾਂ ਅਤੇ ਅਮਾਨਵੀ ਬਿਰਤੀਆਂ ਨੂੰ ਬਿਨਾਂ ਸੰਕੋਚ ਨੰਗਾ ਕੀਤਾ। ਦੂਜੇ ਪਾਸੇ ਉਹ ਅਮੀਰ ਪੂੰਜੀਵਾਦੀ ਭਾਰੂ ਸ਼ਕਤੀਆਂ ਨੂੰ ਵੰਗਾਰਵੇਂ ਸੁਰ ਵਿਚ ਮੁਖਾਤਬ ਹੁੰਦਾ ਹੈ ਤੇ ਬੇਖੌਫ ਅਮੀਰਾਂ ਦੀ ਲੁੱਟ, ਦਰਿੰਦਗੀ, ਵਹਿਸ਼ੀਪਣ, ਅਯਾਸ਼ੀ ਨੂੰ ਭੰਡਦਾ ਅਤੇ ਵੰਗਾਰਦਾ ਹੈ। ਮਾਸੂਮ ਲੋਕਾਈ ਨੂੰ ਗੁਲਾਮ ਰੱਖਣ ਦੇ ਢੰਗਾਂ ਤਰੀਕਿਆਂ ਨੂੰ ਉਭਾਰਦਾ ਹੈ। ਪਿਆਰ ਬਾਰੇ ਜਗਤਾਰ ਦਾ ਰਵੱਈਆ ਰੁਮਾਂਟਿਕ ਨਹੀਂ, ਤ੍ਰਾਸਦ ਸੰਵੇਦਨਾ ਵਾਲਾ ਹੈ। ਪਿਆਰ ਦੀ ਅਸਫ਼ਲਤਾ ਤੋਂ ਉਤਪੰਨ ਮਨੋਵਿਸ਼ਾਦ, ਵਪਾਰੂ ਪ੍ਰੇਮ ਸਬੰਧਾਂ ਦੀ ਥੁੜਚਿਰਤਾ ਅਤੇ ਸੱਚੇ ਪਿਆਰ ਦੀ ਤਾਂਘ ਉਸ ਦੇ ਮੁੱਖ ਸਰੋਕਾਰ ਹਨ। ਜਗਤਾਰ ਲਈ ਕ੍ਰਾਂਤੀ ਤੇ ਪਿਆਰ ਵਿਚ ਕੋਈ ਅਣਮੇਲਵੇ ਵਿਰੋਧ ਨਹੀਂ, ਸਗੋਂ ਇਹ ਪਰਮਾਣਿਕ ਮਨੁੱਖੀ ਸ਼ਖ਼ਸੀਅਤ ਦੀ ਉਸਾਰੀ ਦੇ ਸਬੱਲ ਪ੍ਰੇਰਕ ਹਨ।'

`ਵਿਅੰਗ ਅਤੇ ਨਸ਼ਤਰ ਡਾ. ਜਗਤਾਰ ਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਉਹ ਮੱਧਵਰਗੀ ਬੰਦੇ ਦੇ ਕਿਰਦਾਰ ਦੇ ਅਤਿ ਘਿਣਾਉਂਣੇ ਪੱਖਾਂ ਨੂੰ ਬਹੁਤ ਤਿੱਖੇ ਵਿਅੰਗ ਰਾਹੀਂ ਬਿਆਨ ਕਰਦਾ ਹੈ:-

ਜੇਲ੍ਹ ਦੀ ਗੁੰਮ ਸੁੰਮ ਅਤੇ ਤੰਗ ਕੋਠੜੀ ਵਿਚ

ਉਸ ਨੇ ਦੀਵਾਰ ਤੇ

ਆਪਣੇ ਲਹੂ ਦੇ ਨਾਲ ਪਹਿਲਾਂ ਸ਼ਬਦ ਲਿਖਿਆ ਜ਼ਿੰਦਗੀ,

ਦੂਜਾ ਕ੍ਰਾਂਤੀ

ਅਤੇ ਤੀਸਰਾ ਆਜ਼ਾਦੀ

ਫੇਰ ਉਸ ਨੇ ਦੂਸਰੀ ਦੀਵਾਰ ਤੇ ਲਿਖਿਆ

ਮੇਰੀਆਂ ਅੱਖਾਂ ਜਿਹਨ ਕੰਨਾਂ ਤੇ ਬੁਲ੍ਹਾਂ ਦਾ ਰਿਸ਼ਤਾ

ਬਾਹਰਲੀ ਦੁਨੀਆਂ ਤੋਂ ਟੁੱਟ ਸਕਦਾ ਨਹੀਂ।

ਮੱਧ ਸ਼੍ਰੇਣਿਕ ਬੰਦੇ ਦੇ ਕਿਰਦਾਰ ਬਾਰੇ:-

ਉਹ ਚਿੜੀ ਹੁਣ ਦਾਣੇ ਦੁਣਕੇ ਤੇ ਨਹੀਂ ਹੈ ਠਹਿਰਦੀ,

ਉਹ ਤਾਂ ਹੁਣ ਬਾਦਾਮ, ਪਿਸਤਾ ਤੇ ਮੁਨੱਕਾ ਖਾ ਰਹੀ।

ਡਾ. ਜਗਤਾਰ ਦੀ ਕਾਵਿ ਭਾਸ਼ਾ ਵਿਚ ਅਛੋਹ ਅਤੇ ਅਣਕਹੇ ਅਰਥ ਸਿਰਜਣ ਦੀ ਅਥਾਹ ਸਮੱਰਥਾ ਹੈ। ਉਹ ਨਵੀਨ ਚਿੰਨ੍ਹਾਂ ਅਤੇ ਬਿੰਬਾਂ ਰਾਹੀਂ  ਆਪਣੇ ਮੌਲਿਕ ਅਨੁਭਵ ਨੂੰ ਪ੍ਰਗਟ ਕਰਨ ਦੇ ਸਮਰਥ ਹੈ। ਕਾਵਿ ਵਿਅੰਗ ਅਤੇ ਤਨਜ ਉਸ ਦੇ ਮਨਭਾਉਂਦੇ ਕਾਵਿ ਹਥਿਆਰ ਹਨ : -

ਦਰਦ ਵੀ ਕਮ ਹੋ ਗਿਆ,

ਹਾਲਤ ਵੀ ਬਿਹਤਰ ਹੋ ਗਈ,

ਪਰ ਤਬੀਅਤ ਹੀ ਜ਼ਰਾ,

ਪਾਰੇ ਤੋਂ ਪੱਥਰ ਹੋ ਗਈ।

ਨੱਬੇ ਦੇ ਦਹਾਕੇ ਵਿੱਚ ਪੰਜਾਬ ਵਿੱਚ ਲੰਮਾ ਸਮਾਂ ਉਥਲ ਪੁਥਲ ਬਣੀ ਰਹੀ। ਪੰਜਾਬ ਸੰਕਟ ਬਾਰੇ ਵੀ ਉਸ ਨੇ ਬਹੁਤ ਮੁਲਵਾਨ ਕਾਵਿ ਰਚਨਾਵਾਂ ਪ੍ਰਸਤੁਤ ਕੀਤੀਆਂ ਹਨ :

ਕੋਣ ਬੀਜੀ ਜਾਂਦਾ ਹੈ ਅਲਾਹੁਣੀਆਂ।

ਕੀਤੀਆਂ ਏ ਪੇਸ਼ ਕਦੇ ਆਉਣੀਆਂ

ਮਗਰਮੱਛ ਦੇ ਅਥਰੂਆਂ ਤੇ ਤੁਹਾਡੀ ਮੁਸਕਰਾਹਟ ਦਾ

ਕੋਈ ਅੰਤਰ ਨਹੀਂ

ਤੁਹਾਡੇ ਲਿਖਣ ਤੋਂ ਪਹਿਲਾਂ ਹੀ ਮੈਂ ਇਹ ਜਾਣਦਾ ਸਾਂ

ਤੁਸੀਂ ਜੋ ਹੁਕਮ ਦੇਣਾ ਹੈ

ਪਰ-ਹੁਕਮ ਨੂੰ ਮੁੜ ਵਿਚਾਰਨ,

ਰਹਿਮ ਮੰਗਣ

ਤੇ ਅਪੀਲਾਂ 'ਚ ਮੇਰਾ ਵਿਸ਼ਵਾਸ ਨਹੀਂ

(ਲਹੂ ਦੇ ਨਕਸ਼)

**ਹਰਭਜਨ ਹਲਵਾਰਵੀ**

ਹਰਭਜਨ ਹਲਵਾਰਵੀ ਜੁਝਾਰਵਾਦੀ ਕਾਵਿ ਧਾਰਾ ਦਾ ਬਹੁਤ ਸਰਗਰਮ ਕਵੀ ਰਿਹਾ ਹੈ। ਉਸ ਨੇ ਨਕਸਲਬਾੜੀ ਲਹਿਰ ਵਿੱਚ ਸਰਗਰਮ ਹਿੱਸਾ ਲਿਆ ਜਿਸ ਕਾਰਨ ਉਸਨੂੰ ਜੇਲ੍ਹ ਵੀ ਕੱਟਣੀ ਪਈ। ਪਰ ਉਸਦੀ ਕਵਿਤਾ ਵਿੱਚ ਮਾਰਕਸਵਾਦੀ ਵਿਚਾਰਧਾਰਕ ਚੇਤਨਾ ਅਤੇ ਇਨਕਲਾਬੀ ਚੜ੍ਹਤ ਹਮੇਸ਼ਾ ਕਾਇਮ ਰਹੀ। ਪੰਜਾਬੀ ਟ੍ਰਿਬਿਊਨ ਅਖ਼ਬਾਰ ਦੇ ਸੰਪਾਦਕ ਰਹਿੰਦਿਆਂ ਵੀ ਉਸ ਨੇ ਆਪਣੀ ਵਿਚਾਰਧਾਰਕ ਪ੍ਰਤਿਬਧਤਾ ਨੂੰ ਕਾਇਮ ਦਾਇਮ ਰੱਖਿਆ। ਉਸਦੇ ਤਿੰਨ ਕਾਵਿ ਸੰਗ੍ਰਹਿ ਪਿਘਲੇ ਹੋਏ ਪਲ, ਪੌਣ ਉਦਾਸ ਹੈ, ਪੰਖ ਵਿਹੂਣਾ ਪ੍ਰਕਾਸ਼ਿਤ ਹੋ ਚੁੱਕੇ ਹਨ। ਇਸ ਤੋਂ ਇਲਾਵਾ ਦੋ ਸਫ਼ਰਨਾਮੇ 'ਚੀਨ ਵਿੱਚ ਕੁਝ ਦਿਨ' ਅਤੇ ਰੂਸ ਬਾਰੇ 'ਯਾਦਾਂ ਮਿੱਤਰ ਦੇਸ਼ ਦੀਆਂ' ਵੀ ਛਪੇ ਹਨ।

ਇਹਨਾਂ ਪਰਮੁੱਖ ਜੁਝਾਰਵਾਦੀ ਕਵੀਆਂ ਤੋਂ ਇਲਾਵਾ ਹੋਰ ਬਹੁਤ ਸਾਰੇ ਕਵੀ ਹਨ ਜਿਹੜੇ ਇਸ ਕਾਵਿ ਲਹਿਰ ਤੋਂ ਪ੍ਰਭਾਵਿਤ ਹੋ ਕੇ ਕਾਵਿ ਰਚਨਾ ਕਰਦੇ ਰਹੇ ਹਨ। ਦਰਸ਼ਨ ਖਟਕੜ, ਸੰਤ ਸੰਧੂ, ਮਿੰਦਰਪਾਲ ਭੱਠਲ, ਗੁਰਦੀਪ ਪੂਰੇਵਾਲ, ਅਮਰਜੀਤ ਚੰਦਨ ਆਦਿ ਕਵੀ ਇਸ ਲਹਿਰ ਦਾ ਅਗਲਾ ਵਿਕਾਸ ਕਰਦੇ ਹਨ। ਦਰਸ਼ਨ ਖਟਕੜ ਇਸ ਲਹਿਰ ਦਾ ਬਹੁਤ ਸਰਗਰਮ ਕਵੀ ਰਿਹਾ ਹੈ। ਉਹ ਆਪਣੇ ਕਾਵਿ ਪ੍ਰਵਚਨ ਵਿੱਚ ਸਰਮਾਏਦਾਰੀ ਪ੍ਰਬੰਧ ਨੂੰ ਕਰੜੇ ਹੱਥੀਂ ਲੈਂਦਾ ਹੈ:-

ਪਰ ਅਸਾਂ ਨੇ ਸਿਰ ਨਿਵਾ ਕੇ

ਗੰਦਗੀ ਵਿੱਚ ਰੀਂਗਦੀ ਜਿੰਦਗੀ ਨਹੀਂ ਮੰਗਣੀ

ਸਿਰ ਉਠਾ ਕੇ ਬਿਜਲੀਆਂ ਨੂੰ ਅੱਖ ਮਾਰਾਂਗੇ।

ਸੰਤ ਸੰਧੂ ਜੁਝਾਰਵਾਦੀ ਕਵਿਤਾ ਦਾ ਇਕ ਹੋਰ ਪ੍ਰਮੁੱਖ ਸ਼ਾਇਰ ਹੈ। ਉਹ ਪਾਸ਼ ਦੇ ਖ਼ਾਸ ਕਵੀ ਮਿੱਤਰਾਂ ਵਿੱਚੋਂ ਇੱਕ ਸੀ। ਉਸ ਦੀ ਕਵਿਤਾ ਵਿੱਚ ਵੀ ਇਸ ਕਵੀ ਦਾ ਜ਼ਿਕਰ ਕਈ ਵਾਰ ਆਇਆ ਹੈ। ਉਸ ਨੇ 1970 ਵਿੱਚ ਆਪਣੀ

ਪੁਸਤਕ  ਸੀਸ ਤਲੀ 'ਤੇ ਲਿਖੀ ਸੀ। ਇਸ ਪੁਸਤਕ ਵਿੱਚ ਉਸਦੀ ਜੁਝਾਰਵਾਦੀ ਕਾਵਿ ਦ੍ਰਿਸ਼ਟੀ ਦੇ ਦਰਸ਼ਨ ਹੁੰਦੇ ਹਨ:-

ਅਸਾਡਾ ਹੌਂਸਲਾ ਵੀ ਧਿਆਨ ਖਿੱਚੇਗਾ ਬਜ਼ਾਰਾਂ ਦਾ,

ਸ਼ਹਿਰ ਤੇਰੇ 'ਚ ਸੁਣਿਆ ਹੈ ਸਿਰਾਂ ਦੇ ਮੁੱਲ ਪੈਂਦੇ ਨੇ।

ਇਸੇ ਤਰ੍ਹਾਂ ਜੁਝਾਰਵਾਦੀ ਕਵੀ ਗੁਰਦੀਪ ਗਰੇਵਾਲ ਦੀ ਰਚਨਾ ਦਾ ਇੱਕ ਨਮੂਨਾ ਵੀ ਵੇਖਣ ਯੋਗ ਹੈ:-

ਤੁਹਾਡੀਆਂ ਸਜ਼ਾਵਾਂ ਦੇ ਦਰਦ

ਮੈਨੂੰ ਬੇਹਾਲ ਨਹੀਂ ਕਰਦੇ

ਤੇ ਨੀਂਦ ਤਾਂ

ਮਾਛੀਵਾੜੇ ਦੇ ਕੰਡਿਆਂ 'ਤੇ ਵੀ ਆਉਂਦੀ ਹੈ।

ਮਿੰਦਰਪਾਲ ਭੱਠਲ ਦੇ ਕਾਵਿ ਖ਼ਿਆਲ ਵੀ ਇਸੇ ਤਰ੍ਹਾਂ ਦੇ ਜੁਝਾਰੂ ਰੰਗ ਵਿੱਚ ਰੰਗੇ ਹਨ:-

ਪੈਰ ਸੂਲਾਂ ਤੇ ਵੀ ਨੱਚਦੇ ਰਹਿਣਗੇ ਬੁੱਤ ਬਣ ਕੇ ਪੀੜ ਨੂੰ ਜਰਨਾ ਨਹੀਂ।

ਅਮਰਜੀਤ ਚੰਦਨ ਤਾਉਮਰ ਮਾਰਕਸਵਾਦੀ ਵਿਚਾਰਧਾਰਾ ਨਾਲ ਜੁੜਿਆ ਰਿਹਾ। ਪ੍ਰਵਾਸੀ ਹੋ ਕੇ ਵੀ ਉਹਦੇ ਮਨ ਵਿੱਚ ਸਰਮਾਏਦਾਰੀ ਦੁਆਰਾ ਸਤਾਏ ਜਾ ਰਹੇ ਲੋਕਾਂ ਦਾ ਦਰਦ ਬੈਠਾ ਰਿਹਾ। ਅਮਰਜੀਤ ਚੰਦਨ ਦੀ ਪੁਸਤਕ 'ਕੌਣ ਨਹੀਂ ਚਾਹੇਗਾ'  ਵਿੱਚ ਜੁਝਾਰਵਾਦੀ ਦ੍ਰਿਸ਼ਟੀ ਦੇਖੀ ਜਾ ਸਕਦੀ ਹੈ:-

ਉਹ ਆ ਰਿਹਾ ਹੈ,

ਉਹ ਆਵੇਗਾ,

ਉਸਦੇ ਹੱਥ ਬੰਦੂਕ ਹੋਵੇਗੀ

ਜਿਸ ਨੂੰ ਉਹ ਮਧੁਰ ਰਾਗਣੀਆਂ ਦਾ ਸਾਜ਼ ਕਹਿੰਦਾ ਹੈ

ਜਲਾਵਤਨ ਬੋਲਾਂ ਨੂੰ ਉਹਨਾਂ ਦਾ ਵਤਨ ਮਿਲੇਗਾ ਇੱਕ ਨਹੀਂ, ਦੋ ਨਹੀਂ, ਕਿੰਨੇ ਹੀ ਵੀਅਤਨਾਮਾਂ ਵਿੱਚ

ਉਹ ਆਵੇਗਾ

ਭਵਿੱਖ ਸਾਡੇ ਕਦਮਾਂ 'ਚ ਹੋਵੇਗਾ।

**ਜੋਗਾ ਸਿੰਘ**

ਜੋਗਾ ਸਿੰਘ ਨੇ ਨਕਸਲਬਾੜੀ ਅਤੇ ਪੰਜਾਬ ਸੰਕਟ ਦੀ ਕਵਿਤਾ ਵਿੱਚ ਆਪਣਾ ਯੋਗਦਾਨ ਪਾਇਆ ਹੈ। ਉਹ ਕ੍ਰਾਂਤੀਕਾਰੀ ਅਤੇ ਮਾਨਵਵਾਦੀ ਭਾਵਾਂ ਵਾਲਾ ਕਵੀ ਹੈ। ਉਸ ਨੇ ਪੰਜਾਬੀ ਕਵਿਤਾ ਨੂੰ ਕੱਚੀ ਮਿੱਟੀ ਪੱਕੀ ਮਿੱਟੀ, ਕਰਕ ਕਲੇਜੇ ਮਾਹਿ, ਅਲਵਿਦਾ, ਖੁਸ਼ਾਮਦੀਦ, ਆਪਣੀ ਮਿੱਟੀ ਅਤੇ ਹੁਣ ਉਹ ਵਕਤ ਨਹੀਂ ਰਹੇ ਕਾਵਿ ਸੰਗ੍ਰਹਿ ਦਿੱਤੇ ਹਨ:-

ਮੇਰੇ ਸਾਹਵੇਂ ਮੇਰੇ ਬੋਲਾਂ ਨੂੰ

ਨੇਜ਼ੇ ਤੇ ਉਛਾਲਣ ਦੀ ਖੇਡ ਖੇਡੋ

ਮੈਂ ਜੋ ਬੋਲਾਂ ਨੂੰ ਜਨਮ ਦੇ ਸਕਦਾ ਹਾਂ

ਕਤਲ ਵੀ ਕਰ ਸਕਦਾ ਹਾਂ

ਮਕਤਲ ਵਿੱਚ ਮੈਂ ਕੋਈ ਨਵਾਂ ਨਹੀਂ ਆਇਆ।

ਸਮਕਾਲੀ ਪੰਜਾਬੀ ਕਵਿਤਾ ਦੀਆਂ ਉਪਰੋਕਤ ਪ੍ਰਮੁੱਖ ਪ੍ਰਵਿਰਤੀਆਂ ਤੋਂ ਇਲਾਵਾ ਸਮੇਂ ਦੇ ਬਦਲਣ ਨਾਲ ਅਤੇ ਵਿਚਾਰਧਾਰਕ ਸਰੋਕਾਰਾਂ ਦੇ ਵੱਖੋ ਵੱਖ ਆਧਾਰ ਪਨਪਣ ਨਾਲ ਬਹੁਤ ਸਾਰੇ ਨਵੇਂ  ਝੁਕਾਅ ਅਤੇ ਪ੍ਰਵਿਰਤੀਆਂ ਪੈਦਾ ਹੋਈਆਂ ਹਨ ਜਿਹੜੀਆਂ ਕੋਈ ਵੱਡੀ ਲਹਿਰ ਦਾ ਰੂਪ ਤਾਂ  ਨਹੀਂ ਧਾਰ ਸਕੀਆਂ ਪਰ ਚੇਤਨਾ ਦੇ ਬਦਲ ਰਹੇ ਪ੍ਰਸੰਗਾਂ ਅਤੇ ਪ੍ਰਸਥਿਤੀਆਂ ਦਾ ਯਥਾਰਥਕ ਵਰਣਨ ਇਹਨਾਂ ਵਿੱਚ ਜਰੂਰ ਹੋਇਆ ਹੈ।

ਖਾਸ ਤੌਰ ਤੇ 1990 ਤੋਂ ਪਿੱਛੋਂ ਸੰਸਾਰ ਪੱਧਰ ਤੇ ਹੋਈਆਂ ਘਟਨਾਵਾਂ ਨਾਲ ਪੰਜਾਬੀ ਕਵਿਤਾ ਅਤੇ ਕਾਵਿ ਚਿੰਤਨ ਵੀ ਪ੍ਰਭਾਵਿਤ ਹੋਇਆ ਹੈ। ਇਸ ਦੌਰ ਨੂੰ ਪੰਜਾਬੀ ਕਵਿਤਾ ਦਾ ਨਵ ਬਸਤੀਵਾਦੀ, ਉਤਰ ਆਧੁਨਿਕਤਾਵਾਦੀ, ਵਿਸ਼ਵੀਕਰਨ ਦਾ ਦੌਰ ਵੀ ਕਹਿ ਲਿਆ ਜਾਂਦਾ ਹੈ।

ਸਮਕਾਲੀ ਪੰਜਾਬੀ ਕਵਿਤਾ ਇਕੋ ਵੇਲੇ ਮਨੁੱਖ ਦੀ ਜ਼ਿੰਦਗੀ ਦੇ ਬਹੁਤ ਸਾਰੇ ਧਰਾਤਲਾਂ ਨਾਲ ਜੁੜੀ ਹੋਈ ਹੈ। ਇਸ ਵਿੱਚ ਇਕੋ ਵੇਲੇ ਬਹੁਤ ਸਾਰੀਆਂ ਵਿਚਾਰਧਾਰਾਵਾਂ ਵੀ ਕਾਰਜਸ਼ੀਲ ਹਨ ਵਿਧੀਆਂ ਵੀ ਪ੍ਰਚਲਤ ਹਨ।  ਇਹ ਵੰਨ ਸੁਵੰਨਤਾ ਸ਼ਾਇਦ ਇਸ ਕਰਕੇ ਵੀ ਹੈ ਕਿ ਸਾਡੇ ਕਵੀ ਵਿਸ਼ਵ ਚੇਤਨਾ ਨਾਲ ਵੀ ਜੁੜੇ ਹੋਏ ਹਨ ਅਤੇ ਸਥਾਨਕ ਸਭਿਆਚਾਰਕ ਪਛਾਣਾ ਦੀ ਵੀ ਸੋਝੀ ਰਖਦੇ ਹਨ। ਇਸ ਵਿੱਚ ਇਕੋ ਵੇਲੇ ਇਕ ਤੋਂ ਵਧੇਰੇ ਪੀੜ੍ਹੀਆਂ ਦੇ ਕਵੀ ਕਾਰਜਸ਼ੀਲ ਰਹੇ ਹਨ। ਸਮਕਾਲੀ ਕਵਿਤਾ ਵਿੱਚ ਜਿਨ੍ਹਾਂ ਪ੍ਰਵਿਰਤੀਆਂ ਜਾਂ ਝੁਕਾਵਾਂ ਦੀ ਪਛਾਣ ਕੀਤੀ ਜਾ ਸਕਦੀ ਹੈ ਉਹਨਾਂ ਵਿੱਚ ਮਾਨਵੀ ਸੰਵੇਦਨਾ ਦੀ ਕਵਿਤਾ, ਪੰਜਾਬ ਸੰਕਟ ਦੀ ਕਵਿਤਾ, ਆਧੁਨਿਕਤਾਵਾਦੀ ਕਵਿਤਾ, ਉਤਰ ਆਧੁਨਿਕ ਕਵਿਤਾ, ਪ੍ਰਵਾਸੀ ਕਵਿਤਾ, ਨਾਰੀ ਚੇਤਨਾ ਦੀ ਕਵਿਤਾ, ਦਲਿਤ ਚੇਤਨਾ ਦੀ ਕਵਿਤਾ, ਕਿਸਾਨੀ ਸੰਕਟ ਦੀ ਕਵਿਤਾ, ਪਲਾਂ ਛਿਣਾ ਨੂੰ ਪਕੜਦੀ ਕਵਿਤਾ ਆਦਿ ਰੱਖੇ ਜਾ ਸਕਦੇ ਹਨ।

ਸਮਕਾਲੀ ਸਮੇਂ ਦਾ ਸਭ ਤੋਂ ਵੱਧ ਚਰਚਿਤ, ਪ੍ਰਬੀਨ ਅਤੇ ਮਕਬੂਲ ਸ਼ਾਇਰ ਸੁਰਜੀਤ ਪਾਤਰ ਹੈ। ਸੁਰਜੀਤ ਪਾਤਰ ਸਮਕਾਲੀ ਪੰਜਾਬੀ ਕਵਿਤਾ ਦਾ ਇਕ ਯੁੱਗ ਹੈ। ਉਸਦੀ ਕਾਵਿ ਸੰਵੇਦਨਾ ਵਿੱਚ ਸਮੁੱਚੀ ਮਾਨਵਤਾ ਦਾ ਅਹਿਸਾਸ ਹੈ। ਉਸਨੇ ਆਪਣਾ ਪਹਿਲਾ ਕਾਵਿ ਸੰਗ੍ਰਹਿ 'ਕੋਲਾਜ਼' ਆਪਣੇ ਮਿੱਤਰਾਂ ਨਾਲ ਰਲ ਕੇ ਛਪਵਾਇਆ। ਉਸ ਤੋਂ ਪਿੱਛੋਂ 'ਹਵਾ ਵਿੱਚ ਲਿਖੇ ਹਰਫ਼,  ਬਿਰਖ ਅਰਜ਼ ਕਰੇ, ਹਨੇਰੇ ਵਿੱਚ ਸੁਲਗਦੀ ਵਰਨਮਾਲਾ, ਲਫ਼ਜ਼ਾਂ ਦੀ ਦਰਗਾਹ, ਪਤਝੜ ਦੀ ਪਜ਼ੇਬ, ਸੁਰਜ਼ਮੀਨ ਅਤੇ ਚੰਨ ਸੂਰਜ ਦੀ ਵਹਿੰਗੀ ਕਾਵਿ ਸੰਗ੍ਰਹਿ ਪੰਜਾਬੀ ਕਵਿਤਾ  ਨੂੰ ਦਿੱਤੇ ਹਨ।

ਸੁਰਜੀਤ ਪਾਤਰ ਪੰਜਾਬੀ ਕਵਿਤਾ ਦਾ ਇਤਿਹਾਸਕ ਚੇਤਨਾ ਰੱਖਣ ਵਾਲ ਕਵੀ ਹੈ। ਉਹ ਮਨੁੱਖੀ ਗੌਰਵ ਅਤੇ ਗੰਭੀਰ ਮਾਨਵੀ ਸਰੋਕਾਰਾਂ ਤੋਂ ਸੁਚੇਤ ਸ਼ਾਇਰ ਹੈ। ਉਸ ਕੋਲ ਵਿਕਸਤ ਆਧੁਨਿਕ ਯੁੱਗ ਸੰਵੇਦਨਾ ਦੀ ਭਰਪੂਰ ਸੋਝੀ ਹੈ ਅਤੇ ਉਸ ਕੋਲ ਮਨੁੱਖ ਦੇ ਦੁੱਖਾਂ, ਦਰਦਾਂ, ਸੰਕਟਾਂ ਅਤੇ ਸੰਵੇਦਨਾ ਦੇ ਡੂੰਘੇ ਅਹਿਸਾਸ ਹਨ ਜਿਹਨਾ ਸਦਕਾ ਉਹ ਸਮਕਾਲੀ ਇਤਿਹਾਸਕ ਦਵੰਦਾਂ ਨੂੰ ਸੰਤੁਲਿਤ ਦ੍ਰਿਸ਼ਟੀ ਤੋਂ ਪਰਖਣ ਅਤੇ ਪੇਸ਼ ਕਰਨ ਵਿਚ ਸਮਰੱਥ ਹੈ। ਪੰਜਾਬੀ ਲੋਕਾਈ ਦੇ ਸਾਮਿਅਕ ਤੇ ਸਰਵਕਾਲੀ ਸਰੋਕਾਰਾਂ ਨੂੰ ਉਸ ਨੇ ਬਹੁਤ ਸ਼ਿਦਤ ਨਾਲ ਪੇਸ਼ ਕੀਤਾ ਹੈ। ਨਕਸਲਵਾੜੀ ਲਹਿਰ ਦੇ ਸਮੇਂ ਦੇ ਨਾਜ਼ੁਕ ਹਾਲਾਤ ਅਤੇ ਪੰਜਾਬ ਸੰਕਟ ਵੇਲੇ ਦੀ ਗੰਭੀਰਤਾ ਨੂੰ ਵੀ ਉਸ ਨੇ ਜ਼ੁਬਾਨ ਦਿੱਤੀ ਹੈ:-

ਕੁਝ ਕਿਹਾ ਤਾਂ ਹਨੇਰ ਜਰੇਗਾ ਕਿਵੇਂ,

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ,

ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।

ਸੁਰਜੀਤ ਪਾਤਰ ਆਧੁਨਿਕ ਮਨੁੱਖ ਦੀ ਪਿਆਰ ਵਿਹੁਣੀ ਹੋਂਦ, ਵਿਸ਼ਵਾਸਾਂ ਰਹਿਤ ਜ਼ਿੰਦਗੀ, ਮੁਨਾਫ਼ਾਖੋਰ ਬਿਰਤੀ ਅਤੇ ਦੁਜੈਲੀ ਫਿਤਰਤ ਤੋਂ ਵਾਕਫ਼ ਹੈ। ਉਸ ਕੋਲ ਮਨੁੱਖੀ ਜਜਬੇ ਤੋਂ ਸੱਖਣੇ ਹੋ ਰਹੇ ਮਨੁੱਖ ਦੇ ਤ੍ਰਾਸਦਿਕ ਭਾਵਾਂ ਨੂੰ ਪੇਸ਼ ਕਰਨ ਵਾਲੀ ਸ਼ਕਤੀਸ਼ਾਲੀ ਕਾਵੀ ਭਾਸ਼ਾ ਹੈ :

ਪੀਲੇ ਪੱਤਿਆਂ ਤੇ ਪੱਬ ਧਰ ਹਲਕੇ ਹਲਕੇ

ਹਰ ਸ਼ਾਮ ਅਸੀਂ ਭਟਕੇ ਪੌਣਾਂ ਸੰਗ ਰਲ ਕੇ

ਨਾ ਤੇਰੇ ਦਰ ਨਾ ਮੇਰੇ ਦਸਤਕ ਹੋਈ

ਇਕ ਉਮਰਾ ਚਲੀ ਅਸੀ ਨਾ ਚੱਲੇ ਰਲ ਕੇ।

## 2.7 ਪੰਜਾਬ ਸੰਕਟ ਦੀ ਕਵਿਤਾ

ਉਹ ਸਮਾਂ ਹੈ ਜਿਹੜਾ ਚੁਰਸੀ ਤੋਂ ਸ਼ੁਰੂ ਹੋ ਕੇ ਚੁਰਾਨਵੇਂ ਤੱਕ ਚੱਲਿਆ ਦੇ ਸਬੰਧ ਵਿੱਚ ਪੰਜਾਬੀ ਕਵੀਆਂ ਨੇ ਜੋਰਦਾਰ ਪ੍ਰਤੀਕਿਰਆ ਦਿੱਤੀ ਹੈ। ਇਹ ਦੌਰ ਪੰਜਾਬ ਦੀ ਨੌਜਵਾਨੀ ਲਈ ਬਹੁਤ ਭਿਆਨਕ ਸੀ। ਡਰ ਅਤੇ ਖੌਫ਼ ਇਸ ਦੌਰ ਦਾ ਪ੍ਰਤੀਕ ਬਣ ਗਏ ਸਨ। ਕਤਲ, ਹਿੰਸਾ ਅਤੇ ਬਲਾਤਕਾਰ ਇਸ ਦੌਰ ਵਿੱਚ ਲੋਕਾਂ ਦੀ ਹੋਣੀ ਬਣ ਗਏ ਸਨ। ਪੰਜਾਬੀ ਕਵੀ ਆਪਣੀ ਕਾਵਿ ਸੰਵੇਦਨਾ ਵਿਅਕਤ ਕਰਦੇ ਹੋਏ ਧੀਮੀ ਸੁਰ ਵਿੱਚ ਇਸ ਦੀ ਨਿੰਦਿਆ ਕਰਦੇ ਸਨ। ਸੁਰਜੀਤ ਪਾਤਰ, ਡਾ. ਜਗਤਾਰ, ਹਲਵਾਰਵੀ, ਗੁਰਭਜਨ ਗਿੱਲ, ਸਤਿੰਦਰ ਸਿੰਘ ਨੂਰ, ਰਵਿੰਦਰ ਭੱਠਲ, ਅਨੂਪ ਵਿਰਕ, ਕੁਲਵੰਤ ਗਰੇਵਾਲ ਆਦਿ ਕਵੀ ਇਸ ਦੌਰ ਵਿੱਚ ਕਾਵਿ ਖੇਤਰ ਵਿੱਚ ਕਾਰਜਸ਼ੀਲ ਰਹੇ ਹਨ। ਸੁਰਜੀਤ ਪਾਤਰ ਇਤਿਹਾਸਕ ਪਰਿਪੇਖ ਤੋਂ ਵੀ ਪ੍ਰੇਰਨਾ ਲੈਣ ਲਈ ਸੁਚੇਤ ਕਰਦਾ ਹੈ:-

ਉਦੋਂ ਵਾਰਿਸ ਸ਼ਾਹ ਨੂੰ ਵੰਡਿਆ ਸੀ

ਹੁਣ ਸ਼ਿਵ ਕੁਮਾਰ ਦੀ ਵਾਰੀ ਏ।

ਉਹ ਜ਼ਖ਼ਮ ਪੁਰਾਣੇ ਭੁੱਲ ਵੀ ਗਏ,

ਨਵਿਆਂ ਦੀ ਜੋ ਫੇਰ ਤਿਆਰੀ ਏ।

ਜਾਂ

ਜਿੱਥੋਂ ਤੱਕ ਛਾਂ ਤਖਤ ਦੀ, ਅੱਗਾਂ ਹੀ ਅੱਗਾਂ।

ਚੌਂਕ ਚੁਰਾਹੇ ਸੜਦੀਆਂ ਪੱਗਾਂ ਹੀ ਪੱਗਾ।

ਡਾ. ਜਸਵਿੰਦਰ ਸਿੰਘ ਅਨੁਸਾਰ 'ਪਾਤਰ ਸਿਰਜਣਾਤਮਕ ਉਦਾਸੀ ਦਾ ਸ਼ਾਇਰ ਹੈ। ਨਿਰਾਸ਼ਾ ਜਾਂ ਭਟਕਣਾ ਦਾ ਨਹੀਂ। ਮਨੁੱਖੀ ਫਿਤਰਤ ਦੇ ਪੁਠੇ ਸਿਧੇ ਪੱਖਾਂ ਦੀ ਥਾਹ ਰਖਦਾ ਹੈ। ਸਵੈ-ਕਟਾਖਸ਼ ਦੀ ਵਿਧੀ ਰਾਹੀਂ ਉਹ ਸਮਾਜੀ, ਮਨੁੱਖੀ ਸਥਿਤੀ ਦਾ ਵਿਸਫੋਟ ਕਰਨ ਦੇ ਸਮਰੱਥ ਹੈ'(ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ 60)

ਸੁਰਜੀਤ ਪਾਤਰ ਤੋਂ ਇਲਾਵਾ ਹੋਰ ਸ਼ਾਇਰਾਂ ਨੇ ਵੀ ਇਸ ਕਾਲੇ ਦੌਰ ਬਾਰੇ ਕਵਿਤਾ ਲਿਖੀ ਹੈ। ਦੇਵ ਵੀ ਦਹਿਸ਼ਤਗਦ ਧਿਰ ਨੂੰ ਸੱਭ ਵਿੱਚ ਲੈਂਦਿਆਂ ਲਿਖਦਾ ਹੈ:-

ਪੰਜਾਬ ਅੱਜ ਤੂੰ ਖ਼ੁਦ ਹੀ ਹਮਲਾਵਰ

ਆਪਣੇ ਹੀ ਘਰ ਦੀਆਂ ਨੀਹਾਂ ਤੇ ਇੱਟਾਂ ਪੁੱਟਣੀਆਂ ਸ਼ੁਰੂ ਕਰ ਦਿੱਤੀਆਂ ਨੇ

ਇਸ ਤਰਾਂ ਦੀ ਹਾਲਤ ਵਿੱਚ 'ਆਪਾਂ' ਕਿੱਥੇ ਜਾਵਾਂਗੇ

ਅਸੀਂ ਜੋ ਹਲਕਾਏ ਹੋਏ ਹੋ ਨਿਬੜੇ ਹਾਂ

ਕਿੰਨੀ 'ਦੂਰ' ਚਲ ਗਏ ਹਾਂ

ਅਰਦਾਸ ਤੋਂ।

ਇਸ ਦੌਰ ਵਿੱਚ ਕਵੀ ਵੀ ਅਣਕਿਆਸੇ ਦਰ ਵਿੱਚ ਸਨ। ਕਵੀਆਂ ਨੇ ਇਸ ਕਿਸਮ ਦੇ ਭਾਈਚਾਰਕ ਸਾਂਝ ਦੇ ਪ੍ਰਚਾਰ ਨੂੰ ਧਿਆਨ ਵਿੱਚ ਰੱਖ ਕੇ ਬਹੁਤ ਹੀ ਕਟਾਖਸ਼ੀ ਸੁਰ ਅਲਾਪੇ ਹਨ:-

ਕੁਛ ਨਾ ਕਹਿ ਖਾਮੋਸ਼ ਰਹਿ ਓ ਸ਼ਾਇਰਾ

ਸਭ ਨੂੰ ਤੇਰੇ ਕਹਿਣ 'ਤੇ ਇਤਰਾਜ਼ ਹੈ

ਸੁਣ ਤੇਰੀ ਆਵਾਜ਼ ਉਹ ਆ ਜਾਣਗੇ

ਹੱਥ ਜਿਨ੍ਹਾਂ ਦੇ ਸੀਨੇ ਵਿੰਨ੍ਹਵਾਂ ਸਾਜ਼ ਹੈ।

(ਪਾਤਰ)

ਕਈ ਸ਼ਾਇਰਾਂ ਨੇ ਇਸ ਸੰਕਟਮਈ ਸਥਿਤੀ ਨੂੰ ਕਲਾ ਦੀ ਪੁੱਠ ਚਾੜ੍ਹ ਕੇ ਬੜੇ ਹੀ ਖੂਬਸੂਰਤ ਢੰਗ ਨਾਲ ਗ਼ਜ਼ਲ ਵਿੱਚ ਪੇਸ਼ ਕੀਤਾ ਹੈ:-

ਲੱਗੀ ਨਜ਼ਰ ਪੰਜਾਬ ਨੂੰ

ਇਹਦੀ ਨਜ਼ਰ ਉਤਾਰੋ।

ਲੈ ਕੇ ਮਿਰਚਾਂ ਕੌੜੀਆਂ ਇਹਦੇ ਸਿਰ ਤੋਂ ਵਾਰੋ।

ਇਸ ਦੌਰ ਬਾਰੇ ਗੁਰਤੇਜ ਕੁਹਾਰਵਾਲਾ ਲਿਖਦਾ ਹੈ:-

ਪਹਿਲਾਂ ਨਦੀਆਂ ਦੀ ਚਿੰਤਾ ਸੀ, ਹੁਣ ਜਾਪਦੈ ਇਥੇ ਨੈਣਾਂ ਦੇ ਪਾਣੀ ਵੀ ਮੁੱਕ ਜਾਣਗੇ

ਔੜ ਏਦਾਂ ਹੀ ਜੇਕਰ ਇਹ ਜਾਰੀ ਰਹੀ

ਰੂਹਾਂ ਤੇਹਾਂ ਦੇ ਮਸਲੇ ਹੀ ਮੁੱਕ ਜਾਣਗੇ।

(ਗੁਰਤੇਜ ਕੁਹਾਰਵਾਲਾ)

ਪੰਜਾਬ ਸੰਕਟ ਦੇ ਇਸ ਦੌਰ ਵਿਚਲੀ ਇਸ ਕਵਿਤਾ ਵਿੱਚ ਇਕ ਸੰਵਾਦ ਵੀ ਨਜ਼ਰ ਆਉਂਦਾ ਹੈ। ਇਹ ਸੰਵਾਦ ਸ਼ਾਇਰ ਆਪਸ ਵਿੱਚ ਵੀ ਕਰ ਰਹੇ ਹਨ ਅਤੇ ਨਾਲ ਵੀ ਕਰ ਰਹੇ ਹਨ। ਮਿਸਾਲ ਵਜੋਂ ਜੋਗਾ ਸਿੰਘ ਨੂੰ ਕਈ ਕਵੀਆਂ ਨੇ ਹੱਥੋ-ਹੱਥੀਂ ਲਿਆ ਹੈ। ਉਹ ਪ੍ਰਯੋਗਸ਼ੀਲ ਲਹਿਰ ਵੇਲੇ ਇਸ ਕਿਸਮ ਦੀ ਕਵਿਤਾ ਲਿਖਦਾ ਰਿਹਾ ਫਿਰ ਨਕਸਲਬਾੜੀ ਲਹਿਰ ਅਧੀਨ ਇਸ ਤਰ੍ਹਾਂ ਦੀ ਕਵਿਤਾ ਲਿਖੀ। ਅਖੀਰ ਪੰਜਾਬ ਸੰਕਟ ਵਿੱਚ ਵੀ ਸ਼ਾਮਿਲ ਹੋ ਕੇ ਕਵਿਤਾ ਲਿਖਣ ਲੱਗਾ। ਉਸ ਨੂੰ ਵਿਅੰਗ ਦਾ ਨਿਸ਼ਾਨਾ ਬਣਾ ਕੇ ਪਾਸ਼ ਨੇ 'ਜੋਗਾ ਸਿੰਘ ਦੀ ਸਵੈ ਪੜਚੋਲ ਕਵਿਤਾ ਲਿਖੀ ਸੀ।ਇਸੇ ਤਰ੍ਹਾਂ ਵੀ ਵਿਚਾਰਧਾਰਕ ਪ੍ਰਤੀਬੱਧਤਾ ਦੀ ਘਾਟ ਨੂੰ ਹਰਭਜਨ ਸਿੰਘ ਹੁੰਦਲ ਵੀ ਇਉਂ ਪੇਸ਼ ਕਰਦਾ ਹੈ:-

ਮੈਂ ਤੇਰਾ ਪਤਿਤ ਸਿੱਖ ਹਾਂ

ਜੋਗਾ ਸਿੰਘ ਵਾਂਗ ਮੈਂ ਕਈ ਵਾਰ ਕਦੀ ਪ੍ਰਯੋਗਵਾਦ ਅਤੇ ਨਕਸਲਵਾਦ

ਦਾ ਬੂਹਾ ਖੜਕਾਇਆ

ਪਰ ਹਰ ਵਾਰ ਤੂੰ ਹੀ ਬਚਾਇਆ

ਗੁਰਭਜਨ ਗਿੱਲ ਦੀ ਕਵਿਤਾ ਜੁਝਾਰਵਾਦੀ ਲਹਿਰ ਤਹਿਤ ਸ਼ੁਰੂ ਹੋਈ ਸੀ। ਫ਼ਿਰ ਉਸਨੇ ਪੰਜਾਬ ਵਿੱਚ ਪੈਦਾ ਹੋਏ ਕਾਲੇ ਦੌਰ ਵਿੱਚ ਵੀ ਕਾਵਿਕਾਰੀ ਜਾਰੀ ਰੱਖੀ। ਪੰਜਾਬ ਸੰਕਟ ਬਾਰੇ ਉਹ ਲਿਖਦਾ ਹੈ:-

ਰਾਵੀ ਪਾਰੋਂ ਸਾਜਾਂ ਅਤੇ ਅਵਾਜਾਂ ਵਾਲੇ

ਇਹ ਨਹੀਂ ਵਣਜ ਕਮਾਵਣ ਵਾਲੇ

ਇਹ ਤਾਂ ਭਾਈ ਲਾਲ ਅਮੁੱਲੇ

ਰਾਤ ਹਨੇਰੀ ਵੇਲੇ ਚਾਨਣ ਵੰਡਣ ਆਏ

ਸਾਂਝੇ ਰੱਬ ਦੀ ਸੱਚੀ ਬਾਣੀ

ਉਸੇ ਦੇ ਦਰ ਵਿਚ ਬਹਿ ਕੇ

ਬੋਲ ਅਗੰਮੀ ਗਾਵਣ ਆਏ

ਚੰਨ ਦੀ ਚਾਨਣੀ ਵੱਲੋਂ ਕਿਉਂ ਜੋ ਮੂੰਹ ਪਰਤਾਏ ਘਰ ਨੂੰ ਕੁੰਡੇ ਜਿੰਦਰੇ ਲਾਏ।

ਇਸ ਦੌਰ ਵਿੱਚ ਸਮਕਾਲੀ ਕਵਿਤਾ ਵਿਚ ਕਈ ਨਵੇਂ ਰੰਗ ਨਾ ਕੇਵਲ ਵਿਚਾਰਧਾਰਾ ਪੱਖੋਂ ਹੀ ਖਿੜਦੇ ਹਨ ਸਗੋਂ ਰੂਪ ਪੱਖੋਂ ਵੀ ਕਈ ਨਵੇਂ ਪ੍ਰਯੋਗ ਵੀ ਹੁੰਦੇ ਹਨ। ਜੇ ਇਕ ਪਾਸੇ ਲੋਕ ਪ੍ਰਚੱਲਤ ਕਵਿਤਾ ਹੋਈ ਤਾਂ ਇਸ ਦੇ ਨਾਲ ਹੀ ਗੀਤਕਾਰੀ ਵੀ ਕੀਤੀ ਗਈ ਹੈ। ਜਕਰ ਕੁਝ ਕਵੀ ਕੇਵਲ ਗੀਤ ਨੂੰ ਹੀ ਸਮਰਪਿਤ ਹਨ ਤਾਂ ਕੁਝ ਕਵੀ ਕੇਵਲ ਗ਼ਜ਼ਲਕਾਰੀ ਵੱਲ ਰੁਚਿਤ ਹੋ ਜਾਂਦੇ ਹਨ। ਇਸੇ ਸਮੇਂ ਹੀ ਕੁਝ ਕਵੀ ਪ੍ਰਚੱਲਤ ਵਿਚਾਰਧਾਰਕ ਧਾਰਾਵਾਂ ਅਤੇ ਰੂਪਕ ਪ੍ਰਯੋਗਾਂ ਤੋਂ ਥੋੜ੍ਹਾ ਫਰਕ 'ਤੇ ਰਹਿ ਕੇ ਆਪਣੇ ਵਿਅਕਤੀਗਤ ਅਨੁਭਵ ਨੂੰ ਵੀ  ਪੇਸ਼ ਕਰਦੇ ਹਨ।

### 2.8 ਗ਼ਜ਼ਲ ਕਾਵਿ

ਪੰਜਾਬੀ ਕਵਿਤਾ ਦੇ ਖੇਤਰ ਵਿੱਚ ਗ਼ਜ਼ਲ ਸ਼ੁਰੂ ਤੋਂ ਹੀ ਲਿਖੀ ਜਾਂਦੀ ਰਹੀ ਹੈ। ਸਮਕਾਲੀ ਸਮੇ ਕੁਝ ਕਵੀ ਨਿਰੋਲ ਗ਼ਜ਼ਲਗੋ ਦੇ ਤੌਰ ਤੇ ਹੀ ਵਿਚਰਦੇ ਰਹੇ ਹਨ। ਪੰਜਾਬੀ ਵਿੱਚ ਬਹੁਤ ਸਾਰੇ ਸਮਰੱਥ ਜਗ਼ਜ਼ਲਕਾਰ ਹਨ ਜਿਨ੍ਹਾਂ ਨੇ ਪੰਜਾਬੀ ਗ਼ਜ਼ਲ ਨੂੰ ਨਵੇਂ ਅਰਥਾਂ ਅਤੇ ਪ੍ਰਸੰਗਾਂ ਨਾਲ ਸਿਖਰਾਂ ਤੇ ਪਹੁੰਚਾਉਣ ਵਿੱਚ ਯੋਗਦਾਨ ਪਾਇਆ ਹੈ। ਇਹਨਾਂ ਵਿੱਚ ਠਾਕੁਰ ਭਾਰਤੀ, ਤਖਤ ਸਿੰਘ, ਦੀਵਾਨ ਸਿੰਘ, ਹਜ਼ਾਰਾ ਸਿੰਘ ਮੁਸ਼ਤਾਕ, ਸਾਧੂ ਸਿੰਘ ਹਮਦਰਦ, ਕੰਵਲ ਚੌਹਾਨ, ਚਾਨਣ ਗੋਬਿੰਦਪੁਰੀ, ਦੀਪਕ ਜੈਤੋਈ ਪ੍ਰਮੁਖ ਹਨ।

ਇਹਨਾਂ ਤੋਂ ਇਲਾਵਾ ਉਹ ਨਵੇਂ ਕਵੀ ਜਿਹੜੇ ਕਵਿਤਾ ਦੇ ਨਾਲ ਨਾਲ ਗ਼ਜ਼ਲ ਵੀ ਲਿਖਦੇ ਰਹੇ ਅਤੇ ਪੰਜਾਬੀ ਜਨ ਜੀਵਨ ਨੂੰ ਗ਼ਜ਼ਲ ਦੇ ਮਾਧਿਅਮ ਰਾਹੀਂ ਪੇਸ਼ ਕਰਦੇ ਹਨ ਉਹਨਾਂ ਵਿੱਚ  ਡਾ. ਜਗਤਾਰ' ਸੁਰਜੀਤ ਪਾਤਰ, ਗੁਰਭਜਨ ਗਿੱਲ, ਸ਼ਤੀਸ਼ ਗੁਲਾਟੀ, ਜਸਵਿੰਦਰ, ਦਰਮ ਕੰਮੇਆਣਾ, ਅਮਰਜੀਤ ਕੌਂਕੇ, ਵਿਜੇ ਵਿਵੇਕ, ਗੁਰਤੇਜ ਕੁਹਾਰਵਾਲਾ, ਸੁਖਵਿੰਦਰ ਅੰਮ੍ਰਿਤ, ਗੁਰਪ੍ਰੀਤ ਆਦਿ ਕਵੀ ਸ਼ਾਮਿਲ ਕੀਤੇ  ਜਾ ਸਕਦੇ ਹਨ।

### 2.9 ਪ੍ਰਵਾਸੀ ਕਾਵਿ

ਪ੍ਰਵਾਸੀ ਕਾਵਿ ਤੋਂ ਭਾਵ ਹੈ ਉਹਨਾਂ ਕਵੀਆਂ ਦੁਆਰਾ ਸਿਰਜਿਆ ਗਿਆ ਕਾਵਿ ਹੈ ਜਿਹੜੇ ਕਵੀ ਪੰਜਾਬ ਦੀ ਧਰਤੀ ਤੋਂ ਉੱਠ ਕੇ ਵਿਦੇਸ਼ੀ ਧਰਤੀਆਂ ਉਪਰ ਜਾ ਵਸੇ ਹਨ। ਮੁੱਢਲੇ ਤੌਰ ਤੇ ਰੋਜ਼ੀ ਰੋਟੀ ਦੀ ਭਾਲ ਵਿੱਚ ਬਿਗਾਨੇ ਮੁਲਕਾਂ ਜਿਨ੍ਹਾਂ ਵਿੱਚ ਇੰਗਲੈਂਡ, ਅਮਰੀਕਾ, ਕੈਨੇਡਾ, ਆਸਟਰੇਲੀਆ, ਨਿਉਜੀਲੈਂਡ ਅਤੇ ਵਿਸ਼ਵ ਦੇ ਹੋਰ ਦੇਸ਼ਾ ਵਿੱਚ ਜਾ ਵਸੇ ਹਨ। ਉਹਨਾਂ ਨਵੇਂ ਸਭਿਆਚਾਰਕ ਅਤੇ ਭਾਸ਼ਾਈ ਮਹੌਲ ਵਿੱਚ ਬਹੁਤ  ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪ੍ਰਵਾਸੀ ਪੰਜਾਬੀ ਕਵਿਤਾ ਦੀ ਆਪਣੀ ਲੱਮੀ ਚੌੜੀ ਪਰੰਪਰਾ ਹੈ । ਇਸ ਦੀਆਂ ਵੀ ਲੱਗਭੱਗ ਤਿੰਨ ਪੀੜ੍ਹੀਆਂ ਕਾਵਿ ਸਾਧਨਾ ਵਿੱਚ ਸਰਗਰਮ ਹਨ।

ਪ੍ਰਵਾਸੀ ਪੰਜਾਬੀ ਕਵਿਤਾ ਦੇ ਵਿਸ਼ੇ ਇਕ ਪਾਸੇ ਨਵੀਆਂ ਸਭਿਆਚਾਰਕ ਸਮੱਸਿਆਵਾਂ ਅਤੇ ਉਲਝਣਾ ਨਾਲ ਜੂਝ ਰਹੇ ਹਨ ਅਤੇ ਦੂਜੇ ਪਾਸੇ ਬੇਗਾਨਗੀ ਦਾ ਅਹਿਸਾਸ ਹੰਢਾਅ ਰਹੇ ਹਨ। ਪ੍ਰਵਾਸੀ ਜੀਵਨ ਅਤੇ ਸਾਹਿਤ ਦੀਆਂ ਆਮ ਜਾਣੀਆਂ ਪਛਾਣੀਆਂ ਸਮੱਸਿਆਵਾਂ ਆਪਣੇ ਦੇਸ਼ ਲਈ ਭੂ-ਹੇਰਵਾ, ਵਿਦੇਸ਼ੀ ਧਰਤੀ ਅਤੇ ਬੇਗਾਨੀ ਭਾਸ਼ਾ, ਧਰਮ, ਨਸਲ, ਸਭਿਆਚਾਰਕ ਪੱਖ ਤੋਂ ਅਲਪ ਸੰਖਿਅਕ, ਹਾਸ਼ੀਆਕ੍ਰਿਤ ਹੋਣ ਦਾ ਸੰਤਾਪ ਨਸਲੀ ਰੰਗ ਭੇਦ ਦੇ ਵਿਤਕਰੇ ਦਾ

ਸ਼ਿਕਾਰ ਹੋਣਾ, ਸਖ਼ਤ ਕੰਮ ਹਾਲਤਾਂ ਅਧੀਨ ਸੋਸ਼ਣ, ਸਭਿਆਚਾਰਕ ਪਾੜਾ, ਪੀੜ੍ਹੀ ਪਾੜਾ ਆਦਿ ਕੇਂਦਰੀ ਮਹੱਤਵ ਵਾਲੇ ਮਸਲੇ ਹਨ ਪਰ ਇਨ੍ਹਾਂ ਦੀ ਤਹਿ ਵਿਚ ਸਭ ਤੋਂ ਅਹਿਮ ਪ੍ਰਵਾਸੀ ਮਨੁੱਖ ਦੀ ਪਛਾਣ ਦਾ ਮਸਲਾ ਹੈ। ਸਾਰਾ ਪ੍ਰਵਾਸੀ ਸਾਹਿਤ ਅਤੇ ਪ੍ਰਵਾਸੀ ਪੰਜਾਬੀ ਕਵਿਤਾ ਇਸੇ ਸਮੱਸਿਆ ਨਾਲ ਜੂਝਦੀ ਹੈ। ਅਮਰਜੀਤ ਚੰਦਨ, ਰਵਿੰਦਰ ਰਵੀ, ਜਗਤਾਰ ਢਾਅ, ਸਾਧੂ, ਦੇਵ, ਮੁਸ਼ਤਾਕ, ਅਮਨਪਾਲ ਸਾਰਾ, ਅਜਮੇਰ ਰੋਡੇ, ਨਵਤੇਜ ਭਾਰਤੀ, ਇਕਬਾਲ ਅਰਪਨ, ਇਕਬਾਲ ਰਾਮੂਵਾਲੀਆ, ਦਰਸ਼ਨ ਗਿੱਲ, ਨਦੀਮ ਪਰਮਾਰ, ਵਰਿੰਦਰ ਪਰਿਹਾਰ, ਦਰਸ਼ਨ ਬੁਲੰਦਵੀ, ਭੁਪਿੰਦਰ ਪੂਰੇਵਾਲ,ਸ਼ਸ਼ੀ ਸਮੁੰਦਰਾ,*, ਅਜਮੇਰ ਕਵੈਂਟਰੀ ਤੋਂ ਇਲਾਵਾ ਹੋਰ ਬਹੁਤ ਸਾਰੇ ਕਵੀ ਹਨ ਜਿਹੜੇ ਪ੍ਰਵਾਸ ਦੇ ਅਨੁਭਵ ਨੂੰ ਸਾਂਝਾ ਕਰ ਰਹੇ ਹਨ। ਪ੍ਰਵਾਸੀ ਕਵਿਤਾ ਦੇ ਕੁਝ ਨਮੂਨੇ :-

ਉੜ ਕੇ ਉਹ ਜਾਵੇਗਾ ਕਿਸੇ ਕਹਾਂ ਆਲ੍ਹਣਾ, ਕਹਾ ਹੈ ਰੁਖੜਾ ਜਿਥੇ ਉਹਦੀਆਂ ਅੱਖੀਆਂ ਖੁੱਲੀਆਂ ਉੜ ਕੇ ਜਿਥੇ ਵੀ ਜਾਣਾ ਉਸਨੇ ਪਿੰਜਰਾ ਉਡਦੇ ਨਾਲ ਉਡੇਗਾ ਖੁਲੀ ਬਾਰੀ ਵਾਲਾ ਪਿੰਜਰਾ

ਪਰਾਈਆਂ ਧਰਤੀਆਂ ਵੱਲ ਚੋਗ ਲਈ ਉਡੇ ਪੰਛੀਆਂ ਨੂੰ ਤੂੰ ਆਪਣੇ ਪਾਸ ਬੁਲਾ ਲਿਆ ਚੂਸਣ ਲਈ ਰੱਤ ਉਨ੍ਹਾਂ ਦੀ ਆਪਣੇ ਚੰਗੇ ਲਾ ਲਿਆ ਚਾਂਦੀ ਨਗਰ ਉਡਦਾ ਸੋਚੇ ਪਰਿੰਦਾ ਏਸ ਸ਼ਹਿਰ ਸਾਝਾ ਦੇ ਰੁਖ ਬੜੇ ਹੀ ਕਮਜ਼ੋਰ

ਅਮਰਜੀਤ ਚੰਦਨ ( ਇੰਗਲੈਂਡ

ਜਗਤਾਰ ਢਾਅ (ਇੰਗਲੈਂਡ)

ਕੁਝ ਪਰਿੰਦੇ ਪਰਤਣ ਲਈ ਨਹੀਂ

ਸੁਧ ਪਰਵਾਜ਼ ਲਈ ਹੁੰਦੇ ਨੇ

ਕੁਝ ਪੰਛੀ ਨਿਰੇ ਪਿੰਜਰਿਆਂ ਦਾ ਸ਼ਿੰਗਾਰ

ਜਿਨ੍ਹਾ ਨੂੰ ਵਹਿਮ ਸੀ

ਕਿ ਸਵੇਰ ਦੇ ਉਡੇ ਪੰਛੀ

'ਆਥਣ' ਨੂੰ ਤਾਂ ਘਰ ਪਰਤਣਗੇ ਹੀ

ਸ਼ਾਇਦ ਇਹ ਸੱਚ' ਹੈ ਮੇਰੇ ਮਿੱਤਰਾਂ ਦੀ ਰਵਾਇਤ ਦਾ

ਜ਼ਰੂਰ ਹੀ ਕੁਝ ਪੰਛੀ ਸ਼ਾਮ ਨੂੰ ਘਰ ਪਰਤਦੇ ਹੋਣਗੇ

ਮਾਫ ਕਰਨਾ ਮੈਂ 'ਉਹ' ਪੰਛੀ ਨਹੀਂ ਨਾ ਹੀ ਮੇਰਾ ਕੋਈ ਘਰ ਹੈ

ਦੇਵ (ਸਵਿਟਜ਼ਰਲੈਂਡ)ਪਰਵਾਸੀ ਪੰਜਾਬੀ ਕਵਿਤਾ ਦਾ ਇਕ ਹੋਰ ਰੂਪਕ 'ਘਰ' ਜਾਂ ਪਿੰਡ, ਆਲ੍ਹਣਾ ਜਾਂ ਪੰਜਾਬ' ਹੈ। ਅਸਲ ਵਿਚ ਇਹ ਸਾਰੇ ਰੂਪਕ ਇਕ ਦੂਜੇ ਨਾਲ ਜੁੜੇ ਹੋਏ ਹਨ:-

ਪਿੰਡ ਵਿਚ ਜਾ ਕੇ ਮੈਂ ਵਸ ਜਾਣ ਦੀ ਸੋਚ ਰਿਹਾ ਸਾਂ ਪਰ ਮੀਂਹ ਵਿਚ ਉਹ ਘਰ ਵੀ ਢਹਿ ਗਿਆ ਯਾਰਾ ਜੋ ਸ਼ੇਰ ਸੀ ਜੰਗਲ ਵਿਚ ਕੁਝ ਭਭਕਾ ਛੱਡਦਾ ਉਹ ਪਿੰਜਰੇ 'ਚ ਚੁੱਪ ਕਰਕੇ ਈ ਬਹਿ ਗਿਆ ਯਾਰੋ

ਮੁਸਤਾਕ (ਇੰਗਲੈਂਡ)

ਅਸੀਂ ਕਿਸ ਭਾਲ 'ਚ ਤੁਰੇ

ਕਿ ਮੱਥੇ ਦੀ ਅੱਖ ਖੋ ਬੈਠੇ

ਹੁਣ ਰਾਹਗੀਰਾਂ ਤੋਂ ਪੁੱਛਦੇ ਹਾਂ

ਸਾਡਾ ਲਿੰਬਿਆ ਪੋਚਿਆ ਘਰ ਕਿੱਥੇ ਹੈ?

ਭੁਪਿੰਦਰ ਪੁਰੇਵਾਲ (ਇੰਗਲੈਂਡ)

**2.10 ਪਾਕਿਸਤਾਨੀ ਪੰਜਾਬੀ ਕਵਿਤਾ** :

ਅਜ਼ਾਦੀ ਤੋਂ ਪਹਿਲਾਂ ਮਹਾਂਪੰਜਾਬ ਦੇ ਸਮੁੱਚੇ ਸਾਹਿਤਕ ਦ੍ਰਿਸ਼ ਨੂੰ ਇਕੋ ਨਜ਼ਏ ਵੇਖਿਆ ਜਾਂਦਾ ਸੀ। ਵੰਡ ਹੋਣ ਨਾਲ ਪੰਜਾਬ ਦੋ ਭਾਗਾਂ ਵਿੱਚ ਵੰਡਿਆ ਗਿਆ। ਪਾਕਿਸਤਾਨੀ ਪੰਜਾਬ ਨੂੰ ਪੱਛਮੀ ਪੰਜਾਬ ਅਤੇ ਇਧਰਲੇ ਪੰਜਾਬ ਨੂੰ ਪੂਰਬੀ ਪੰਜਾਬ ਕਿਹਾ ਜਾਂਦਾ ਹੈ। ਪੰਜਾਬੀ, ਪੰਜਾਬ, ਪੰਜਾਬੀਅਤ ਪ੍ਰਤਿ ਪਿਆਰ ਵੰਡ ਤੋਂ ਬਾਅਦ ਦੇ ਦਰਦ ਨੇ ਹੋਰ ਵੀ ਵਧਾ ਦਿੱਤਾ। ਪਾਕਿਸਤਾਨੀ ਪੰਜਾਬ ਵਿੱਚ ਪੰਜਾਬੀ ਭਾਸ਼ਾ ਵਿੱਚ ਜਿਹੜੀ ਕਵਿਤਾ ਲਿਖੀ ਜਾਂਦੀ ਹੈ। ਉਸਨੂੰ ਪਾਕਿਸਤਾਨੀ ਪੰਜਾਬੀ ਕਵਿਤਾ ਦਾ ਲਕਬ ਦਿੱਤਾ ਜਾਂਦਾ ਹੈ।

ਪਾਕਿਸਤਾਨੀ ਪੰਜਾਬੀ ਕਵੀਆਂ ਨੇ ਸਮਾਜਿਕ, ਸਭਿਆਚਾਰਕ, ਰਾਜਸੀ, ਧਾਰਮਿਕ, ਦੇਸ਼ ਵੰਡ ਮਨੁੱਖੀ ਜ਼ਿੰਦਗੀ ਨਾਲ ਜੁੜੇ ਹੋਏ ਤਤਕਾਲੀਨ ਮਸਲਿਆਂ ਉਪਰ ਕਾਵਿ ਰਚਨਾਵਾਂ ਰਚੀਆਂ ਹਨ।

ਇਹਨਾਂ ਕਵਿਤਾਵਾਂ ਜ਼ਰੀਏ ਅਸੀਂ ਸਮੁੱਚੀ ਪਾਕਿਸਤਾਨੀ ਪੰਜਾਬੀ ਕਵਿਤਾ ਦੇ ਨੈਣ ਨਕਸ਼ ਤਾਂ ਪਛਾਣ ਹੀ ਸਕਦੇ ਹਾਂ ਇਸ ਦੇ ਨਾਲ ਹੀ ਅਸੀਂ ਇਸ ਵਿੱਚੋਂ ਝਰਦੀ ਵਿਚਾਰਧਾਰਾ ਦੀ ਸ਼ਨਾਖਤ ਵੀ ਕਰ ਸਕਦੇ ਹਾਂ। ਇਹਨਾਂ ਕਵਿਤਾਵਾਂ ਦਾ ਸਹਿਤਕ ਮੁਲਅੰਕਣ ਕਰਨ ਤੇ ਪਤਾ ਚਲਦਾ ਹੈ ਕਿ ਰੂਪਾਕਾਰਕ ਤੌਰ ਤੇ ਪਾਕਿਸਤਾਨੀ ਪੰਜਾਬੀ ਕਵਿਤਾ ਬਹੁਤ ਸਾਰੀਆਂ ਵੰਨਗੀਆਂ ਵਿੱਚ ਲਿਖੀ ਗਈ ਹੈ।

ਮੁੱਢਲੇ ਦੌਰ ਵਿੱਚ ਕਿੱਸੇ, ਸੀਹਰਫੀਆਂ, ਦੋਮਿਸਰੇ, ਰੁਬਾਈਆਂ ਲਿਖੀਆਂ ਗਈਆਂ। ਇਸ ਪਿੱਛੋਂ ਅਹਿਮਦ ਸਲੀਮ, ਅਹਿਮਦ ਰਾਹੀ, ਸ਼ਰੀਫ ਕੁੰਜਾਹੀ, ਅਹਿਮਦ ਜ਼ਫ਼ਰ, ਨਜ਼ਮ ਹੁਸੈਨ ਸੱਯਦ, ਅਫਜ਼ਲ ਅਹਿਸਨ ਰੰਧਾਵਾ ਅਤੇ ਫਖਰ ਜਮਾਨ ਨੇ ਨਜ਼ਮ ਨੂੰ ਸਿਖਰ ਤੱਕ ਪਹੁੰਚਾਇਆ ਹੈ। ਮੁਨੀਰ ਨਿਆਜ਼ੀ, ਮੁਹੰਮਦ ਸਲੀਮ ਖਾਨ ਅਤੇ ਏ ਸ਼ਾਦ ਨੇ ਛੋਟੀਆਂ ਕਵਿਤਾਵਾਂ ਵਿੱਚ ਵੱਡੇ ਅਰਥ ਭਰੇ ਹਨ। ਇਸੇ ਤਰ੍ਹਾਂ ਨਵੇਂ ਦੌਰ ਵਿੱਚ ਖੁੱਲ੍ਹੀ ਕਵਿਤਾ ਤੋਂ ਪ੍ਰਭਾਵਿਤ ਹੋ ਕੇ ਸਲੀਮ ਉਲ ਰਹਿਮਾਨ ਜਿਹੇ ਸ਼ਾਇਰਾਂ ਨੇ ਖੁੱਲ੍ਹੀ ਕਵਿਤਾ ਨੂੰ ਨਵੀਂ ਬੁਲੰਦੀ ਬਖ਼ਸ਼ੀ ਹੈ। ਮੁਸਲਿਮ ਦੇਸ਼ ਹੋਣ ਕਾਰਨ ਆਤੇ ਲਗਾਤਾਰ ਫੌਜੀ ਅਫਸਰਸ਼ਾਹੀ ਦਾ ਰਾਜ ਰਹਿਣ ਕਾਰਨ ਭਾਵੇਂ ਕਵੀਆਂ ਅਤੇ ਲੇਖਕਾਂ ਉਪਰ ਕਈ ਤਰ੍ਹਾਂ ਦੀਆਂ ਪਾਬੰਦੀਆਂ ਰਹੀਆਂ ਹਨ ਪਰ ਫਿਰ ਵੀ ਬਹੁਤ ਸਾਰੇ ਪ੍ਰਤਿਬੱਧ ਕਵੀਆਂ ਨੇ ਪਾਕਿਸਤਾਨ ਵਿੱਚ ਗ਼ਜ਼ਲ ਦੀ ਪਰੰਪਰਾ ਨੂੰ ਭਰਪੂਰ ਰੂਪ ਵਿੱਚ ਵਿਕਸਤ ਕੀਤਾ ਹੈ।

ਗ਼ੁਲਾਮ ਯਾਕੂਬ ਅਨਵਰ, ਫ਼ਕੀਰ ਮੁਹੰਮਦ ਫ਼ਕੀਰ, ਸੱਯਦ ਉਲਫਤ ਰਵਾਇਤੀ ਕਿਸਮ ਦੀ ਗ਼ਜ਼ਲ ਲਿਖਦੇ ਰਹੇ ਉੱਥੇ ਰਸ਼ੀਦ ਅਨਵਰ, ਰਊਫ਼ ਸ਼ੇਖ਼, ਅਮੀਨ ਖ਼ਿਆਲ, ਗ਼ੁਲਾਮ ਮੁਸਤਫਾ ਬਿਸਮਿਲ, ਡਾ. ਹੱਲ ਅਤੇ ਹਕੀਮ ਨਾਸਰ ਨੇ ਇਸ ਨੂੰ ਨਵੀਨਤਾ ਬਖਸ਼ੀ। ਪਰ ਜ਼ਫ਼ਰ ਇਕਬਾਲ, ਅਬਦੁਲ ਕਰੀਮ ਕੁਦਸੀ, ਤਨਵੀਰ ਬੁਖਾਰੀ, ਹਫੀਜ਼ ਤਾਇਬ, ਰਿਆਜ਼ ਸ਼ਾਦ, ਅਜ਼ਹਰ ਜਾਵੇਦ, ਨਾਦਾਰ ਜਾਜਵੀ, ਨਜੀਰ ਚੌਧਰੀ, ਕੰਵਲ ਮੁਸ਼ਤਾਕ ਅਮਜਦ ਇਸਲਾਮ ਅਮਜਦ ਆਦਿ ਗ਼ਜ਼ਲਗੋਆਂ ਨੇ ਗ਼ਜ਼ਲ ਨੂੰ ਆਧੁਨਿਕ ਰੰਗਤ ਪ੍ਰਦਾਨ ਕੀਤੀ। ਪਰ ਪਾਕਿਸਤਾਨੀ ਪੰਜਾਬੀ ਕਵਿਤਾ ਅਧੀਨ ਰਚੇ ਜਾਣ ਵਾਲੇ ਗੀਤ ਸਧਾਰਨਤਾ ਦੀ ਪੱਧਰ ਤੋਂ ਉੱਚੇ ਨਹੀਂ ਉਠ ਸਕੇ। ਭਾਵੇਂ ਅਬਦੁਲ ਮਜੀਦ ਭੱਟੀ, ਅਸਮਾਈਲ ਮਤਵਾਲਾ, ਖਾਵਰ ਰਾਜਾ, ਸ਼ਰੀਫ ਅਹਿਮਦ ਅਤੇ ਅਖਤਰ ਕਸ਼ਮੀਰੀ ਨੇ ਬਹੁਤ ਹੀ ਖ਼ੂਬਸੂਰਤ ਗੀਤ ਵੀ ਲਿਖੇ ਹਨ।

ਕਵਿਤਾ ਦਾ ਜਨਮ ਹਰ ਸਾਹਿਤ ਵਿਚ ਵਾਰਤਕ ਤੋਂ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਕਾਵਿਕ ਜਜ਼ਬੇ ਹਰ ਦੌਰ ਦੇ ਮਨੁੱਖ ਅੰਦਰ ਹੁੰਦੇ ਹਨ ਪਰੰਤੂ ਉਨ੍ਹਾਂ ਨੂੰ ਪ੍ਰਗਟਾਉਣ ਦੀ ਸ਼ਕਤੀ ਕੁਦਰਤ ਨੇ ਹਰ ਇਕ ਮਨੁੱਖ ਨੂੰ ਨਹੀਂ ਦਿੱਤੀ ਹੁੰਦੀ। ਕਵਿਤਾ ਕਵੀ ਦੇ ਅਨੁਭਵਾਂ ਅਤੇ ਸੰਵੇਦਨਾ ਨਾਲ ਜੁੜੀ ਹੁੰਦੀ ਹੈ। ਇਹ ਕਵੀ ਦੇ ਹਿਰਦੇ ਵਿੱਚੋਂ ਆਪ-ਮੁਹਾਰੇ ਫੁੱਟਦੀ ਹੈ ਅਤੇ ਇਕ ਧਾਰਾ ਬਣ ਕੇ ਵਹਿ ਤੁਰਦੀ ਹੈ। ਕਵਿਤਾ ਮਨੁੱਖ ਦੇ ਅਤਿ ਕੋਮਲ ਭਾਵਾਂ ਦਾ ਪ੍ਰਗਟਾਵਾ ਹੈ। ਸਾਹਿਤ ਦੇ ਸਿਧਾਂਤਕਾਰਾਂ ਨੇ ਕਵਿਤਾ ਦੀਆ ਵੱਖ-ਵੱਖ ਪਰਿਭਾਸ਼ਾਵਾਂ ਦਿੱਤੀਆਂ ਹਨ ਜਿਨ੍ਹਾਂ ਤੋਂ ਕਵਿਤਾ ਦੀ ਹੋਂਦ ਵਿਧੀ ਦੇ ਬਾਰੇ ਪਤਾ ਚਲਦਾ ਹੈ।

### 2. 11 ਨਾਰੀ ਕਾਵਿ

ਪਿਛਲੇ ਕੁਝ ਸਮੇਂ ਤੋਂ ਨਾਰ ਕਾਵਿ ਦੇ ਤਹਿਤ ਔਰਤਾਂ ਦੇ ਸਮਾਜਿਕ ਸਭਿਆਚਾਰਕ ਅਤੇ ਹੋਂਦਮੂਲਕ ਸਰੋਕਾਰਾਂ ਨਾਲ ਜੁੜੀ ਹੋਈ ਕਵਿਤਾ ਵੱਡੇ ਪੱਧਰ ਤੇ ਲਿਖੀ ਜਾਣੀ ਸ਼ੁਰੂ ਹੋਈ ਹੈ। ਔਰਤ ਕਵਿਤਰੀਆਂ ਉਂਜ ਤਾਂ ਅੰਮ੍ਰਿਤਾ ਪ੍ਰੀਤਮ ਦੇ ਸਮੇਂ ਤੋਂ ਹੀ ਸਰਗਰਮ ਰਹੀਆਂ ਹਨ। ਪਰ ਸਮਕਾਲੀ ਸਮੇਂ ਵਿੱਚ ਨਾਰੀ ਦੀਆਂ ਸਮੱਸਿਆ ਨੂੰ

ਨਾਰੀ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾਣਾ ਸ਼ੁਰੂ ਹੋਇਆ ਹੈ। ਇਹਨਾਂ ਨਵੀਆਂ ਕਵਿਤਰੀਆਂ ਨੇ ਜਿੱਥੇ ਨਾਰੀ ਦੀ ਸਵੈ ਪੀੜ ਨੂੰ ਬਿਆਨ ਕੀਤਾ ਹੈ ਉਥੇ ਨਾਰੀ ਜੀਵਨ ਦੇ ਵਿਭਿੰਨ ਸਮਾਜਿਕ ਸਰੋਕਾਰਾਂ ਨੂੰ ਸਸ਼ਕਤ ਅਤੇ ਨਿਵੇਕਲੇ ਰੂਪ ਵਿੱਚ ਵੀ ਪੇਸ਼ ਕਰਨਾ ਸ਼ੁਰੂ ਕੀਤਾ ਹੈ।

ਸੁਖਵਿੰਦਰ ਅੰਮ੍ਰਿਤ, ਕੁਲਦੀਪ ਕਲਪਨਾ, ਮਨਜੀਤ ਇੰਦਰਾ, ਸ਼ਸ਼ੀ ਸਮੁੰਦਰਾ, ਸ਼ਰਨ ਮੱਕੜ, ਇੰਦਰ ਕੌਰ, ਰਾਜਿੰਦਰ ਰੋਜ਼ੀ, ਭੁਪਿੰਦਰ ਕੌਰ ਪ੍ਰੀਤ, ਕੰਵਲ ਸੰਧੂ, ਸਿਮਰਤ ਗਗਨ, ਅਵਨਿੰਦਰ ਕੌਰ, ਗੁਰਮਿੰਦਰ ਸਿੱਧੂ, ਰਮਣੀਕ ਕੌਰ, ਨਿਰੂਪਮਾ ਦੱਤ, ਸ਼ਿਵੀਕਾ, ਜਗਦੀਪ ਕੌਰ, ਬਲਜੀਤ ਕੌਰ ਮਿਨਹਾਸ, ਕਰਮਜੀਤ ਕੌਰ ਅੰਜੂ, ਜਸਮੀਤ ਕੌਰ, ਪ੍ਰੀਤੀ ਸ਼ੈਲੀ, ਕਰਮਜੀਤ ਕੌਰ ਜਲਾਲ, ਗੁਰਪ੍ਰੀਤ ਕੌਰ ਧਾਲੀਵਾਲ, ਕਰਮਜੀਤ ਕੋਰ ਕਿਸ਼ਾਵਲ, ਮਨਜੀਤ ਕੌਰ ਸੇਖੋਂ, ਪਾਲ ਕੋਰ, ਸੁਰਿੰਦਰ ਕੌਰ ਬਿੰਨਰ, ਲਵੀਨ ਕੌਰ ਗਿੱਲ, ਇੰਦਰਜੀਤ ਕੌਰ ਸਿਧੂ, ਰਾਜਿੰਦਰ ਬਾਜਵਾ, ਸੁਰਿੰਦਰਪਾਲ ਕੌਰ ਬਰਾੜ, ਦਵਿੰਦਰ ਬਾਂਸਲ, ਅਮਰਜੀਤ ਕੌਰ ਜੌਹਲ, ਸਰਬਜੀਤ ਕੋਰ ਸੋਹਲ, ਮਨਜੀਤ ਬਾਸੀ, ਜਸਵੀਰ ਮੰਗੂਵਾਲ, ਨਸਰੀਨ ਸੱਯਦ, ਫੌਜੀਆ ਰਫੀਕ, ਨੱਜ਼ਤ ਸਦੀਕ ਅਤੇ ਹੋਰ ਬਹੁਤ ਸਾਰੀਆਂ ਕਵਿਤਰੀਆਂ ਇਸ ਸਮੇਂ ਕਵਿਤਾ ਲਿਖ ਰਹੀਆ ਹਨ ।

### 2.12. ਦਲਿਤ ਚੇਤਨਾ ਦੀ ਕਵਿਤਾ

ਪੰਜਾਬ ਦੀ ਦਲਿਤ ਲੋਕਾਈ ਸਦੀਆਂ ਤੋਂ ਸਮਾਜਿਕ ਸਭਿਆਚਾਰਕ ਵਿਤਕਰੇ ਅਤੇ ਛੁੱਟ ਭਿੱਟ ਦਾ ਸ਼ਿਕਾਰ ਹੁੰਦੀ ਆਈ ਹੈ। ਇਸ ਅਸੀਲ ਅਤੇ ਅਸਿਸ਼ਟ ਵਿਹਾਰ ਨੇ ਦਲਿਤ ਵਿਅਕਤੀ ਅੰਦਰ ਹੀਣ ਭਾਵਨਾ ਦਾ ਅਹਿਸਾਸ ਉਸ ਦੇ ਅਵਚੇਤਨ ਤੱਕ ਧਸਾ ਦਿੱਤਾ ਹੈ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ ਕਾਵਿ ਅੰਦਰ ਨਾ ਕੇਵਲ ਦਲਿਤ ਸਮੱਸਿਆਵਾਂ ਹੀ ਅਗਰਭੂਮੀ ਵਿਚ ਆਈਆਂ ਹਨ ਸਗੋਂ ਉਨ੍ਹਾਂ ਦੇ ਕਾਵਿ ਅੰਦਰ ਸਿੱਧੇ ਸਾਦੇ ਸ਼ੋਸ਼ਣਕਾਰੀ ਰੂਪਾਂ ਦੇ ਚਿਤਰਨ ਦੇ ਨਾਲੋ ਨਾਲ ਦਲਿਤ ਉਤਪੀੜਨ ਦੇ ਸੂਖ਼ਮ ਰੂਪਾਂ ਨੂੰ ਵੀ ਪੇਸ਼ ਕੀਤਾ ਜਾਣ ਲੱਗਿਆ ਹੈ। ਇਸ ਕਵਿਤਾ ਨੇ ਪਹਿਲਾ ਉਗਰ ਰੂਪ ਪਾਰ ਕਰ ਲਿਆ ਹੈ। ਹੁਣ ਇਹ ਸਮਾਜਿਕ ਪ੍ਰਬੰਧ ਦੀ ਅੰਦਰਲੀ ਸੰਰਚਨਾ ਦੇ ਇਤਿਹਾਸ ਉਪਰ ਹੀ ਪਰਿਹਾਰ ਨਹੀਂ ਕਰ ਰਹੀ ਸਗੋਂ ਸਮਕਾਲੀ ਸੋਸਣਕਾਰੀ ਤੱਤਾਂ ਨੂੰ ਵੀ ਪਛਾਣ ਰਹੀ ਹੈ। ਇਸ ਦੇ ਨਾਲ ਹੀ ਦਲਿਤ ਕਾਵਿ ਆਪਣੀਆਂ ਸੰਗੀ ਸਾਥੀ ਹੋਰ ਪ੍ਰਤੀਰੋਧੀ ਧੁਨੀਆਂ ਜਿਵੇਂ ਨਾਰੀ ਅਤੇ ਘੱਟ ਗਿਣਤੀਆਂ ਨਾਲ ਆਪਣਾ ਜੋੜ ਬਣਾ ਰਹੀ ਹੈ। ਦਲਿਤ ਪੀੜ ਅਤੇ ਵਿਤਕਰੇ ਸਦੀਆਂ ਤੋਂ ਹੋ ਰਹੇ ਵਿਤਕਰੇ ਦੇ ਵਿਰੋਧ ਵਿੱਚ ਚੇਤਨਾ ਪੈਦਾ ਕਰਨ ਵਾਲੇ ਕਵੀਆਂ ਦੀ ਰਚਨਾ ਨੂੰ ਹੀ ਦਲਿਤ ਚੇਤਨਾ ਦੀ ਕਵਿਤਾ ਕਿਹਾ ਜਾਂਦਾ ਹੈ। ਇਹਨਾਂ ਕਵੀਆਂ ਵਿੱਚ ਪ੍ਰਮੁੱਖ ਨਾਮ ਇਹ ਗਿਣਵਾਏ ਜਾ ਸਕਦੇ ਹਨ: ਸੁਲੱਖਣ ਸਿੰਘ ਮੀਤ, ਲਾਲ ਸਿੰਘ ਦਿਲ, ਸੰਤ ਰਾਮ ਉਦਾਸੀ, ਗੁਰਮੀਤ ਕੱਲਰਮਾਜਰੀ, ਗੁਰਦੇਵ ਮਡਾਹੜ, ਡਾ. ਮਨਮੋਹਨ, ਗੁਰਮੀਤ ਕੜਿਆਲਵੀ, ਮੋਹਨ ਤਿਆਗੀ, ਡਾ. ਦਰਿਆ ਆਦਿ ।

ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਬਹੁਤ ਸਾਰੀਆਂ ਪ੍ਰਵਿਰਤੀਆਂ ਅਤੇ ਝੁਕਾਅ ਸਮੇਂ ਦੀ ਤੋਰ ਨਾਲ ਵਿਗਸਦੇ ਰਹੇ ਹਨ। ਪੰਜਾਬੀ ਕਵਿਤਾ ਵਿੱਚ ਇਕੋ ਸਮੇਂ ਇਕ ਤੋਂ ਵਧੇਰੇ ਕਾਵਿ

ਪ੍ਰਵਿਰਤੀਆਂ ਚਲਦੀਆਂ ਰਹੀਆਂ ਹਨ। ਇਸੇ ਤਰ੍ਹਾਂ ਬਹੁਤ ਸਾਰੇ ਕਵੀ ਵਿਭਿੰਨ ਪ੍ਰਵਿਰਤੀਆਂ ਅਤੇ ਵੰਨਗੀਆਂ ਦੇ ਅੰਤਰਗਤ ਕਾਵਿ ਰਚਨਾ ਕਰਦੇ ਰਹੇ ਹਨ। ਪੰਜਾਬੀ ਕਵਿਤਾ ਸ਼ੁਰੂ ਤੋਂ ਹੁਣ ਤੱਕ ਲਗਾਤਾਰ ਵਿਕਾਸ ਦੀ ਪ੍ਰਕਿਰਿਆ ਵਿੱਚ ਰਹੀ ਹੈ ਇਸ ਲਈ ਮੱਧਕਾਲੀਨ ਸਮੇਂ ਤੋਂ ਹੁਣ ਤੱਕ ਪੰਜਾਬੀ ਕਵਿਤਾ ਦੀ ਇਕ ਅਮੀਰ ਪਰੰਪਰਾ ਕਾਇਮ ਹੋਈ ਹੈ।

**ਅਧਿਐਨ ਲਈ ਪ੍ਰਸ਼ਨ**

1.ਪੰਜਾਬੀ ਕਵਿਤਾ ਦੇ ਇਤਿਹਾਸਕ ਵਿਕਾਸ ਤੇ ਚੇਚਾ ਕਰੋ

2. ਆਧੁਨਿਕ ਪੰਜਾਬੀ ਕਵਿਤਾ ਦੇ ਕਿਹੜੇ ਕਿਹੜੇ ਪ੍ਰਮੁੱਖ ਝੁਕਾਅ ਜਾਂ ਪ੍ਰਵਿਰਤੀਆਂ ਹਨ?

3. ਆਧੁਨਿਕ ਪੰਜਾਬੀ ਕਵਿਤਾ ਦੀਆਂ ਵਿਸ਼ੇਸ਼ਤਾਵਾਂ ਦੱਸੋ।

4. ਪ੍ਰਗਤੀਵਾਦੀ ਪੰਜਾਬੀ ਕਵਿਤਾ ਦੇ ਕਿਹੜੇ ਕਿਹੜੇ ਪ੍ਰਮੁੱਖ ਕਵੀ ਹਨ ਚਰਚਾ ਕਰੋ

5. ਪੰਜਾਬੀ ਕਵਿਤਾ ਦੇ ਕਿਸ ਕਾਲ ਨੂੰ ਮੋਹਨ ਸਿੰਘ-ਅੰਮ੍ਰਿਤਾ ਪ੍ਰੀਤਮ ਦੌਰ ਕਿਹਾ ਜਾਂਦਾ ਹੈ।

6.ਜੁਝਾਰਵਾਦੀ ਕਵਿਤਾ ਉਪਨ ਨੋਟ ਲਿਖੋ

7 ਪ੍ਰਯੋਗਵਾਦ ਦੀ ਪਰਿਭਾਸ਼ਾ ਦਿੰਦੇ ਹੋਏ ਪ੍ਰਮੁੱਖ ਪ੍ਰਗਤੀਵਾਦੀ ਕਵੀਆਂ ਦੀ ਚਰਚਾ ਕਰੋ

**ਅਧਿਐਨ ਲਈ ਪੁਸਤਕਾਂ**


1. ਡਾ ਰਾਜਿੰਦਰ ਪਾਲ ਸਿੰਘ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ(ਦੂਜੀ ਛਾਪ), ਪੰਜਾਬੀ ਅਕਾਦਮੀ ਦਿੱਲੀ, 2018
2. ਡਾ. ਜਸਵਿੰਦਰ ਸਿੰਘ ਅਤੇ ਹੋਰ, ਪੰਜਾਬੀ ਸਾਹਿਤ ਦਾ ਇਤਿਹਾਸ ਆਧੁਨਿਕ ਕਾਲ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2016.
3. ਡਾ. ਕ੍ਰਿਪਾਲ ਸਿੰਘ ਕਸੇਲ ਤੇ ਸਾਥੀ, ਪੰਜਾਬੀ ਸਾਹਿਤ ਦੀ ਉਤਪਤੀ ਅਤੇ ਵਿਕਾਸ
4. ਡਾ. ਅਤਰ ਸਿੰਘ, ਕਾਵਿ ਆਧਿਅਨ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 1990.
5. ਡਾ. ਰਵਿੰਦਰ ਸਿੰਘ ਰਵੀ, ਰਵੀ ਚੇਤਨਾ, ਰਵੀ ਮੈਮੋਰੀਅਲ ਟਰੱਸਟ, ਪਟਿਆਲਾ, 1991

6. ਡਾ. ਕਰਮਜੀਤ ਸਿੰਘ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦੇ ਵਿਚਾਰਧਾਰਾਈ ਆਧਾਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1994

7. ਡਾ. ਰਾਜਿੰਦਰ ਸਿੰਘ ਸੇਖੋਂ, ਪੰਜਾਬੀ ਸਾਹਿਤ ਦਾ ਨਵੀਨ ਇਤਿਹਾਸ, ਲਹੌਰ ਬੁੱਕ ਸ਼ਾਪ, ਲੁਧਿਆਣਾ , 2018.

**ਭਾਗ ਅ 2**

**ਪਾਸ਼ : ਸਾਡੇ ਸਮਿਆਂ ਵਿੱਚ**

ਪਾਸ਼ ਉਰਫ ਅਵਤਾਰ ਸਿੰਘ ਸੰਧੂ (1950 - 1988)

ਪਾਸ ਜੁਝਾਰਵਾਦੀ ਕਾਵਿ ਧਾਰਾ ਦਾ ਸਮਰੱਥ, ਪ੍ਰਤਿਭਾਸ਼ਾਲੀ ਅਤੇ ਸੁਜੱਗ ਕਵੀ ਸੀ। ਸੋਲਾਂ ਦੀ ਚੜ੍ਹਦੀ ਜਵਾਨੀ ਵਿੱਚ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਉਹ ਹਨੇਰੀ ਵਾਂਗ ਆਇਆ ਅਤੇ ਥੋੜ੍ਹੇ ਸਮੇਂ ਵਿੱਚ ਹੀ ਨਾ ਸਿਰਫ ਸੱਤਾ ਦੀਆਂ ਜੜ੍ਹਾਂ/ਚੂਲ਼ਾਂ ਹਿਲਾ ਗਿਆ ਸਗੋਂ ਕਾਵਿਕ ਗੂੰਜ ਬਣ ਕੇ ਚੌਂਹ ਕੂਟਾਂ ਵਿੱਚ ਫੈਲ ਗਿਆ। ਉਸਨੂੰ ਜੁਝਾਰਵਾਦੀ ਕਵੀ ਕਹੀਏ ਭਾਵੇਂ ਨਕਸਲਬਾੜੀ ਕਾਵਿ ਉਸ ਦੀ ਵਿਚਾਰਧਾਰਾ ਅਤੇ ਕਾਵਿ ਚੇਤਨਾ ਇਕੋ ਜਿਹੀ ਹੀ ਰਹਿੰਦੀ ਹੈ। ਪਾਸ਼ ਦਾ ਜਨਮ 9 ਸਤੰਬਰ 1950 ਨੂੰ ਤਲਵੰਡੀ ਸਲੇਮ ਵਿਖੇ ਮਾਤਾ ਨਸੀਬ ਕੋਰ ਅਤੇ ਪਿਤਾ ਸਰਦਾਰ ਸੋਹਣ ਸਿੰਘ ਸੰਧੂ ਦੇ ਘਰ ਹੋਇਆ। ਉਹ 23 ਮਾਰਚ 1988 ਨੂੰ ਖ਼ਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਆਪਣੇ ਮਿੱਤਰ ਹੰਸ ਰਾਜ ਸਮੇਤ ਆਪਣੇ ਜੱਦੀ ਪਿੰਡ ਤਲਵੰਡੀ ਸਲੇਮ ਵਿਚ ਹੀ ਉਹ ਬੇਵਕਤ ਜਨੂੰਨੀ ਨਫ਼ਰਤ ਦੀ ਭੇਟ ਚੜ੍ਹ ਗਿਆ। ਪਾਸ਼ ਇਕ ਸੰਵੇਦਨਸ਼ੀਲ ਅਤੇ ਵਿਚਾਰਧਾਰਕ ਤੌਰ ਤੇ ਬਹੁਤ ਸੁਚੇਤ ਕਵੀ ਸੀ। ਪਾਸ਼ ਦਾ ਨਕਸਲਬਾੜੀ ਲਹਿਰ ਨਾਲ ਸਬੰਧ ਰਿਹਾ ਅਤੇ ਉਨ੍ਹਾਂ ਉਪਰ ਇਕ ਝੂਠਾ ਕਤਲ ਕੇਸ ਵੀ ਬਣਿਆ ਜਿਸ ਵਿਚ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ ਅਤੇ ਬਾਅਦ ਵਿਚ ਉਹ ਇਸ ਕੇਸ ਵਿੱਚੋਂ ਬਰੀ ਵੀ ਹੋ ਗਿਆ। ਇਸ ਤੋਂ ਪਿੱਛੋਂ ਵੀ ਉਹ ਕਈ ਵਾਰ ਗ੍ਰਿਫ਼ਤਾਰ ਹੋਇਆ। ਪਾਸ਼ ਦਾ ਮੁੱਢ ਤੋਂ ਹੀ ਰਸਮੀ ਬੁਰਜੂਆ ਪੜ੍ਹਾਈ ਅਤੇ ਸਰਕਾਰੀ ਨੌਕਰੀ ਵਿਚ ਮਨ ਨਹੀਂ ਲੱਗਾ। ਪਹਿਲਾਂ ਅੱਠਵੀਂ ਤੋਂ ਬਾਅਦ 1964 ਵਿਚ ਜੂਨੀਅਰ ਟੈਕਨੀਕਲ ਸਕੂਲ ਕਪੂਰਥਲੇ ਵਿਖੇ ਦਾਖਲਾ ਲਿਆ ਪਰ ਡਿਪਲੋਮਾ ਵਿਚਕਾਰ ਹੀ ਛੱਡ ਦਿੱਤਾ। ਉਸ ਪਿੱਛੋਂ 1967 ਵਿਚ ਬਾਰਡਰ ਸਕਿਉਰਟੀ ਫੋਰਸ ਵਿਚ ਭਰਤੀ ਹੋ ਗਿਆ। ਆਜ਼ਾਦ ਤਬੀਅਤ ਵਾਲੇ ਪਾਸ਼ ਦਾ ਮਨ ਇਥੇ ਵੀ ਨਹੀਂ ਲੱਗਿਆ ਅਤੇ ਤਿੰਨ ਮਹੀਨਿਆਂ ਮਗਰੋਂ ਨੌਕਰੀ ਛੱਡ ਦਿੱਤੀ। ਕਾਫ਼ੀ ਪੱਛੜ ਕੇ 1976 ਵਿਚ ਮੈਟ੍ਰਿਕ ਪਾਸ ਕੀਤੀ। ਫਿਰ ਗਿਆਨੀ ਅਤੇ 1978 ਵਿਚ ਜੇ.ਬੀ.ਟੀ. ਪਾਸ ਕੀਤੀ। ਕੁਝ ਸਮਾਂ ਪਰਾਵੇਟ ਨੌਕਰੀ ਕੀਤੀ ਅਤੇ ਉਸ ਤੋਂ ਪਿੱਛੋਂ ਉੱਗੀ ਪਿੰਡ ਵਿਚ ਗੁਰੂ ਨਾਨਕ ਨੈਸ਼ਨਲ ਮਾਡਲ ਸਕੂਲ ਚਲਾਇਆ। ਪਾਸ਼ ਜੁਝਾਰਵਾਦੀ ਕਵਿਤਾ ਦਾ ਮੋਢੀ ਕਵੀ ਸੀ। ਉਸਨੇ ਨਾ ਸਿਰਫ ਇਸ ਲਹਿਰ ਦੀ ਚੇਤਨਾ ਵਾਲੀ ਕਵਿਤਾ ਲਿਖੀ ਸਗੋਂ ਅਮਲੀ ਤੌਰ ਤੇ ਇਸ ਲਹਿਰ ਨਾਲ ਆਖਰੀ ਦਮ ਤੱਕ ਜੁੜਿਆ ਵੀ ਰਿਹਾ। ਉਸ ਨੇ ਵੱਖ-ਵੱਖ ਸਮੇਂ ਸਿਆੜ, ਹੇਮ ਜਯੋਤੀ, ਹਾਕ ਵਰਗੇ ਰਸਾਲੇ ਕੱਢੇ। ਉਸ ਨੇ ਅਮਰੀਕਾ ਤੋਂ ਇਕ ਹੱਥ ਲਿਖਤ ਮੈਗਜ਼ੀਨ 'ਐਂਟੀ ਸੰਤਾਲੀ ਫਰੰਟ' ਵੀ ਕੱਢਿਆ ਇਸ ਕਰਕੇ ਕੁਝ ਵਿਸ਼ੇਸ਼ ਹਲਕਿਆਂ ਵਿੱਚ ਉਸ ਦਾ ਸਿਧਾਂਤਕ ਵਿਰੋਧ ਵੀ ਹੋਇਆ। ਲਕਸਲਵਾਦੀ ਲਹਿਰ ਦੇ ਜ਼ੋਰ ਸਮੇਂ ਉਹ ਕੁਝ ਦੇਰ ਲਈ ਇੰਗਲੈਂਡ ਅਤੇ ਅਮਰੀਕਾ ਵੀ ਗਿਆ ਪਰ ਉਸ ਵਿਰੁੱਧ ਕੀਤੀਆਂ ਗਈਆਂ ਸ਼ਕਾਇਤਾ ਕਾਰਨ ਇਥੇ ਉਸ ਦੇ ਪੈਰ ਨਹੀਂ ਲੱਗ ਸਕੇ ਅਤੇ ਉਸ ਨੂੰ ਵਾਪਸ ਪਰਤਣਾ ਪਿਆ। ਉਸ ਦੀ ਕਾਵਿ ਪ੍ਰਤਿਭਾ ਦਾ ਜਲੌਅ ਉਸਦੀ ਕਵਿਤਾ ਵਿੱਚੋਂ ਝਲਕਦਾ ਹੈ। ਉਸਨੇ ਆਪਣੀ ਸਮਾਜਵਾਦੀ ਵਿਚਾਰਧਾਰਕ ਚੇਤਨਾ ਨੂੰ ਰੋਹ ਭਰਪੂਰ ਖੁੱਲ੍ਹੀ ਕਵਿਤਾ ਵਿੱਚ ਬਿਆਨ ਕੀਤਾ ਹੈ। ਉਸ ਦੀਆਂ ਕਾਵਿ- ਪੁਸਤਕਾਂ ਲੋਹ ਕਥਾ (1970), ਉਡਦੇ ਬਾਜ਼ਾਂ ਮਗਰ (1974) ਅਤੇ

ਸਾਡੇ ਸਮਿਆਂ ਵਿਚ (1978) ਛਪੀਆਂ। ਸ਼ਹਾਦਤ ਉਪਰੰਤ ਪਾਸ਼ ਦੀਆਂ ਅਣ ਛਪੀਆਂ ਕਵਿਤਾਵਾਂ 'ਖਿੱਲਰੇ ਹੋਏ ਵਰਕੇ' ਨਾਂ ਹੇਠ ਛਪੀਆਂ ਅਤੇ 'ਪਾਸ਼ ਦੀਆਂ ਚਿੱਠੀਆਂ' ਅਤੇ ਉਸ ਦੀ ਡਾਇਰੀ 'ਆਪਣੇ ਆਪ ਨਾਲ ਗੱਲਾਂ' ਸਿਰਲੇਖ ਅਧੀਨ ਛਪੀਆਂ ਹਨ। ਉਸ ਨੇ ਕੁਝ ਵਾਰਤਕ ਵੀ ਲਿਖੀ। ਉਸ ਦੀਆਂ ਸਾਰੀਆਂ ਕਵਿਤਾਵਾਂ 'ਸੰਪੂਰਨ ਪਾਸ ਕਾਵਿ' ਵਿਚ ਛਪੀਆਂ ਹਨ ਤੇ 'ਮੈਂ ਹੁਣ ਵਿਦਾ ਹੁੰਦਾ ਹਾਂ' ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ ਜੋ ਸ਼ਹਾਦਤ ਤੋਂ ਬਾਅਦ ਛਪਿਆ ਹੈ। ਇਸ ਤੋਂ ਇਲਾਵਾ ਪਾਸ਼ ਦੇ ਪਿਤਾ ਸ. ਸੋਹਣ ਸਿੰਘ ਸੰਧੂ ਦੁਆਰਾ 'ਸਾਹਿਤ ਦਾ ਸਾਗਰ ਪਾਸ਼' ਪੁਸਤਕ ਸੰਪਾਦਿਤ ਕੀਤੀ ਹੈ ਜਿਸ ਵਿੱਚ ਪਾਸ਼ ਦੀ ਕਵਿਤਾ, ਯਾਦਾਂ ਅਤੇ ਕਾਵਿ ਸਾਧਨਾ ਸਬੰਧੀ ਵਿਸਤ੍ਰਿਤ ਜਾਣਕਾਰੀ ਉਪਲੱਬਧ ਹੈ। ਪਾਸ਼ ਨਕਸਲਬਾੜੀ ਕਾਵਿ ਲਹਿਰ ਦਾ ਹੀ ਨਹੀਂ ਸਗੋਂ ਸਮੁੱਚੀ ਆਧੁਨਿਕ ਪੰਜਾਬੀ ਕਵਿਤਾ ਦਾ ਪ੍ਰਤਿਭਾਸ਼ੀਲ ਕਵੀ ਸੀ। ਪਾਸ਼ ਦੀ ਕਾਵਿ ਪ੍ਰਤਿਭਾ ਨੂੰ ਪੰਜਾਬੀ ਪਾਠਕਾਂ ਨੇ ਮੰਨਿਆ ਅਤੇ ਸਾਰੇ ਆਲੋਚਕਾਂ ਨੇ ਇਕ ਮੱਤ ਹੋ ਕੇ ਪ੍ਰਵਾਨਗੀ ਦਿੱਤੀ। ਪਾਸ ਇਕ ਅਜਿਹਾ ਕਵੀ ਸੀ ਜਿਸ ਵਿਚ ਨਕਸਲਬਾੜੀ ਕਾਵਿ ਲਹਿਰ ਦੇ ਸਾਰੇ ਗੁਣ ਸਮਾਏ ਹੋਏ ਸਨ। ਪਾਸ ਉਸ ਵਿਚਾਰਧਾਰਾ ਦਾ ਕਵੀ ਸੀ ਜੋ ਜਮਾਤੀ ਸੰਗਰਾਮ ਦੀ ਧਾਰਨਾ ਨੂੰ ਲੈ ਕੇ ਚੱਲਦੀ ਸੀ। ਕਵੀ ਸੋਸ਼ਿਤ ਵਰਗ ਦਾ ਬੁਲਾਰਾ ਬਣ ਕੇ ਪੇਸ਼ ਹੁੰਦਾ ਹੈ।

ਪਾਸ਼ ਸਮੇਂ ਦੀ ਅੱਖ ਵਿੱਚ ਅੱਖ ਪਾ ਕੇ ਵੇਖਣ ਦੀ ਜੁਰ੍ਹਤ ਰਖਦਾ ਸੀ। ਇਸ ਦੀ ਗੁਣਾਤਮਕਤਾ ਅਤੇ ਉੱਚ ਪੱਧਰ ਸਦਕਾ ਉਹ ਨਾ ਕੇਵਲ ਜੁਝਾਰਵਾਦੀ ਕਵੀਆਂ ਸਗੋਂ ਸਾਰੇ ਸਮਕਾਲੀ ਕਵੀਆਂ ਦੀ ਅਗਲੀ ਕਤਾਰ ਵਿੱਚ ਸ਼ਾਮਿਲ ਹੋ ਗਿਆ। ਪਾਸ਼ ਦੇ ਪਰਵੇਸ਼ ਨਾਲ਼ ਜੁਝਾਰਵਾਦੀ ਕਵਿਤਾ ਆਪਣੀ ਵਿਲੱਖਣ ਪਛਾਣ ਸਥਾਪਿਤ ਕਰਦੀ ਹੈ। ਉਸ ਦੀ ਕਾਵਿ ਪ੍ਰਤਿਭਾ ਨੂੰ ਨਾ ਕੇਵਲ ਪਾਠਕ ਵਰਗ ਦਾ ਭਰਵਾਂ ਹੁੰਗਾਰਾ ਮਿਲਿਆ ਸਗੋਂ ਸਾਰੇ ਕਵੀਆਂ ਅਤੇ ਅਲੋਚਕਾਂ ਨੇ ਵੀ ਮਾਨਤਾ ਦਿੱਤੀ।

ਉਸਦੀ ਕਾਵਿ ਪ੍ਰਤਿਭਾ ਸਬੰਧੀ ਡਾ. ਸੁਖਦੇਵ ਸਿੰਘ ਦਾ ਕਥਨ ਹੈ ਕਿ "ਪਾਸ਼ ਜਿਸਨੇ 'ਧੁੱਪ ਬਣਕੇ ਧਰਤੀ ਤੇ ਖਿੜ ਜਾਣਾ ਅਤੇ ਗੂੰਜ ਬਣ ਕੇ ਚੌਂਹ ਕੂਟਾਂ ਵਿਚ ਫੈਲ ਜਾਣਾ' ਚਾਹਿਆ ਸੀ, ਜਿਸਨੂੰ ਜ਼ਿੰਦਗੀ ਦੀ ਬਹੁਤ ਲੋਚਾ ਸੀ, ਅੱਜ ਸਾਡੇ ਵਿਚ ਨਹੀਂ ਰਿਹਾ। ਉਹ ਜ਼ਿੰਦਗੀ ਵਿਚ ਕਵਿਤਾ ਵਾਂਗ ਵਿਚਰਿਆ ਅਤੇ ਉਹਨੇ ਕਵਿਤਾ ਨੂੰ ਜ਼ਿੰਦਗੀ ਦੀ ਪਾਹੁਲ ਦਿੱਤੀ। ਜ਼ਿੰਦਗੀ ਨੂੰ ਜਿਉਣ-ਯੋਗ ਬਣਾਉਣ ਲਈ ਉਹਨੇ 'ਅਮਲ' ਤੇ 'ਕਲਮ' ਦੋਹਾਂ ਹੀ ਪੱਧਰਾਂ ਤੇ ਸੰਘਰਸ਼ ਕੀਤਾ। ਉਹਦੇ ਤੁਰ ਜਾਣ ਬਾਅਦ, ਜ਼ਿੰਦਗੀ ਨਾਲ ਉਹਦੇ ਗਹਿਰੇ ਮੋਹ ਦੀ ਕਹਾਣੀ ਪਾਉਂਦੀਆਂ ਇਹ ਸਤਰਾਂ ਆਪ ਮੁਹਾਰੇ ਹੀ ਚੇਤੇ ਦੇ ਦਰ ਖੜਕਾਉਣ ਲੱਗੀਆਂ ਹਨ। ਉਹਦੀ ਗ਼ੈਰ ਹਾਜ਼ਰੀ ਵਿਚ ਉਹਦੀ 'ਚੁੱਪ' ਬੋਲ ਉਠੀ ਹੈ, ਉਹ ਸਾਜ਼ਿਸ਼ ਨੂੰ ਬੇਨਕਾਬ ਕਰਨ ਲਈ ਜੋ ਹੱਕ ਸੱਚ ਦੀ ਆਵਾਜ਼ ਨੂੰ ਅਜ਼ਲਾਂ ਤੋਂ ਕਤਲ ਕਰਨਾ ਲੋਚਦੀ ਰਹੀ ਹੈ।" ਸੱਚਮੁੱਚ ਪਾਸ਼ ਜ਼ਿੰਦਗੀ ਨੂੰ ਬਿਹਤਰ ਬਣਾਉਣ ਅਤੇ ਜਿਉਣ ਦਾ ਸ਼ੁਦਾਈ ਸੀ। ਉਹ ਕਾਲਪਨਿਕ ਉਡਾਰੀਆਂ ਨਹੀਂ ਮਾਰਦਾ ਸੀ ਯਥਾਰਥਕ ਰੂਪ ਵਿੱਚ ਜ਼ਿੰਦਗੀ ਨੂੰ ਦੋਹੇਂ ਹੱਥੀਂ ਟੱਕਰਦਾ ਹੈ:_

ਜਦੋਂ ਮੈਂ ਜਨਮਿਆਂ

ਤਾਂ ਜਿਉਣ ਦੀ ਸੰਹੁ ਖਾ ਕੇ ਜੰਮਿਆਂ

ਤੇ ਹਰ ਵਾਰ ਜਦੋਂ ਮੈਂ ਤਿਲਕ ਕੇ ਡਿਗਿਆ

ਮੇਰੀ ਮਾਂ ਲਾਹਣਤਾਂ ਪਾਉਂਦੀ ਰਹੀ।

(ਲੋਹ ਕਥਾ ਪੰਨਾ 16)

ਮੇਰਾ ਲਹੂ ਤੇ ਮੁੜਕਾ ਮਿੱਟੀ ਵਿਚ ਡੁੱਲ੍ਹ ਗਿਆ ਹੈ ਮੈਂ ਮਿੱਟੀ ਵਿਚ ਦੱਬੇ ਜਾਣ ਤੇ ਵੀ ਉੱਗ ਆਵਾਂਗਾ।

(ਲੋਹ ਕਥਾ ਪੰਨਾ 25)

ਤੂੰ ਇਹ ਸਾਰਾ ਈ ਕੁਝ ਭੁਲ ਜਾਵੀਂ ਮੇਰੀ ਦੋਸਤ ਸਿਵਾ ਇਸ ਤੋਂ

ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ

ਮੈਂ ਗਲ਼ ਤੀਕਰ ਜ਼ਿੰਦਗੀ ਵਿਚ ਡੁੱਬਣਾ ਚਾਹੁੰਦਾ ਸਾਂ

ਮੇਰੇ ਵੀ ਹਿੱਸੇ ਦਾ ਜੀਅ ਲੈਣਾ ਮੇਰੀ ਦੋਸਤ

ਮੇਰੇ ਵੀ ਹਿੱਸੇ ਦਾ ਜੀਅ ਲੈਣਾ

(ਸਾਡੇ ਸਮਿਆਂ ਵਿਚ, ਪੰਨਾ 9)

ਨਕਸਲਵਾੜੀ ਲਹਿਰ ਤੋਂ ਪ੍ਰਭਾਵਿਤ ਪੰਜਾਬੀ ਦੀ ਜੁਝਾਰ-ਵਿਦਰੋਹੀ ਕਵਿਤਾ ਵਿਚ ਪਾਸ਼ ਦਾ ਨਾਂ ਕਿਸੇ ਦਾ ਸਾਨੀ ਨਹੀਂ। ਪਾਸ਼ ਨੇ ਪੰਜਾਬੀ ਕਵਿਤਾ ਨੂੰ ਨਵੀਂ ਉਚਾਈ ਪ੍ਰਦਾਨ ਕੀਤੀ ਹੈ। ਉਸ ਨਾਲ ਪੰਜਾਬੀ ਕਵਿਤਾ ਪੰਜਾਬੀ ਸਫ਼ਾਂ ਚੋ ਨਿਕਲ ਕੇ ਅੰਤਰਰਾਸ਼ਟਰੀ ਪਛਾਣ ਸਥਾਪਿਤ ਕਰਦੀ ਹੈ। ਪਾਸ਼ ਦੀ ਕਾਵਿ ਯੋਗਤਾ ਅਤੇ ਕਾਵਿ ਵਿਲੱਖਣਤਾ ਨੂੰ ਪਛਾਣਦੇ ਹੋਏ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਹਿੰਦੀ ਆਲੋਚਕ ਡਾ. ਨਾਮਵਰ ਸਿੰਘ ਨੇ ਉਸ ਨੂੰ 'ਪੰਜਾਬੀ ਦਾ ਲੋਰਕਾ' ਕਿਹਾ ਹੈ। ਡਾ. ਤੇਜਵੰਤ ਸਿੰਘ ਗਿੱਲ ਨੇ ਪਾਸ਼ ਨੂੰ ਜਗਤ ਪ੍ਰਸਿੱਧ ਕਵੀ ਨੈਰੂਦਾ ਨਾਲ ਤੁਲਨਾਇਆ ਹੈ। ਡਾ. ਨਾਮਵਰ ਸਿੰਘ ਦੇ ਅਨੁਸਾਰ,"ਪਾਸ਼ ਖ਼ਤਰਨਾਕ ਕਵੀ ਤਾਂ ਸੀ। ਵਾਰ ਵਾਰ ਜੇਲ੍ਹ ਅਤੇ ਪੁਲਿਸ ਦੇ ਤਸੀਹੇ ਪ੍ਰਮਾਣ ਹਨ। ਪਰ ਏਨਾਂ ਖ਼ਤਰਨਾਕ ਨਹੀਂ ਸੀ ਕਿ ਉਸ ਦੀ ਆਵਾਜ਼ ਸਦਾ ਲਈ ਬੰਦ ਕਰ ਦਿੱਤੀ ਜਾਂਦੀ। ਸਰਕਾਰ ਨਾਲ ਇਸ 'ਲੁਕਣ-ਮੀਟੀ' ਦੀ ਖੇਡ ਵਿਚ 'ਗੀਤਾਂ ਵਰਗੀ ਗੁਜ਼ਰ ਦੇ ਬੇਤਾਬ ਆਸ਼ਕ' ਨੇ ਕਿਸੇ ਤਰ੍ਹਾਂ ਅਠਾਰਾਂ ਸਾਲ ਦੀ ਜ਼ਿੰਦਗੀ ਖੋਹ ਹੀ ਲਈ। ਇਹਨਾਂ ਅਠਾਰਾਂ ਵਰ੍ਹਿਆਂ ਵਿਚ ਇਤਮੀਨਾਨ ਨਾਲ ਕਵਿਤਾ 'ਰਚਣ ਦੇ ਕੁਝ ਪਲ ਸ਼ਾਇਦ ਹੀ ਕਦੀ ਮਿਲੇ ਹੋਣ; ਫ਼ਿਰ ਵੀ ਪਾਸ਼ ਨੇ ਕਰੀਬ ਸਵਾ ਸੌ ਕਵਿਤਾਵਾਂ ਲਿਖੀਆਂ, ਜਿਨ੍ਹਾਂ ਵਿਚ ਅਜਿਹੀਆਂ ਕਵਿਤਾਵਾਂ ਕਾਫ਼ੀ ਹਨ,

ਜੋ ਪੰਜਾਬੀ ਤਾਂ ਕੀ, ਸਮੁੱਚੀ ਭਾਰਤੀ ਕਵਿਤਾ ਦੇ ਇਤਿਹਾਸ ਵਿਚ ਨਿਰਵਿਵਾਦ ਰੂਪ ਵਿਚ ਸੁਨਹਿਰੀ ਪੰਨਿਆਂ ਵਿਚ ਦਰਜ ਰਹਿਣਗੀਆਂ।" (ਪੰਨਾ- 360)

ਪਾਸ਼ ਨੂੰ ਪ੍ਰਮੁੱਖ ਤੌਰ ਤੇ ਜੁਝਾਰਵਾਦੀ ਕਵੀ ਦੇ ਤੌਰ ਤੇ ਜਾਣਿਆ ਜਾਂਦਾ ਹੈ। ਪਰ ਉਸਦੀ ਕਵਿਤਾ ਦਾ ਅਧਿਐਨ ਕੀਤਿਆਂ ਪਤਾ ਚਲਦਾ ਕਿ ਉਹ ਸਿਰਫ ਜੁਝਾਰਵਾਦੀ ਜਾਂ ਨਕਸਲਬਾੜੀ ਲਹਿਰ ਦਾ ਕਵੀ ਨਹੀਂ ਸੀ। ਉਹ ਪੰਜਾਬੀ ਦਾ ਅਜਿਹਾ ਬੇਬਾਕ ਕਵੀ ਸੀ ਜਿਸ ਦੀ ਕਵਿਤਾ ਵਿੱਚ ਸਮਾਜ, ਸਭਿਆਚਾਰ, ਲੋਕਧਾਰਾ, ਰਾਜਸੀ ਚੇਤਨਾ, ਲੋਕਾਈ ਦਾ ਦਰਦ ਇਕੋ ਵੇਲੇ ਸਮਿਲਤ ਹੈ। ਉਸ ਦੀ ਕਵਿਤਾ ਪੰਜਾਬੀ ਸਾਹਿਤ ਚਿੰਤਨ ਅਤੇ ਕਾਵਿ ਚੇਤਨਾ ਦਰਮਿਆਨ ਇਕ ਸੰਵਾਦ ਦਾ ਕਾਰਜ ਕਰਦੀ ਹੈ। ਡਾ. ਸੁਖਦੇਵ ਸਿੰਘ  ਦੇ ਅਨੁਸਾਰ, ਪੰਜਾਬੀ ਦੀ ਰੋਮਾਂਟਿਕ ਪ੍ਰਗਤੀਵਾਦੀ ਅਤੇ ਪ੍ਰਯੋਗਵਾਦੀ ਕਵਿਤਾ ਤੋਂ ਸੁਚੇਤ ਵਿਦਰੋਹ ਵਜੋਂ ਉਪਜੀ ਜੁਝਾਰ-ਵਿਦਰੋਹੀ ਕਵਿਤਾ ਸ਼ੁੱਧ ਸਾਹਿਤਕ ਲਹਿਰ ਨਹੀਂ ਸੀ, ਕਲਾ ਅਤੇ ਰਾਜਨੀਤੀ ਦੋਵੇਂ ਇਸਦੇ ਮੂਲ ਸਰੋਕਾਰ ਸਨ। ਭਗਤੀ ਲਹਿਰ ਅਤੇ ਪ੍ਰਗਤੀਵਾਦੀ ਅੰਦੋਲਨ ਦੀ ਕਵਿਤਾ ਵਾਂਗ ਇਹ ਕਾਵਿ-ਧਾਰਾ ਵੀ ਇਕ ਸਾਂਸਕ੍ਰਿਤਕ-ਅੰਦੋਲਨ ਸੀ, ਇਸ ਦਾ ਅਸਰ ਸਮਾਜਕ ਅਤੇ ਰਾਜਨੀਤਿਕ ਸੀ।"(ਸਾਹਿਤ ਸਾਗਰ ਪਾਸ਼, ਪੰਨਾ-130)

ਉਸ ਦੀ ਸਾਰੀ ਦੀ ਸਾਰੀ ਸ਼ਾਇਰੀ ਵਿੱਚ, ਇਸ ਲਹਿਰ ਦੇ ਸਾਰੇ ਗੁਣ ਸਮਾਏ ਹੋਏ ਹਨ। ਉਹ ਆਪਣੀ ਸ਼ਾਇਰੀ ਵਿੱਚ ਆਪਣੇ ਤੋਂ ਪਹਿਲਾਂ ਰੋਮਾਂਸਵਾਦੀ, ਪ੍ਰਗਤੀਵਾਦੀ, ਪ੍ਰਗਤੀਸ਼ੀਲ ਅਤੇ ਅਸਤਿਤ੍ਵਵਾਦੀ ਕਵੀਆਂ ਨਾਲ ਸੰਵਾਦ ਰਚਾਉਂਦਾ ਹੈ ਜਿਨ੍ਹਾਂ ਨੇ ਜਾਂ ਤਾਂ ਮਹਿਜ਼ ਰੋਮਾਂਟਿਕ ਨਾਹਰੇਬਾਜ਼ੀ ਕੀਤੀ ਹੈ ਜਾਂ ਫਿਰ ਉਦੇਸ਼ਹੀਣ ਸ਼ਬਦਾਂ ਨਾਲ ਸਮਾਜਿਕ ਯਥਾਰਥ ਵਿੱਚ ਕੋਈ ਸਾਰਥਕ ਤਬਦੀਲੀ ਕਰਨ ਵਿੱਚ ਅਸਮਰੱਥ ਰਹੇ ਹਨ। ਇਸੇ ਲਈ ਉਹ ਕਾਟਵੇਂ ਵਿਅੰਗ ਰਾਹੀਂ ਅਜਿਹੇ ਉਦੇਸ਼ਹੀਣ ਕਵੀਆਂ ਦੀ ਬੌਧਿਕ ਸਮਰੱਥਾ ਉਪਰ ਸਵਾਲ ਖੜ੍ਹੇ ਕਰਦਾ ਕਹਿੰਦਾ ਹੈ:

ੳ. ਮਾਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ

ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ

ਤਾਂ ਕਾਗਜ਼ਾਂ ਦਾ ਗਰਭਪਾਤ ਨਾ ਕਰੋ

ਅ. ਜ਼ਿੰਦਗੀ ਜੇ ਕਵਿਤਾ ਜਿਹੀ ਹੁੰਦੀ,

ਅਸੀਂ ਖਾਮੋਸ਼ ਹੀ ਰਹਿੰਦੇ।

ਚਾਂਦਨੀ ਜੇ ਓਹੜੀ ਜਾ ਸਕਦੀ,

ਕੀ ਬਲਬ ਕਿ ਸਬ ਅਸੀਂ ਸਿਉਂ ਕੇ ਪਾ ਲੈਂਦੇ।

ਪਾਸ਼ ਦੀ ਪਹਿਲੇ ਦੌਰ ਦੀ ਕਵਿਤਾ ਕ੍ਰਾਂਤੀ ਦੀ ਜੁਸਤਜੂ ਨਾਲ ਜੁੜੀ ਹੋਈ ਹੈ। ਬੇਸ਼ੱਕ ਉਹ ਪਹਿਲੇ ਦੌਰ ਵਿੱਚ ਵੱਧ ਜਜ਼ਬਾਤੀ ਅਤੇ ਨਾਹਰਾਵਾਦੀ ਵੀ ਨਜ਼ਰ ਆਉਂਦਾ ਹੈ। ਪਰ ਇਹ ਵੀ ਸੱਚ ਹੈ ਕਿ ਪਾਸ਼ ਨੇ ਕਵਿਤਾ ਨੂੰ ਹਰ ਤਰ੍ਹਾਂ ਦੀ ਸਮਾਜਿਕ ਨੈਤਿਕ ਜਿੰਮੇਵਾਰੀ ਤੋਂ ਮੁਕਤ ਕਰਕੇ ਸ਼ੁੱਧ-ਸੁਹਜ ਜਾਂ ਆਨੰਦ ਦੇਣ ਵਾਲੀ ਵਸਤ ਤੱਕ ਨਹੀਂ ਘਟਾਇਆ। ਉਹ ਸੁਹਜ ਆਨੰਦ ਤੋਂ ਪਹਿਲਾਂ ਸਮਾਜਕ ਕੋਹਜਾਂ ਨੂੰ ਤੱਕਣ ਵਾਲੀ ਮਹੀਨ ਨਜ਼ਰ ਰਖਦਾ ਹੈ। ਉਹ ਕਵਿਤਾ ਵਿੱਚੋਂ ਸੁਹਜ ਅਨੰਦ ਲੈਣ ਵਾਲੀ ਜਮਾਤ ਦਾ ਮੁਦਈ ਨਹੀਂ ਬਣਦਾ ਸਗੋਂ ਪੇਂਡੂ ਅਤੇ ਦਲਿਤ ਲੋਕਾਈ ਦੇ ਜੀਵਨ ਯਥਾਰਥ ਦੀ ਬਾਤ ਪਾਉਂਦਾ ਹੈ। ਪਾਸ਼ ਲਈ ਕਾਵਿ ਵਾਂਗ ਕਾਵਿ ਦਾ ਦਰਸ਼ਨ ਭਾਵ ਕਾਵਿ-ਸ਼ਾਸਤਰ ਵੀ ਜਮਾਤੀ ਮਸਲਾ ਹੈ। ਆਪਣੀ ਸੁਹਜ- ਸੰਵੇਦਨਾ ਵਾਂਗ ਹਰ ਵਰਗ ਦਾ ਆਪਣਾ ਸੁਹਜ-ਸ਼ਾਸਤਰ ਵੀ ਹੁੰਦਾ ਹੈ। ਕਿਰਤੀ ਵਰਗ ਅਤੇ ਬੁਰਜਵਾਜੀ ਦੇ ਹਿੱਤਾਂ ਵਾਂਗ ਇਹਨਾਂ ਦੇ ਸੁਹਜ-ਸ਼ਾਸਤਰਾਂ ਵਿਚ ਵੀ ਖੜੇ-ਦਾਅ ਦਾ ਵਿਰੋਧ ਮੰਨਦਿਆਂ ਪਾਸ਼ ਬੁਰਜਵਾ ਸੁਹਜ-ਸ਼ਾਸਤਰ ਨੂੰ ਕਾਟੇ ਹੇਠ ਰੱਖਦਾ ਹੈ। ਉਹ ਸੁਹਜ ਸਵਾਦ ਤੋਂ ਪਾਰ ਗ਼ਰੀਬ ਲੋਕਾਈ ਦੇ ਦਰਦ ਦੀ ਗੱਲ ਕਰਦਾ ਕਹਿੰਦਾ ਹੈ। ਉਹ ਕਵਿਤਾ ਨੂੰ ਪੜ੍ਹਨ ਅਤੇ ਕਾਵਿ ਦੇ ਸੁਹਜ ਨੂੰ ਸਮਝਣ ਲਈ ਆਪਣਾ ਇਕ ਵੱਖਰਾ ਅਤੇ ਨਿਆਰਾ ਨਜ਼ਰੀਆ ਵਿਕਸਤ ਕਰਦਾ ਹੈ:

ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾਂ ਤੋਂ ਉਰੇ ਹਾਲਾਂ ਕਰਨ ਲਈ ਬਹੁਤ ਗੱਲਾਂ ਹਨ

ਅਜੇ ਮੈਂ ਧਰਤ ਤੇ ਛਾਈ

ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ ਰਾਤ ਦੀ ਹੀ ਗੱਲ ਕਰਾਂਗਾ।

ਉਸ ਇਤਿਹਾਸ ਦੀ

ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ ਮੌਰਾਂ ਉਤੇ ਉੱਕਰਿਆ ਹੈ ...

ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ

ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ। ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ ਸਾਡੇ ਬੱਚਿਆਂ ਦੀ ਤੋਤਲੀ ਕਵਿਤਾ

ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

(ਸਾਡੇ ਸਮਿਆਂ ਵਿਚ-ਭੂਮਿਕਾ ਵਿੱਚੋਂ)

ਦੂਸਰੇ ਦੌਰ ਵਿੱਚ ਉਹ ਆਪਣੇ ਕਾਮਰੇਡ ਸਾਥੀਆਂ ਅਤੇ ਸਵੈ ਨਾਲ ਸੰਵਾਦ ਰਚਾਉਂਦਾ ਹੈ। ਇਹ ਦੌਰ ਇਸ ਲਹਿਰ ਦੇ ਢਲਣ ਦਾ ਦੌਰ ਸੀ। ਇਸ ਅਵਸਥਾ 'ਤੇ ਉਹ ਚਿੰਤਤ ਜ਼ਰੂਰ ਹੈ ਪਰ ਬੇਆਸ ਨਹੀਂ ਹੈ। ਉਸਦੀ ਸ਼ਾਇਰੀ ਵਿੱਚ ਸਮਾਜ ਦੇ ਹੇਠਲੇ ਤਬਕੇ ਦਾ ਦਰਦ, ਕੁੰਠਾਵਾਂ, ਸੰਵੇਦਨਾ  ਅਤੇ ਔਖਿਆਈਆਂ ਦਾ ਵਰਣਨ ਹੈ। ਇਸ ਔਖੇ ਸਮੇਂ

ਵਿੱਚ ਸੰਘਰਸ਼ ਇਕੋ ਇਕ ਹਥਿਆਰ ਹੈ। ਇਸੇ ਲਈ ਉਹ ਉਦਾਸੀ ਦੇ ਸਮੇਂ ਵਿੱਚ ਵੀ ਚਿੰਤਨ ਦਾ ਪੱਲਾ ਨਹੀਂ ਛੱਡਦਾ ਸਗੋਂ ਸਮੇਂ ਦੀਆਂ ਸਥਿਤੀਆਂ ਨਾਲ ਸੰਵਾਦ ਰਚਾਉਂਦਾ ਹੋਇਆ ਕਹਿੰਦਾ ਹੈ:

ਮੇਰੇ ਯਾਰੋ ! ਇਹ ਹਾਦਸਾ

ਸਾਡੇ ਸਮਿਆਂ ਵੀ ਹੀ ਹੋਣਾ ਸੀ

ਕਿ ਦੁਨੀਆਂ ਦੇ ਸਭ ਤੋਂ ਹੁਸੀਨ ਹਰਫ਼ਾਂ ਨੇ

ਬਣ ਜਾਣਾ ਸੀ ਸਿੰਘਾਸਨ ਦੇ ਪੌਡੇ-

ਮਾਰਕਸ ਦਾ ਸ਼ੇਰ ਵਰਗਾ ਸਿਰ

ਦਿੱਲੀ ਦੀਆਂ ਭੁੱਲ ਭੁਲਾਈਆਂ ਵਿੱਚ ਮਿਆਂਕਦਾ ਫਿਰਦਾ

ਅਸੀਂ ਹੀ ਤੱਕਣਾ ਸੀ।

ਮੇਰੇ ਯਾਰੋ! ਇਹ ਕੁਫ਼ਰ ਸਾਡੇ ਸਮਿਆਂ ਵਿੱਚ ਹੀ ਹੋਣਾ ਸੀ।

(ਸਾਡੇ ਸਮਿਆਂ ਵਿੱਚ, ਪੰਨਾ 67)

ਯੁੱਧ ਅਤੇ ਸੰਘਰਸ਼ ਪਾਸ਼ ਦੀ ਕਵਿ ਦ੍ਰਿਸ਼ਟੀ ਦਾ ਖਮੋਸ਼ ਪ੍ਰੇਰਨਾਕਾਰ ਹੈ। ਪਾਸ਼ ਲਈ ਤਾਂ ਸੰਘਰਸ਼ ਦਾ ਦੂਜਾ ਨਾ ਹੀ ਜ਼ਿੰਦਗੀ ਹੈ। ਡਾ. ਸੁਖਦੇਵ ਸਿੰਘ ਦਾ ਉਸ ਦੀ ਇਸ ਕਾਵਿ ਦ੍ਰਿਸ਼ਟੀ ਸਬੰਧੀ ਕਥਨ ਹੈ ਕਿ,"ਉਹ 'ਹਿੰਸਾ' ਅਤੇ 'ਸੰਘਰਸ਼' ਨੂੰ ਮਨੁੱਖ ਦੀ ਕਿਰਤ ਵਜੋਂ ਹੀ ਪ੍ਰਵਾਨ ਕਰਦਾ ਹੈ। ਉਹਦੇ ਲਈ ਹੱਥ ਜੋ ਕਿਰਤ ਕਰਨ ਦਾ 'ਸਾਧਨ' ਹਨ ਤਾਂ ਉਹ ਕਿਰਤ ਦੀ ਲੁੱਟ ਨੂੰ ਰੋਕਣ ਲਈ 'ਹਥਿਆਰ' ਵੀ ਹਨ। ਹੱਥਾਂ ਦਾ ਧਰਮ, ਕਿਰਤ ਦੇ ਸਾਧਨ ਬਣਕੇ ਜ਼ਿੰਦਗੀ ਦੇ ਸੁਹਜ ਨੂੰ ਸਿਰਜਣਾ ਹੀ ਨਹੀਂ, ਸਗੋਂ ਹਥਿਆਰ ਦਾ ਰੂਪ ਧਾਰ ਕੇ ਜ਼ਿੰਦਗੀ ਅਤੇ ਸੁਹਜ ਦੀ ਰਾਖੀ ਕਰਨਾ ਵੀ ਹੈ। ਪਾਸ਼ ਦੀ ਕਵਿਤਾ ਵਿਚ ਹੱਥ ਅਤੇ ਹਥਿਆਰ ਅਤੇ ਕਿਰਤ ਅਤੇ ਸੰਘਰਸ਼ ਨੂੰ ਇਕ ਦੂਜੇ ਤੋਂ ਨਿਖੇੜਿਆ ਨਹੀਂ ਜਾ ਸਕਦਾ। ਆਪਣੀ ਕਵਿਤਾ 'ਯੁੱਧ ਅਤੇ ਸ਼ਾਂਤੀ' ਵਿਚ ਪਾਸ਼ ਯੁੱਧ ਨੂੰ ਮਨੁੱਖ ਦੇ ਮਨੁੱਖ ਹੋਣ ਦੀ ਪਹਿਲੀ ਸ਼ਰਤ ਵਜੋਂ ਪ੍ਰਭਾਸ਼ਿਤ ਕਰਦਾ ਹੈ। ਉਸ ਅਨੁਸਾਰ ਸ਼ਾਂਤੀ, ਮਨੁੱਖ ਦੀ ਕਿਰਤ ਨੂੰ ਲੁੱਟਣ ਦਾ, ਉਸ ਦੇ ਅਸਤਿਤਵ ਨੂੰ ਠੱਗਣ ਦਾ ਮਕਰ ਹੈ, ਜਿਸ ਦਾ ਅਰਥ ਯੁੱਧ ਨੂੰ ਜ਼ਲੀਲਤਾ ਦੀ ਪੱਧਰ ਤੇ ਲੜਨਾ ਹੈ। ਯੁੱਧ (ਵਿਸ਼ਾਲ ਅਰਥਾਂ ਵਿਚ ਕਿਰਤ) ਤੋਂ ਮੁਨਕਰ ਹੋਣ ਨੂੰ ਉਹ ਜ਼ਿੰਦਗੀ ਤੋਂ ਮੁਨਕਰ ਹੋਣਾ ਮੰਨਦਾ ਹੈ। ਪਾਸ਼ ਲਈ ਕਿਰਤ ਦੇ ਗੌਰਵ ਦੀ ਬਹਾਲੀ ਲਈ ਯੁੱਧ ਦੀ ਤੱਤਪਰਤਾ 'ਜ਼ਿੰਦਗੀ ਦੇ ਸਾਊ ਪੁੱਤ' ਹੋਣ ਦਾ ਸਬੂਤ ਹੈ, ਕਿਉਂਕਿ :

ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ

ਯੁੱਧ ਲਹੂ ਦੇ ਲਾਡ ਦਾ ਨਾਂ ਹੈ

ਯੁੱਧ ਜੀਣ ਦੇ ਨਿੱਘ ਦਾ ਨਾਂ ਹੈ..

ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ

ਯੁੱਧ ਵਿਚ ਰੋਟੀ ਦੇ ਹੁਸਨ ਨੂੰ

ਨਿਹਾਰਨ ਜਿਹੀ ਸੂਖਮਤਾ ਹੈ.....

ਯੁੱਧ ਸਾਡੇ ਬੱਚਿਆਂ ਲਈ

ਪਿੜੀਆਂ ਵਾਲੀ ਖੁੱਦੋ ਲੈ ਕੇ ਆਏਗਾ

ਯੁੱਧ ਸਾਡੀਆਂ ਭੈਣਾਂ ਲਈ

ਕਢਾਈ ਦੇ ਸੁੰਦਰ ਨਮੂਨੇ ਲਿਆਏਗਾ

ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ

ਦੁੱਧ ਬਣਕੇ ਉਤਰੇਗਾ

ਯੁੱਧ ਸਾਡਿਆਂ ਵੱਡਿਆਂ ਦੀ ਕਬਰ ਉਤੇ

ਫੁੱਲ ਬਣ ਕੇ ਖਿੜੇਗਾ।

(ਸਾਡੇ ਸਮਿਆਂ ਵਿਚ, ਪੰਨਾ 29, 30)

ਪਾਸ਼ ਦੀ ਸ਼ਾਇਰੀ ਵਿੱਚ ਬੌਧਿਕਤਾ, ਸਿਧਾਂਤਕ ਕਾਵਿ ਕੌਸ਼ਲਤਾ ਅਤੇ ਸਰਲਤਾ ਦਾ ਗੱਠਜੋੜ ਸਹਿਜ ਰੂਪ ਵਿੱਚ ਇਕਮਿਕ ਹੋਇਆ ਪਿਆ ਹੈ। ਉਸ ਦੀ ਕਵਿਤਾ ਚੇਤਨਾ ਦੀ ਉਚੇਰੀ ਪੱਧਰ 'ਤੇ ਵੀ ਸਰਲਤਾ ਦਾ ਸਾਥ ਨਹੀਂ ਛੱਡਦੀ। ਇਹੋ ਵਜਾ ਹੈ ਕਿ ਸਧਾਰਣ ਪਾਠਕ ਵੀ ਉਸਦੀ ਕਹੀ ਹੋਈ ਗੱਲ ਦੇ ਅਰਥਾਂ ਨੂੰ ਧੁਰ ਡੂੰਘ ਤੱਕ ਸਮਝ ਜਾਂਦਾ ਹੈ।

ਪਾਸ਼ ਨਾ ਸਿਰਫ਼ ਰਾਜਨੀਤਿਕ ਆਜ਼ਾਦੀ ਲਈ ਇੰਨਕਲਾਬ ਦੀ ਗੱਲ ਕਰਦਾ ਹੈ ਸਗੋਂ ਸਭਿਆਚਾਰਕ ਅਤੇ ਸਮਾਜਿਕ ਖੇਤਰਾਂ ਵਿੱਚ ਤਬਦੀਲੀ ਦੀ ਲੋੜ ਤੇ ਵੀ ਜ਼ੋਰ ਦਿੰਦਾ ਹੈ। ਨਕਸਲਬਾੜੀ ਲਹਿਰ ਦੀ ਵਿਚਾਰਧਾਰਾ ਵਿਚ ਪਹਿਲੀ ਗੱਲ ਹਥਿਆਰਬੰਦ ਇਨਕਲਾਬ ਦੀ ਸੀ, ਇਸ ਨੇ ਪਾਰਲੀਮਾਨੀ ਰਾਹ ਨੂੰ ਰੱਦ ਕੀਤਾ ਸੀ। ਦੇਸ਼ 'ਤੇ ਕਾਬਜ਼ ਰਾਜਸੀ ਪ੍ਰਬੰਧ ਨੇ ਬੁਰਜੂਆ ਸੰਕਲਪਾਂ ਪ੍ਰਤੀ ਚਿੜ ਪੈਦਾ ਕਰ ਦਿੱਤੀ ਸੀ । ਪੂਰਵ ਨਕਸਲਬਾੜੀ ਕਾਵਿ ਵਿਚ

ਸਮਾਜਵਾਦ, ਸ਼ਾਂਤੀ, ਕੌਮੀ ਏਕਤਾ, ਜਮਹੂਰੀਅਤ ਆਦਿ ਹਾਂ ਪੱਖੀ ਢੰਗ ਨਾਲ ਚਿਤਰਿਤ ਹੋਏ ਸਨ ਪਰ ਨਕਸਲਬਾੜੀ ਕਵੀਆਂ ਨੇ ਇਨ੍ਹਾਂ ਸੰਕਲਪਾਂ ਦੇ ਪਰਖੱਚੇ ਉਡਾ ਦਿੱਤੇ। ਕਵੀ ਸ਼ਾਂਤੀ ਦੀ ਥਾਂ ਯੁੱਧ ਨੂੰ ਇਉਂ ਤਰਜੀਹ ਦਿੰਦਾ ਹੈ :

ਸ਼ਾਂਤੀ ਮੰਗਣ ਦਾ ਅਰਥ

ਯੁੱਧ ਨੂੰ ਜਲੀਲਤਾ ਦੀ ਪੱਧਰ 'ਤੇ ਲੜਨਾ ਹੈ

ਸ਼ਾਂਤੀ ਕਿਤੇ ਨਹੀਂ ਹੁੰਦੀ

ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ '।ਪਾਸ਼ ਨੇ ਹਥਿਆਰਬੰਦ ਕ੍ਰਾਂਤੀ ਦੇ ਨਾਲੋ ਨਾਲ ਸਭਿਆਚਾਰਕ ਸਮਾਜਿਕ ਖੇਤਰਾਂ ਵਿਚ ਤਬਦੀਲੀ ਲਿਆਉਣ ਦੀ ਲੋੜ 'ਤੇ ਜ਼ੋਰ ਦਿੱਤਾ। ਪਾਸ਼ ਦੀਆਂ ਕਵਿਤਾਵਾਂ ਵਿਚ, ਸਮਕਾਲੀ ਨਕਸਲਬਾੜੀ ਕਵੀਆਂ ਦੀਆਂ ਕਵਿਤਾਵਾਂ ਵਿਚ ਪੇਸ਼ ਸਵੈ-ਕੁਰਬਾਨੀ ਦੇ ਜਜ਼ਬਿਆਂ ਦੀ ਥਾਂ ਜ਼ਿੰਦਗੀ ਦਾ ਮੋਹ ਵੀ ਚਿਤਰਿਤ ਹੋਇਆ ਹੈ। ਉਸ ਨੇ ਸਵੈ-ਪੜਚੋਲ ਦੀਆਂ ਕਵਿਤਾਵਾਂ ਵੀ ਲਿਖੀਆਂ ਜਿਨ੍ਹਾਂ ਵਿਚੋਂ ਕਾਮਰੇਡ ਨਾਲ ਗੱਲਬਾਤ ਪ੍ਰਮੁੱਖ ਹੈ। ਉਸ ਨੂੰ ਆਪਣੀ ਲੜੀ ਲੜਾਈ ਦਾ ਅਫਸੋਸ ਨਹੀਂ ਸੀ। ਉਹ ਸਿਰਫ ਆਪਣੀ ਹਾਰ ਪ੍ਰਤੀ ਚੇਤੰਨ ਹੈ। ਉਸ ਦਾ ਸਮਾਜਵਾਦ ਦੀ ਅੰਤਿਮ ਜਿੱਤ ਵਿਚ ਵਿਸ਼ਵਾਸ ਕਾਇਮ ਰਹਿੰਦਾ ਹੈ। ਉਹ ਲੜਨ ਦੀ ਲੋੜ ਨੂੰ ਇਤਿਹਾਸਕ ਗਤੀ ਦੇ ਅਟੱਲ ਹਾਦਸੇ ਵਜੋਂ ਪੇਸ਼ ਕਰਦਾ ਹੈ।' (ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ, ਪੰਨਾ 191)

ਯੁੱਧ ਪਾਸ਼ ਦੀ ਕਵਿਤਾ ਦਾ ਕੇਂਦਰੀ ਥੀਮ ਹੈ। ਇਹ ਉਸ ਦੀ ਹਰ ਕਵਿਤਾ ਵਿੱਚ ਇਕ ਖਾਮੋਸ਼ ਪ੍ਰੇਰਨਾ ਦੇ ਰੂਪ ਵਿੱਚ ਹਾਜ਼ਰ ਰਹਿੰਦਾ ਹੈ। ਇਹ ਯੁੱਧ ਉਸਦੇ ਸਵੈ ਨਾਲ ਵੀ ਹੈ ਅਤੇ ਉਹਨਾਂ ਫਾਸ਼ੀਵਾਦੀ ਸ਼ਕਤੀਆਂ ਨਾਲ ਵੀ ਹੈ ਜਿਹੜੀਆਂ ਯੁੱਗ ਪ੍ਰਸਥਿਤੀਆਂ ਨੂੰ ਤਾਕਤਵਰ ਧਿਰਾਂ ਦੇ ਹੱਕ ਵਿੱਚ ਬਣਾਈ ਰੱਖਣਾ ਚਹੁੰਦੀਆਂ ਹਨ। ਇਸੇ ਲਈ ਹੀ ਉਹ ਯੁੱਧ ਦੀ ਅਨਿਵਾਰਤਾ ਉਪਰ ਜੋਰ ਦਿੰਦਾ ਹੈ:

ਲਈ ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ ਸਿਆੜ ਹੁਣ ਵੀ ਵਗਦੇ ਨੇ, ਚੀਕਦੀ ਧਰਤੀ 'ਤੇ ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ ਹੈ: ਸਵਾਲ ਦੇ ਮੌਰਾਂ 'ਤੇ ਚੜ੍ਹ ਕੇ ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ

ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਤਦ ਤੱਕ

ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤਕ

ਬੱਕਰੀਆਂ ਦਾ ਮੂਤ ਪੀਂਦਾ ਹੈ

ਅਸੀਂ ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ

ਜਦੋਂ ਤਕ ਵਾਹੁਣ ਵਾਲੇ ਆਪ ਨਹੀਂ ਸੁੰਘਦੇ

ਕਿ ਸੁੱਜੀਆਂ ਅੱਖੀਆਂ ਵਾਲੀ

ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤਕ

ਜੰਗ 'ਚੋਂ ਪਰਤ ਨਹੀਂ ਆਉਂਦਾ

(ਅਸੀਂ ਲੜਾਂਗੇ ਸਾਥੀ)

ਪਾਸ਼ ਜੀਵਨ ਦੀਆਂ ਤਲਖ ਹਕੀਕਤਾਂ ਦਾ ਸਹਮਣਾ ਕਰਨ ਲਈ ਲੋਕਾਂ ਵਿੱਚ ਚੇਤਨਾ ਭਰੀ ਵੰਗਾਰ ਪੈਦਾ ਕਰਦਾ ਹੈ। ਉਹ ਦੱਬੇ ਕੁਚਲੇ ਲੋਕਾਂ, ਗ਼ਰੀਬਾਂ, ਦਲਿਤਾਂ ਅਤੇ ਕਿਸਾਨਾ ਅੰਦਰ ਰੋਹ ਪੈਦਾ ਕਰਦਾ ਹੈ। ਉਹ ਚਹੁੰਦਾ ਹੈ ਕਿ ਹਰ ਮਨੁੱਖ ਜ਼ਿੰਦਗੀ ਸ਼ਾਨ ਨਾਲ ਜਿਉਂ ਸਕਣ ਦੇ ਯੋਗ ਹੋਵੇ। ਇਸ ਲਈ ਉਹ ਸੰਘਰਸ਼ ਦਾ ਸੱਦਾ ਦਿੰਦਾ ਹੈ ਤੇ ਤਾਕਤਵਰ ਧਿਰਾਂ ਨੂੰ ਚੇਤਾਵਨੀ ਦੇ ਲਹਿਜੇ ਵਿੱਚ ਕਹਿੰਦਾ ਹੈ:

ਕਿਉਂ ਜਕਦੇ ਹੋ ਆਓ ਉੱਠੀਏ, ਲਹਿਰਾਂ ਵਾਂਗੂੰ ਵਧੀਏ

ਇਨ੍ਹਾਂ ਮਗਰਾਂ ਦੇ ਦੰਦ ਭੰਨ ਸੁੱਟੀਏ ਪਰਤ ਜਾਈਏ, ਮੁੜ ਉੱਠੀਏ

ਤੇ ਜੋ ਇਨ੍ਹਾਂ ਮੱਛਾਂ ਦੀ ਰਾਖੀ ਕਰਦਾ ਹੈ, ਹੁਕਮ ਦੇਣ ਲਈ

ਇਸ ਪਿਲਪਿਲੇ ਚਿਹਰੇ ਦਾ ਮੂੰਹ ਖੁੱਲ੍ਹਣ ਤੋਂ ਪਹਿਲਾਂ

ਉਸ ਵਿੱਚ ਬੰਦੂਕ ਦੀ ਨਾਲੀ ਤੁੰਨ ਦੇਈਏ।

ਉਸ ਦੀਆਂ ਕਵਿਤਾਵਾਂ 'ਲੋਹਾ' ਅਤੇ 'ਹੱਥ' ਵਿੱਚ ਲੋਹੜੇ ਦਾ ਬਗਾਵਤੀ ਅੰਦਾਜ਼ ਦੇਖਿਆ ਜਾ ਸਕਦਾ ਹੈ ਜਿਹੜਾ ਜ਼ਿੰਦਗੀ ਦੀ ਸ਼ਾਨ ਲਈ ਸਭ ਬੱਧਨਾ ਨੂੰ ਤੋੜ ਸੁੱਟਣ ਦਾ ਸੱਦਾ ਦਿੰਦਾ ਹੈ:

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ ਮੇਰੇ ਕੋਲ ਲੋਹੇ ਦੀ ਬੰਦੂਕ ਹੈ

ਮੈਂ ਲੋਹਾ ਖਾਧਾ ਹੈ

ਤੁਸੀਂ ਲੋਹੇ ਦੀ ਗੱਲ ਕਰਦੇ ਹੋ।

ਇੰਜ ਹੀ ਕਵਿਤਾ 'ਹੱਥ' ਵਿਚ:

ਹੱਥ ਜੇ ਹੋਣ ਤਾਂ

ਹੀਰ ਦੇ ਹੱਥੋਂ ਚੂਰੀ ਫੜਨ ਲਈ ਹੀ ਨਹੀਂ ਹੁੰਦੇ ਸੈਦੇ ਦੀ ਜਨੇਤ ਡੱਕਣ ਲਈ ਵੀ ਹੁੰਦੇ ਹਨ

ਕੈਦੋਂ ਦੀਆਂ ਵੱਖੀਆਂ ਤੋੜਨ ਲਈ ਵੀ ਹੁੰਦੇ ਹਨ। ਲੋਟੂ ਹੱਥਾਂ ਨੂੰ ਮਰੋੜਨ ਲਈ ਵੀ ਹੁੰਦੇ ਹਨ।

ਪਾਸ਼ ਦੱਬੇ, ਕੁਚਲੇ, ਦਲਿਤ ਤੇ ਸ਼ੋਸ਼ਿਤ ਵਰਗ ਦੇ ਲੋਕਾਂ ਨੂੰ ਸ਼ਾਨ ਨਾਲ ਜ਼ਿੰਦਗੀ ਜੀਣ ਲਈ ਜਾਗਰੂਕ ਕਰਦਾ ਹੈ। ਉੱਪਰਲਾ ਪੂੰਜੀਵਾਦੀ ਤਬਕਾ/ਵਰਗ ਜਿਹੜਾ ਹਰ ਪ੍ਰਕਾਰ ਦੇ ਵਿਭਚਾਰ, ਲੁੱਟ-ਖਸੁੱਟ ਤੇ ਚੱਮ ਖੁਸ਼ੀਆ ਦਾ ਭਾਗੀਦਾਰ ਬਣ ਗਿਆ ਹੈ ਨੂੰ ਧਿਰਕਾਰਦਾ ਹੈ। ਉਹ ਉਪਰਲੀ ਮੱਧ ਸ਼੍ਰੇਣੀ ਨਾਲੋਂ ਟੁੱਟ ਕੇ ਪੇਂਡੂ ਲੋਕਾਂ ਦੇ ਜੀਵਨ ਯਥਾਰਥ ਦੀ ਕ੍ਰਾਂਤੀਕਾਰੀ ਪੇਸ਼ਕਾਰੀ ਕਰਦਾ ਹੈ:

ਮੇਰੇ ਤੋਂ ਆਸ ਨਾ ਕਰਿਓ ਕਿ

ਮੈਂ ਖੇਤਾਂ ਦਾ ਪੁੱਤ ਹੋ ਕੇ

ਤੁਹਾਡੇ ਚਗਲੇ ਹੋਏ ਸਵਾਦਾਂ ਦੀ ਗੱਲ ਕਰਾਂਗਾ ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ

ਸਾਡੇ ਬੱਚਿਆਂ ਦੀ ਤੋਤਲੀ ਕਵਿਤਾ

ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

ਮੈਂ ਤਾਂ ਜਦ ਵੀ ਕੀਤੀ ਖਾਦ ਦੇ ਘਾਟੇ

ਕਿਸੇ ਗਰੀਬੜੀ ਦੀ ਹਿੱਕ ਵਾਂਗੂ ਪਿਚਕ ਗਏ ਗੰਨਿਆਂ ਦੀ ਹੀ ਗੱਲ ਕਰਾਂਗਾ

ਮੈਂ ਦਲਾਨ ਦੇ ਖੂੰਜੇ ਪਈ ਸੌਣੀ ਦੀ ਫ਼ਸਲ

ਤੇ ਦਲਾਨ ਦੇ ਬੂਹੇ ਤੇ ਖੜੇ ਸਿਆਲ ਦੀ ਗੱਲ ਕਰਾਂਗਾ

('ਲੜਾਂਗੇ ਸਾਥੀ' ਵਿਚੋਂ)

ਪਾਸ਼ ਉਪਰਲੇ ਵਰਗ ਦੁਆਰਾ ਪੁਲਿਸ, ਪੈਸਾ ਅਤੇ ਹਾਕਮਾਂ ਦੀ ਮਿਲੀ ਭੁਗਤ ਨਾਲ, ਨਿਆਂ ਤੇ ਅਨਿਆਂ, ਦੇਸ਼ ਪ੍ਰੇਮ ਤੇ ਦੇਸ਼-ਧਰੋਹ, ਪ੍ਰਗਤੀ ਤੇ ਗੱਦਾਰੀ ਦਾ ਲੇਬਲ ਬਦਲੇ ਜਾਣ ਦੇ ਯਥਾਰਥ ਤੋਂ ਪੂਰੀ ਤਰ੍ਹਾਂ ਜਾਣੂ ਹੈ। ਪਾਸ਼ ਨੂੰ ਸਮਕਾਲੀ ਜੀਵਨ ਸਥਿਤੀਆਂ ਦੇ ਯਥਾਰਥ ਦਾ ਡੂੰਘਾ ਅਨੁਭਵ ਹੈ। ਉਹ ਪੇਂਡੂ ਪੰਜਾਬੀ ਬੰਦੇ ਦੀ ਜ਼ਿੰਦਗੀ ਦੇ ਨਿੱਕੇ ਤੋਂ ਨਿੱਕੇ ਵੇਰਵੇ ਤੋਂ ਵਾਕਫ਼ ਹੈ। ਉਸ ਨੇ ਖੁਦ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਦਾ ਸਾਹਮਣਾ ਕੀਤਾ ਹੈ। ਉਹ ਜਮਾਤੀ ਸਮਾਜ ਦੀ ਗੈਰਬਰਾਬਰੀ ਵਾਲੀ ਸਮਾਜਿਕ ਸੰਰਚਨਾ ਤੋਂ ਜਾਣੂ ਹੈ। ਇਸ ਲਈ ਉਹ ਸਮਕਾਲੀ ਸਮਾਜਿਕ ਪ੍ਰਬੰਧ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਆਲੋਚਨਾਤਮਿਕ ਢੰਗ ਨਾਲ ਨਜਿੱਠਦਾ ਹੈ। ਉਸਨੇ ਆਪਣੇ ਕਾਵਿ ਅਨੁਭਵ ਨੂੰ ਸਭਿਆਚਾਰਕ ਚੌਖਟੇ ਵਿਚ ਰੱਖ ਕੇ ਪੇਂਡੂ ਪੰਜਾਬੀ ਮੁਹਾਵਰੇ ਵਿਚ ਮਾਨਵੀ ਸੰਵੇਦਨਾ ਸਹਿਤ ਪ੍ਰਸਤੁਤ ਕੀਤਾ ਹੈ। ਸਮੁੱਚੇ ਭਾਰਤੀ ਸਭਿਆਚਾਰਕ ਪ੍ਰਬੰਧ ਨੂੰ ਉਹ ਜਮਾਤੀ ਦ੍ਰਿਸ਼ਟੀ ਤੋਂ ਉਪਜੀ ਮੰਨਦਾ ਹੈ ਅਤੇ ਇਸਨੂੰ ਇਸੇ ਨਜ਼ਰੀਏ ਦੇਖਦਾ ਹੈ। ਇਹ ਯਥਾਰਥ ਉਸਦੀ ਕਵਿਤਾ ਵਿੱਚ ਜਮਾਤੀ ਨਾਬਰਾਬਰੀ ਦੇ ਟਕਰਾਉ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ:

ਭਾਰਤ

ਮੇਰੇ ਸਤਿਕਾਰ ਦਾ ਸਭ ਤੋਂ ਮਹਾਨ ਸ਼ਬਦ

ਜਿਥੇ ਕਿਤੇ ਵੀ ਵਰਤਿਆ ਜਾਵੇ

ਬਾਕੀ ਸਾਰੇ ਸ਼ਬਦ ਅਰਥਹੀਣ ਹੋ ਜਾਂਦੇ ਹਨ। ਇਸ ਸ਼ਬਦ ਦੇ ਭਾਵ

ਖੇਤਾਂ ਦੇ ਉਹਨਾਂ ਪੁੱਤਰਾਂ ਤੋਂ ਹਨ

ਜਿਹੜੇ ਅੱਜ ਵੀ ਰੁੱਖਾਂ ਦੇ ਪਰਛਾਵਿਆਂ ਨਾਲ ਵਕਤ ਮਿਣਦੇ ਹਨ।

ਜਦ ਕੋਈ ਸਮੁੱਚੇ ਭਾਰਤ ਦੀ

ਕੌਮੀ ਏਕਤਾ ਦੀ ਗੱਲ ਕਰਦਾ ਹੈ

ਤਾਂ ਮੇਰਾ ਚਿੱਤ ਕਰਦਾ ਹੈ

ਉਹਦੀ ਟੋਪੀ ਹਵਾ ਵਿਚ ਉਛਾਲ ਦੇਵਾਂ

('ਲੜਾਂਗੇ ਸਾਥੀ)

ਪਾਸ਼ ਨੇ ਆਪਣੀ ਕਵਿਤਾ ਵਿੱਚ ਨਾਰੀ ਜੀਵਨ ਦੇ ਵਿਭਿੰਨ ਸਰੋਕਾਰਾਂ ਨੂੰ ਸਮਾਜਿਕ ਸਭਿਆਚਾਰਕ ਪਿਛੋਕੜ ਦੇ ਸਮੁੱਚੇ ਪਾਸਾਰਾਂ, ਵਰਜਣਾਵਾਂ ਅਤੇ ਸੀਮਾਵਾਂ ਦੇ ਪਰਿਪੇਖ ਵਿੱਚ ਪੇਸ਼ ਕੀਤਾ ਹੈ। ਉਹ ਸਾਡੇ ਸਭਿਆਚਾਰ ਦੀਆਂ

ਜਗੀਰੂ ਕਦਰਾਂ ਕੀਮਤਾਂ ਨੂੰ ਕਾਟੇ ਹੇਠ ਕਰਦਾ ਹੈ। ਉਹ ਨਾਰੀ ਜੀਵਨ ਦੀ ਲਾਚਾਰੀ, ਬੇਬਸੀ, ਬੇਰੁਖੀ ਨੂੰ ਮਹੀਨ ਦ੍ਰਿਸ਼ਟੀ ਅਤੇ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਪਰ ਸੰਵੇਦਨਸ਼ੀਲਤਾ ਨਾਲ ਪੇਸ਼ ਕਰਦਾ ਹੈ। ਉਹ ਆਪਣੀ ਕਵਿਤਾ ਵਿੱਚ ਸਾਡੀ ਸਮਾਜਿਕ ਸਭਿਆਚਾਰਕ ਪਰੰਪਰਾ ਨੂੰ ਨਵੇਂ ਸਮਾਜਿਕ ਪ੍ਰਸੰਗ ਵਿੱਚ ਪੁਨਰ ਪਰਿਭਾਸ਼ਿਤ ਕਰਦਾ ਹੈ। ਸਾਡੇ ਬੰਦ ਸਮਾਜਿਕ ਪ੍ਰਬੰਧ ਵਿੱਚ ਔਰਤ ਦੀ ਸਥਿਤੀ ਅਤੇ ਸੰਵੇਦਨਾ ਨੂੰ ਪ੍ਰਸਤੁਤ ਕਰਦਾ ਕਹਿੰਦਾ ਹੈ:

ਚਿੜੀਆਂ ਦਾ ਚੰਬਾ ਉਡ ਕੇ ਕਿਤੇ ਨਹੀਂ ਜਾਏਗਾ

ਐਥੇ ਹੀ ਉਰੇ ਪਰੇ ਬੰਨਿਆ ਤੇ ਘਾਹ ਖੋਤੇਗਾ।

ਪਾਸ਼ ਕੋਲ ਕਿਸਾਨੀ ਜੀਵਨ ਦਾ ਡੂੰਘਾ ਅਨੁਭਵ ਹੈ। ਉਸਦੀ ਕਾਵਿ ਸੰਵੇਦਨਾ ਵਿੱਚ ਕਿਸਾਨੀ ਜੀਵਨ ਨਾਲ ਸਬੰਧਿਤ ਵੇਰਵੇ ਭਰਪੂਰ ਰੂਪ ਵਿੱਚ ਮਿਲਦੇ ਹਨ। ਉਸਦੀ ਕਵਿਤਾ ਵਿੱਚ ਕਿਸਾਨੀ ਜੀਵਨ ਯਥਾਰਥ ਅਤੇ ਕਿਸਾਨੀ ਜੀਵਨ ਨਾਲ ਸਬੰਧਿਤ ਮੌਲਿਕ ਬਿੰਬਾਵਲੀ ਪ੍ਰਸਤੁਤ ਹੋਈ ਹੈ::

ਰੋਜ਼ ਹੀ ਬਲਦਾਂ ਦਿਆਂ ਬੁੱਟਾਂ 'ਚ ਤਰਦਾ ਹੈ।

ਤੂੜੀ ਦੇ ਮੋਟੇ ਟੰਡਲਾਂ ਦਾ ਸਹਿਮਿਆ ਸੁਆਦ

ਜਿਵੇਂ ਬਿਮਾਰੀ ਨਾਲ ਮਰੀ ਹੋਈ

ਪਾਲਤੂ ਕੁਕੜੀ ਦੀ ਦਾਲ ਸੰਘ 'ਚ ਫਸਦੀ ਹੈ।

ਡਾ. ਰਾਜਿੰਦਰ ਪਾਲ ਸਿੰਘ ਬਰਾੜ ਦੇ ਅਨੁਸਾਰ,'ਪਾਸ਼ ਵੱਲੋਂ ਵਰਤੇ ਗਏ ਤਕਰੀਬਨ ਸਾਰੇ ਬਿੰਬਾਂ ਤੋਂ ਇਕ ਗੱਲ ਸਪਸ਼ਟ ਰੂਪ ਵਿਚ ਉਜਾਗਰ ਹੁੰਦੀ ਹੈ ਕਿ ਉਸ ਨੇ ਜੋ ਬਿੰਬ ਚੁਣੇ ਹਨ, ਉਹ ਉੱਚ ਸ਼੍ਰੇਣੀ ਦੇ ਅਨੁਭਵ ਅਧੀਨ ਆਉਂਦੇ ਹੀ ਨਹੀਂ। ਉਹ ਕਿਸਾਨ ਮਜ਼ਦੂਰ ਸ਼੍ਰੇਣੀ ਦੇ ਖੇਤਰ ਦੀ ਵਸਤ ਹੈ। ਪਾਸ਼ ਦੀ ਕਾਵਿ-ਸ਼ੈਲੀ ਦਾ ਖਰਵਾਪਣ ਵੀ ਨਿਵੇਕਲਾਪਣ ਰੱਖਦਾ ਹੈ। ਇਹ ਖਰਵਾਪਣ ਉਸ ਦੀ ਪ੍ਰਚੰਡ ਜਮਾਤੀ ਨਫਰਤ ਵਿਚੋਂ ਉਗਮਦਾ ਹੈ। ਵੈਸੇ ਕਵਿਤਾ ਦਾ ਆਮ ਗੁਣ ਮਧੁਰਤਾ ਮੰਨਿਆ ਜਾਂਦਾ ਹੈ ਪਰ ਪਾਸ਼ ਨੇ ਪ੍ਰਚੰਡ ਗੁੱਸੇ ਅਧੀਨ ਖਰਵੇਪਣ ਨੂੰ ਅਪਣਾਇਆ ਤੇ ਸਥਾਪਤ ਪ੍ਰਤੀਮਾਨਾਂ ਤੋਂ ਵਿਪਥਨ ਕਾਰਨ ਹੀ ਪਾਸ਼ ਦੀ ਕਾਵਿ-ਸ਼ੈਲੀ ਪਰੰਪਰਿਕ ਪ੍ਰਗਤੀਵਾਦੀ ਕਵੀਆਂ ਤੋਂ ਭਿੰਨ ਹੋ ਜਾਂਦੀ ਹੈ। ਪਾਸ਼ ਨੇ ਨਵੇਂ ਸ਼ਬਦਾਂ ਨੂੰ ਕਾਵਿ ਭਾਸ਼ਾ ਵਿਚ ਦਾਖ਼ਲ ਕੀਤਾ। ਭ੍ਰਿਸ਼ਟ-ਰਾਜਸੀ ਪ੍ਰਬੰਧ ਦੇ ਪੁਰਜਿਆਂ ਪ੍ਰਤੀ ਕਵੀ ਦੀ ਜਮਾਤੀ ਨਫਰਤ, ਉਨ੍ਹਾਂ ਲਈ ਨਵੇਂ ਵਿਸ਼ੇਸ਼ਣੀ ਸ਼ਬਦਾਂ ਦੀ ਘਾੜਤ ਘੜਦੀ ਹੈ, ਜਿਵੇਂ ਲਾਲ ਪਗੜੀਆਂ ਵਾਲੇ ਆਲੋਚਕ, ਕਿਰਚ ਮੂੰਹੇ ਮੁਨਸ਼ੀ ਹੁਕਮਰਾਨ ਔਰਤ, ਮੀਸਣਾ ਪਾਇਲਟ ਆਦਿ। ਪਾਸ਼ ਨੇ ਸਥਾਪਤੀ ਵਿਰੋਧ ਨੂੰ ਕਿਸਾਨੀ ਪਿਛੋਕੜ ਵਿਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਉਸ ਦੇ ਕਾਵਿ ਬਿੰਬਾਂ ਵਿਚ ਅਹਿੰਸਾ ਗਿਲਾਜ਼ਤ ਅਤੇ ਹਿੰਸਾ ਕੋਮਲ ਲੱਗਦੀ ਹੈ।' (ਉਹੀ-192)

ਪਾਸ਼ ਦਾ ਕ੍ਰਾਂਤੀ ਦੀ ਲਈ ਜੁਝਾਰਵਾਦੀ ਭਾਵਨਾ ਵਿੱਚ ਪੂਰਨ ਵਿਸ਼ਵਾਸ਼ ਹੈ.......ਮਾਨਵ-ਵਿਰੋਧੀ ਵਿਵਸਥਾ ਦੇ ਪ੍ਰਤੀਕ ਹਨ, ਜਿਨ੍ਹਾਂ ਵਿਰੁੱਧ ਉਹ ਘਿਰਨਾ ਨਾਲ ਨੱਕ ਨੱਕ ਭਰਿਆ ਪਿਆ ਹੈ। ਨਕਸਲਵਾਦ ਦੀ ਪ੍ਰਚੰਡ ਜੁਝਾਰੂ ਭਾਵਨਾ ਅਨੁਸਾਰ ਉਹ, ਆਪਣੀ ਜਿੱਤ ਦੇ ਵਿਸ਼ਵਾਸ ਵਿਚ, ਇਹਨਾਂ ਉਤੇ ਹੱਲਾ ਬੋਲਣ ਦੀ ਤਿਆਰੀ ਕਰਦਾ ਹੈ:

ਦੇਖਿਓ ਹੁਣ ਇਹ ਸੁੱਕੀ ਰੋਟੀ ਗੰਢੇ ਨਾਲ ਚਬਾਵਣ ਵਾਲੇ ਤੁਹਾਡੇ ਸ਼ਹਿਰ ਦੇ ਸੜਕਾਂ ਕਮਰੇ ਨਿਗਲ ਜਾਣ ਲਈ ਆਣ ਪੁਹੰਚੇ ਹਨ (ਗਲੇ ਸੜੇ ਫੁੱਲਾਂ ਦੇ ਨਾਂ)

ਤੁਸੀਂ ਜਿਸ ਦੇ ਆਦੀ ਹੋ

ਇਹ ਸੁਫ਼ਨਿਆਂ ਭਰੀ ਉਹ ਰਾਤ ਨਹੀਂ

ਇਹ ਰਾਤ ਹਨ੍ਹੇਰੇ ਦਾ ਖ਼ੂਨ ਕਰਕੇ

ਪੂਰਬ ਵਲ ਨੂੰ ਤੁਰੀ ਜਾਂਦੀ ਵਹਿਸ਼ੀ ਕੁੜੀ ਹੈ।

(ਪ੍ਰਤਿਗਿਆ)

ਇਸ ਵਾਰ ਪਾਪ ਦੀ ਜੰਵ ਬੜੀ ਦੂਰੋਂ ਆਈ ਹੈ

ਪਰ ਅਸਾਂ ਬੇਰੰਗ ਮੋੜ ਦੇਣੀ ਹੈ

ਅਸੀਂ ਲੋਹੇ ਦੇ ਪਾਣੀ ਦੀ ਵਰਖਾ ਕਰਨ ਲੱਗੇ ਹਾਂ

(ਸ਼ਰਧਾਂਜਲੀ)

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ

ਮੇਰੇ ਕੋਲ ਲੋਹੇ ਦੀ ਬੰਦੂਕ ਹੈ

(ਲੋਹਾ)

ਵਕਤ ਆ ਗਿਆ ਹੈ ਵਿਚਾਰਾਂ ਦੀ ਲੜਾਈ ਮੱਛਰਦਾਨੀ ਵਿਚੋਂ ਬਾਹਰ ਹੋ ਕੇ ਲੜੀਏ

(ਵੇਲਾ ਆ ਗਿਆ)

ਤੁਸਾਂ ਮੈਨੂੰ ਕੁਝ ਹੱਕ ਬਖ਼ਸ਼ੇ ਹਨ

ਘਰ ਤੋਂ ਜਲਾਵਤਨੀ ਦਾ

ਰੋਟੀ ਲਈ ਮਿੱਟੀ ਹੋਣ ਦਾ

ਮਹਿਬੂਬ ਦੇ ਗ਼ਮਾਂ 'ਚ ਦੀਦੇ ਖੋਣ ਦਾ...

ਪਰ ਇਕ ਹੱਕ ਹੋਰ ਹੁੰਦਾ ਹੈ

ਜੋ ਬਖਸ਼ਿਆ ਨਹੀਂ ਸਿਰਫ਼ ਖੋਹਿਆ ਜਾਂਦਾ ਹੈ

(ਦਾਨ)

ਮੈਂ ਹੁਣ ਖ਼ੂਬਸੂਰਤ ਪੈਡ ਲੂਹ ਦਿੱਤੇ ਹਨ

ਤੇ ਕਲਮ ਨੂੰ ਸੰਗੀਨ ਲਾ ਕੇ

ਜੇਲ੍ਹ ਦੀਆਂ ਕੰਧਾਂ 'ਤੇ ਲਿਖਣਾ ਲੋਚਦਾ ਹਾਂ

(ਖ਼ੂਬਸੂਰਤ ਪੈਡ ਕੰਧਾਂ ਜੇਲ੍ਹ ਦੀਆਂ)

ਇਉਂ ਪਾਸ਼ ਦੀ ਦ੍ਰਿਸ਼ਟੀ ਸਪੱਸ਼ਟ ਅਤੇ ਬਹੁਪਰਿਪੇਖੀ ਸੀ। ਉਹ ਚੀਜ਼ਾਂ, ਵਸਤਾਂ, ਵਰਤਾਰਿਆਂ ਅਤੇ ਕਿਰਦਾਰਾਂ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਦੇਖਦਾ ਹੈ। ਉਹ ਹਥਿਆਰਬੰਦ ਤਰੀਕੇ ਨਾਲ ਰਾਜਨੀਤਿਕ ਕ੍ਰਾਂਤੀ ਦੇ ਨਾਲ ਨਾਲ ਸਭਿਆਚਾਰਕ ਅਤੇ ਸਮਾਜਿਕ ਕ੍ਰਾਂਤੀ ਦਾ ਵੀ ਹਾਮੀ ਹੈ। ਉਸਦੀ ਮਹੀਨ ਦ੍ਰਿਸ਼ਟੀ ਤੋਂ ਕੋਈ ਵੀ ਨਾਬਰਾਬਰੀ ਵਾਲਾ ਵਰਤਾਰਾ ਬਚ ਨਹੀਂ ਸਕਿਆ ਹੈ। ਉਹ ਨਕਸਲਬਾੜੀ ਲਹਿਰ ਦਾ ਸਿਧਾਂਤਕਾਰ ਹੀ ਨਹੀਂ ਸੀ ਸਗੋਂ ਇਸ ਲਹਿਰ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਉਸਦੀ ਰਚਨਾਂ ਵਿੱਚ ਮੌਜੂਦ ਹਨ। ਇਸੇ ਲਈ ਹੀ ਪਾਸ਼ ਨੂੰ ਨਕਸਲਬਾੜੀ ਲਹਿਰ ਦਾ ਝੰਡਾ ਬਰਦਾਰ ਕਿਹਾ ਜਾਂਦਾ ਹੈ।

**'ਸਾਡੇ ਸਮਿਆਂ ਵਿੱਚ' ਕਾਵਿ ਸੰਗ੍ਰਹਿ ਦੀ ਵਿਚਾਰਧਾਰਾ/ ਕਲਾਤਮਿਕਤਾ/ ਸਹਿਤਕ ਮਹੱਤਵ/ ਪਾਸ਼ ਦੀ ਪੰਜਾਬੀ ਕਵਿਤਾ ਨੂੰ ਦੇਣ**

ਪਾਸ਼ ਆਧੁਨਿਕ ਪੰਜਾਬੀ ਕਵਿਤਾ ਦਾ ਸਭ ਤੋਂ ਵੱਧ ਪੜ੍ਹਿਆ ਅਤੇ ਸਲਾਹਿਆ ਜਾਣ ਵਾਲਾ ਕਵੀ ਹੈ। ਉਹ ਬੁਨਿਆਦੀ ਤੌਰ ਤੇ ਭਾਵੇਂ ਕਵੀ ਸੀ ਪਰ ਉਹ ਸਿਰਫ ਕਵੀ ਨਹੀਂ ਸੀ। ਉਹ ਯੁੱਗ ਚੇਤਨਾ ਨਾਲ ਲੈੱਸ ਇਕ ਕ੍ਰਾਂਤੀਕਾਰੀ ਯੋਧਾ ਅਤੇ ਵਿਚਾਰਧਾਰਾਕ ਤੌਰ ਤੇ ਚਿੰਤਨਸ਼ੀਲ ਲੋਕਾਂ ਦੀ ਨੁਮਾਇੰਦਗੀ ਕਰਨ ਵਾਲਾ ਸੁਜੱਗ ਵਿਅਕਤੀ ਸੀ।

ਪਾਸ਼ ਦੀ ਵਿਚਾਰਧਾਰਕ ਪ੍ਰਤਿਬੱਧਤਾ ਦੱਬੇ ਕੁਚਲੇ, ਗਰੀਬਾਂ, ਮਜ਼ਦੂਰਾਂ, ਕਿਸਾਨਾਂ ਅਤੇ ਹਾਸ਼ੀਆਕ੍ਰਿਤ ਲੋਕਾਂ ਨਾਲ ਹੈ। ਉਹ ਇਹਨਾਂ ਲੋਕਾਂ ਦੇ ਬਿਹਤਰ ਭਵਿੱਖ ਲਈ ਤਾਉਮਰ ਲੜਨ ਦੀ ਦ੍ਰਿੜਤਾ ਰਖਦਾ ਸੀ। ਇਸੇ ਲਈ ਹੀ

ਉਹ ਜ਼ਿੰਦਗੀ ਜਿਉਣ ਦਾ ਵੱਖਰਾ ਸਲੀਕਾ ਤਲਾਸ਼ ਕਰਨ ਲਈ ਸੰਘਰਸ਼ ਕਰਨ ਦੀ ਪ੍ਰੇਰਨਾ ਦਾ ਸੰਚਾਰ ਕਰਦਾ ਹੈ। ਪਾਸ਼ ਯੁੱਗ ਤਬਦੀਲੀ ਦੀ ਚਾਹਨਾ ਰੱਖਣ ਵਾਲਾ ਸ਼ਾਇਰ ਹੈ।

ਪਾਸ਼ ਜ਼ਿੰਦਗੀ ਨੂੰ ਰੱਜ ਕੇ ਜਿਉਣ ਦੀ ਲੋਚਾ ਰਖਦਾ ਹੈ ਪਰ ਜ਼ਿੰਦਗੀ ਨੂੰ ਜਿਉਣ ਯੋਗਾ ਬਣਾਉਣ ਲਈ ਸਭ ਕੁਝ ਦਾਅ ਤੇ ਲਾਉਣ ਲਈ ਵੀ ਤਿਆਰ ਹੈ। ਇਸ ਲਈ ਜ਼ਿੰਦਗੀ, ਸਮਾਜਿਕ ਅਵਸਥਾ, ਕਲਾ ਲਈ ਵਿਚਾਰਧਾਰਕ ਪ੍ਰਤਿਬੱਧਤਾ ਅਤੇ ਸਪੱਸ਼ਟਤਾ ਦੀ ਗੱਲ ਕਰਦਾ ਹੈ:

ਅਸੀਂ ਐਵੇਂ ਮੁੱਚੀ ਦਾ ਕੁਝ ਨਹੀਂ ਚਾਹੁੰਦੇ ਜਿਸ ਤਰ੍ਹਾਂ ਸਾਡੇ ਡੌਲਿਆਂ ਵਿਚ ਖੱਲੀਆ ਹਨ, ਜਿਸ ਤਰ੍ਹਾਂ ਬਲਦਾਂ ਦੀ ਪਿੱਠ ਤੇ ਉਭਰੀਆਂ, ਪਰਾਣੀਆਂ ਦੀਆਂ ਲਾਸਾਂ ਹਨ,

ਜਿਸ ਤਰ੍ਹਾਂ ਕਰਜ਼ੇ ਦੇ ਕਾਗ਼ਜ਼ਾਂ ਵਿਚ,

ਸਾਡਾ ਸਹਿਮਿਆ ਤੇ ਸੁੰਘੜਿਆ ਭਵਿੱਖ ਹੈ

ਅਸੀਂ ਜ਼ਿੰਦਗੀ, ਬਰਾਬਰੀ ਜਾਂ ਕੁੱਝ ਵੀ ਹੋਰ

ਏਸੇ ਤਰ੍ਹਾਂ ਸੱਚੀਂ ਮੁੱਚੀਂ ਦਾ ਚਾਹੁੰਦੇ ਹਾਂ

ਜਿਸ ਤਰ੍ਹਾਂ ਸੂਰਜ, ਹਵਾ ਤੇ ਬੱਦਲ

ਘਰਾਂ ਤੇ ਖੇਤਾਂ ਵਿਚ ਸਾਡੇ ਅੰਗ ਸੰਗ ਰਹਿੰਦੇ ਹਨ ਅਸੀਂ ਓਸੇ ਤਰ੍ਹਾਂ ਹਕੂਮਤਾਂ ਵਿਸ਼ਵਾਸਾਂ ਤੇ ਖ਼ੁਸ਼ੀਆਂ ਨੂੰ

ਆਪਣੇ ਨਾਲ ਨਾਲ ਤੱਕਣਾ ਚਾਹੁੰਦੇ ਹਾਂ

ਡਾਢਿਓ, ਅਸੀਂ ਸਾਰਾ ਕੁਝ ਸੱਚੀਂ ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ

ਅਸੀਂ ਉਸ ਤਰ੍ਹਾਂ ਦਾ ਕੁਝ ਵੀ ਨਹੀਂ ਚਾਹੁੰਦੇ

ਜਿਵੇਂ ਸ਼ਰਾਬ ਦੇ ਮੁਕੱਦਮੇ 'ਚ ਕਿਸੇ ਟਾਊਟ ਦੀ ਗਵਾਹੀ ਹੁੰਦੀ ਹੈ, ਜਿਵੇਂ ਪਟਵਾਰੀ ਦਾ 'ਈਮਾਨ' ਹੁੰਦਾ ਹੈ,

ਜਾਂ ਜਿਵੇਂ ਆੜ੍ਹਤੀ ਦੀ ਕਸਮ ਹੁੰਦੀ ਹੈ

ਅਸੀਂ ਚਾਹੁੰਦੇ ਹਾਂ ਆਪਣੀ ਤਲੀ ਤੇ ਕੋਈ ਇਸ ਤਰ੍ਹਾਂ ਦਾ ਸੱਚ

ਜਿਵੇਂ ਗੁੜ ਦੀ ਪੱਤ 'ਚ 'ਕਣ' ਹੁੰਦਾ ਹੈ

ਜਿਵੇਂ ਹੁੱਕੇ 'ਚ 'ਨਿਕੋਟੀਨ' ਹੁੰਦੀ ਹੈ

ਜਿਵੇਂ ਮਿਲਣੀ ਸਮੇਂ ਮਹਿਬੂਬ ਦੇ ਹੋਠਾਂ ਤੇ

ਕੋਈ ਮਲਾਈ ਵਰਗੀ ਚੀਜ਼ ਹੁੰਦੀ ਹੈ

ਪੁਲਸ ਦੀਆਂ ਲਾਠੀਆਂ ਤੇ ਟੰਗੀਆਂ ਕਿਤਾਬਾਂ ਨੂੰ ਪੜ੍ਹਨਾ

ਅਸੀਂ ਨਹੀਂ ਚਾਹੁੰਦੇ

ਹੁਨਰ ਦਾ ਗੀਤ, ਫੌਜੀ ਬੂਟਾਂ ਦੀਆਂ ਟਾਪਾਂ ਤੇ ਗਾਉਣਾ

ਅਸੀਂ ਤਾਂ ਰੁੱਖਾਂ ਉਤੇ ਛਣਕਦੇ ਸੰਗੀਤ ਨੂੰ

ਸਧਰਾਏ ਹੋਏ ਪੋਟਿਆਂ ਨਾਲ ਛੂਹ ਕੇ ਦੇਖਣਾ ਚਾਹੁੰਦੇ ਹਾਂ

ਅੱਥਰੂ ਗੈਸ ਦੇ ਧੂਏਂ 'ਚ ਲੂਣ ਚੱਟਣਾ

ਜਾਂ ਆਪਣੀ ਜੀਭ ਉਤੇ ਆਪਣੇ ਹੀ ਲਹੂ ਦਾ ਸਵਾਦ ਚੱਖਣਾ

ਕਿਸੇ ਲਈ ਵੀ ਮਨੋਰੰਜਨ ਨਹੀਂ ਹੋ ਸਕਦਾ

ਪਰ

ਅਸੀਂ ਐਵੇਂ ਮੁੱਚੀਂ ਦਾ ਕੁਝ ਵੀ ਨਹੀਂ ਚਾਹੁੰਦੇ

ਤੇ ਅਸੀਂ ਸਾਰਾ ਕੁਝ ਸੱਚੀਂ ਮੁੱਚੀਂ ਦਾ ਦੇਖਣਾ ਚਾਹੁੰਦੇ ਹਾਂ

ਜ਼ਿੰਦਗੀ, ਸਮਾਜਵਾਦ ਜਾਂ ਕੁਝ ਵੀ ਹੋਰ...

(ਸਾਡੇ ਸਮਿਆਂ ਵਿੱਚ)

ਇਉਂ ਪਾਸ਼ ਕਿਸੇ ਤਰ੍ਹਾਂ ਦੇ ਭਰਮ ਜਾਂ ਉਲਝਣ ਵਿੱਚ ਨਾ ਆਪ ਹੈ ਅਤੇ ਨਾ ਹੀ ਅਪਣੇ ਪਾਠਕ ਨੂੰ ਰੱਖਣਾ ਚਹੁੰਦਾ ਹੈ। ਇਥੋਂ ਤੱਕ ਕਿ ਉਹ ਤਥਾਕਥਿਤ ਸਮਾਜਵਾਦੀਆਂ ਨੂੰ ਵੀ ਸਪੱਸ਼ਟ ਦਿਸ਼ਾ ਰੱਖਣ ਦੀ ਪ੍ਰੇਰਨਾ ਦਿੰਦਾ ਹੈ। ਉਸ ਦੀ ਵਿਚਾਰਧਾਰਕ ਪ੍ਰਤਿਬੱਧਤਾ ਬਾਰੇ ਡਾ.ਅਤਰ ਸਿੰਘ ਦਾ ਕਥਨ ਹੈ, "ਪਾਸ਼ ਦੀ ਇਸ ਭਰਮ-ਮੁਕਤੀ ਦਾ ਹੀ ਇਕ ਹੋਰ ਪਸਾਰ ਹੈ ਉਸ ਦੀ ਕਲਾ ਦੀ ਸੁਹਿਰਦਤਾ। ਜਿਵੇਂ ਉਸ ਦੇ ਕਾਵਿ ਜਗਤ ਦੀ ਵਾਸਤਵਿਕਤਾ ਪ੍ਰਮਾਣਿਕ ਹੈ, ਇਵੇਂ ਹੀ ਉਸਦੀ ਮਾਨਵੀ-ਪੀੜਾ ਤੇ ਸੰਤਾਪ ਵੀ ਸੱਚੇ ਸੁੱਚੇ ਹਨ। ਇਨ੍ਹਾਂ ਵਿਚ ਕੋਈ ਬਨਾਵਟ ਜਾਂ ਉਪਭਾਵੁਕਤਾ ਨਹੀਂ। ਉਸਦੀ ਕਵਿਤਾ ਕਿਸੇ ਵਤੀਰਾਬਾਜ਼ੀ ਦੇ ਚੱਕਰ ਵਿਚ ਨਹੀਂ ਪੈਂਦੀ ਜਿਵੇਂ ਬਹੁਤੀ ਆਧੁਨਿਕਤਾਵਾਦੀ ਕਵਿਤਾ ਵਿਚ ਹੁੰਦਾ ਹੈ। ਉਸਦੀ ਦ੍ਰਿਸ਼ਟੀ ਅਪ-ਸਾਧਾਰਣ ਉਤੇ ਨਹੀਂ, ਉਸ ਅਤਿਸਾਧਾਰਣ ਉਤੇ ਟਿਕੀ ਹੋਈ ਹੈ, ਜਿਸਨੂੰ ਅਨੇਕ

ਮਸਲਿਹਤਾਂ ਅਧੀਨ ਅਖੌਂ ਖੋਖੇ ਕੀਤਾ ਹੋਇਆ ਸੀ। ਇਕ ਹੋਰ ਗੱਲ ਜਿਸ ਨੇ ਮੈਨੂੰ ਪ੍ਰਭਾਵਿਤ ਕੀਤਾ ਹੈ, ਇਹ ਹੈ ਕਵੀ ਨੇ ਆਪਣੀ ਭਰਮ-ਮੁਕਤੀ ਦੇ ਨਿਰੂਪਣ ਲਈ ਜੋ ਕਾਵਿਕ ਅਭਿਵਿਅੰਜਨ ਅਪਣਾਇਆ ਹੈ ਉਸ ਵਿਚ ਕਿਤੇ ਵੀ ਕੁੜੱਤਣ ਜਾਂ ਆਤਮ-ਸ਼ੋਭਾ ਦਾ ਲੇਸ ਨਹੀਂ। ਪਾਸ਼ ਦਾ ਉਚਾਰ ਉਦਾਸੀ ਭਰਿਆ ਹੈ, ਤਲਖੀ-ਤੁਰਸ਼ੀ ਵਾਲਾ ਨਹੀਂ। ਇਉਂ ਲਗਦਾ ਹੈ ਜਿਵੇਂ ਆਪਣੇ ਜੁੱਟ ਨਾਲ ਉਸ ਦਾ ਝਗੜਾ ਪ੍ਰੇਮੀ ਵਾਲਾ ਹੈ ਵੈਰੀ ਵਾਲਾ ਨਹੀਂ। ਇਸੇ ਲਈ ਉਸ ਦੀ ਇਸ ਉਦਾਸ ਕਵਿਤਾ ਵਿਚ ਇਤਨੀ ਆਵਾਜਾਈ ਨਿਰਾਸ਼ਾ ਦੀ ਨਹੀਂ ਜਿਤਨੀ ਹਸਰਤ ਦੀ ਹੈ।”

(ਸਾਹਿਤ ਦਾ ਸਾਗਰ ਪਾਸ਼, ਪੰਨਾ 95)

‘ਸਾਡੇ ਸਮਿਆਂ ਵਿੱਚ’ ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿੱਚ ਪਾਸ਼ ਦੀ ਵਿਚਾਰਧਾਰਕ ਦ੍ਰਿਸ਼ਟੀ ਹੀ ਸਪੱਸ਼ਟ ਨਹੀਂ ਹੁੰਦੀ ਸਗੋਂ ਉਸਦੀ ਕਾਵਿ ਰਚਨਾਂ ਵਿੱਚ ਵੀ ਪੂਰਨ ਪਰਿਪੱਕਤਾ ਨਜ਼ਰ ਆਉਂਦੀ ਹੈ। ਇਸ ਪੁਸਤਕ ਵਿੱਚ ਪਾਸ਼ ਇਕ ਵੱਡੇ ਵਿਜ਼ਨ ਵਾਲ ਅਤੇ ਡੂੰਘੀ ਸੋਚ ਵਾਲੇ ਕਵੀ ਦੇ ਤੌਰ ਤੇ ਪੇਸ਼ ਹੁੰਦਾ ਹੈ। ਆਪਣੇ ਇਸ ਦੌਰ ਦੀ ਕਵਿਤਾ ਵਿਚ ਪਾਸ਼ ਨੇ ਕਈ ਪੁਰਾਣੇ ਸੰਕਲਪਾਂ ਨੂੰ ਅਸਲੋਂ ਹੀ ਨਵੇਂ ਅਰਥ ਪ੍ਰਦਾਨ ਕੀਤੇ। ਉਦਾਹਰਣ ਵਜੋਂ ਸ਼ਾਇਦ ਉਸ ਦੀ ਸਭ ਤੋਂ ਵੱਧ ਜਾਣੀ ਜਾਂਦੀ ਕਵਿਤਾ ‘ਯੁਧ ਤੇ ਸ਼ਾਂਤੀ’ ਵਿੱਚ ਉਹ ਕਹਿੰਦਾ ਹੈ:

'ਅਸੀਂ ਜਿਹਨਾਂ ਨੇ ਯੁੱਧ ਨਹੀਂ ਕੀਤਾ

ਤੇਰੇ ਸਾਊ ਪੁੱਤਰ ਨਹੀਂ ਹਾਂ ਜ਼ਿੰਦਗੀ'

ਸਤਰਾਂ ਨਾਲ ਸ਼ੁਰੂ ਹੁੰਦੀ ਹੈ ਅਤੇ ਕਵਿਤਾ ਦੀ ਹਰ ਸਤਰ ਇਹਨਾਂ ਸੰਕਲਪਾਂ ਨੂੰ ਨਵੇਂ ਅਰਥ ਦਿੰਦੀ ਹੈ। ਇਸੇ ਤਰ੍ਹਾਂ ਉਸ ਨੇ ਦੇਸ਼ ਨਾਲ ਇਕ ਵਿਅਕਤੀ ਦੇ, ਇਕ ਕਵੀ ਦੇ ਰਿਸ਼ਤੇ ਬਾਰੇ ਬਹੁਤ ਸਾਰੀਆਂ ਨਜ਼ਮਾਂ ਲਿਖੀਆਂ ਹਨ ਜਿਨ੍ਹਾਂ ਵਿੱਚ 'ਦੇਸ਼ ਪਿਆਰ', 'ਦੇਸ਼ ਭਗਤੀ', 'ਦੇਸ਼ ਸੁਰੱਖਿਆ' ਦੇ ਸੰਕਲਪਾਂ ਨੂੰ ਨਵੀਂ ਰੌਸ਼ਨੀ ਅਤੇ ਵਿਚਾਰਧਾਰਕ ਦ੍ਰਿਸ਼ਟੀ ਨਾਲ ਵਿਚਾਰਿਆ ਹੈ।

ਪਾਸ਼ ਦੀ ਖੂਬਸੂਰਤੀ ਇਹ ਹੈ ਕਿ ਉਹ ਆਪਣੀ ਕਾਵਿ ਸਮੱਗਰੀ ਸਾਡੇ ਆਲੇ ਦੁਆਲੇ ਵਿੱਚੋਂ ਚੁਣਦਾ ਹੈ। ਆਪਣੀ ਕਵਿਤਾ ਵਿਚ ਉਸ ਨੇ ਸਾਡੇ ਆਲੇ ਦੁਆਲੇ ਦੇ ਆਮ ਜੀਵਨ ਵਿਚੋਂ ਚਿੰਨ/ਬਿੰਬ ਲੈ ਕੇ ਉਹਨਾਂ ਨੂੰ ਬਹੁਤ ਹੀ ਨਿਵੇਕਲੇ ਰੂਪ ਵਿੱਚ ਵਰਤਿਆ ਅਤੇ ਨਤੀਜੇ ਵਜੋਂ ਨਿਰੋਲ ਪੰਜਾਬੀ ਸੁਭਾਅ ਅਤੇ ਮੁਹਾਵਰੇ ਵਾਲੀ ਸ਼ਕਤੀਸ਼ਾਲੀ ਕਵਿਤਾ ਨੂੰ ਜਨਮ ਦਿੱਤਾ।

ਉਦਾਹਰਣ ਲਈ ‘ਉਹਦੇ ਨਾਂ’ ਕਵਿਤਾ ਦੇਖੀ ਜਾ ਸਕਦੀ ਹੈ:

ਮੈਂ ਮਲ ਮਲ ਕੇ ਤ੍ਰੇਲਾਂ

ਕਣਕ ਪਿੰਡਾ ਕੂਚਦੀ ਦੇਖੀ

ਮੇਰੇ ਤੱਕਣ 'ਤੇ ਉਸ ਦੇ ਮੁੱਖ 'ਤੇ

ਆਉਂਦੀ ਸੰਗ ਨੂੰ

ਤੱਕਿਆ ਹੈ...

ਮੈਂ ਤੱਕਿਆ ਹੈ ਕਪਾਹ ਦੇ ਫੁੱਲਾਂ ਵਿਚ ਟਕਸਾਲ ਢਲਦੀ ਨੂੰ

ਮੈਂ ਚੋਰਾਂ ਵਾਂਗ ਗਿਟਮਿਟ ਕਰਦਿਆਂ ਚਰੀਆਂ ਨੂੰ ਤੱਕਿਆ ਹੈ

ਮੈਂ ਤੱਕਿਆ ਹੈ ਸਰ੍ਹੋਂ ਦੇ ਫੁੱਲਾਂ ਤੇ ਤਿਰਕਾਲ ਢਲਦੀ ਨੂੰ।

ਪਾਸ਼ ਅਸਲੀ ਅਰਥਾਂ ਵਿੱਚ ਪੰਜਾਬੀ ਬੰਦੇ ਦੀ ਪ੍ਰਤਿਨਿਧਤਾ ਕਰਦਾ ਹੈ। ਉਹ ਪਿਆਰ ਵੀ ਕਰਦਾ ਹੈ ਤਾਂ ਖੁਲ੍ਹ ਕੇ ਕਰਦਾ ਹੈ, ਨਫ਼ਰਤ ਕਰਦਾ ਹੈ ਤਾਂ ਉਹ ਵੀ ਭਰਵੀਂ ਕਰਦਾ ਹੈ। ਉਦ ਦੇ ਬੋਲਾਂ ਵਿੱਚ ਪੰਜਾਬੀ ਬੰਦੇ ਦੇ ਸੁਭਾਅ ਅਨੁਕੂਲ ਖਰਵਾਪਨ, ਤੱਤਾਪਨ ਅਤੇ ਅੜਬਾਈ ਹੈ। ਉਸਦੀ ਜਿਉਣ ਦੀ ਰੀਝ ਆਪਣੇ ਆਪ ਤੱਕ ਹੀ ਸੀਮਤ ਨਹੀਂ ਸਗੋਂ ਉਹ ਬਿਨਾਂ ਕਿਸੇ ਲੱਗ ਲਪੇਟ ਜਾਂ ਜਾਤ, ਧਰਮ, ਨਸਲ ਦੇ ਵਿਤਕਰੇ ਤੋਂ ਸਾਰੀ ਮਨੁੱਖਤਾ ਲਈ ਬਿਹਤਰ ਜਿਉਣ ਹਾਲਤਾਂ ਦੀ ਲੋਚਾ ਕਰਦਾ ਹੈ। ਇਹ ਵਿਚਾਰਧਾਰਕ ਚੇਤਨਾ ਉਸਦੀ ਕਵਿਤਾ ਦੇ ਆਰ ਪਾਰ ਫੈਲਦੀ ਹੈ। ਪਾਸ਼ ਦੀ ਵਿਚਾਰਧਾਰਕ ਵਿਲੱਖਣਤਾ ਇਹ ਹੈ ਕਿ ਉਹ ਆਮ ਕਵੀਆਂ ਵਾਂਗ ਕਿਸੇ ਖਾਸ ਦ੍ਰਿਸ਼ਟੀ ਦੀਆਂ ਰਵਾਇਤਾਂ ਦੀ ਪਾਲਣਾ ਨਹੀਂ ਕਰਦਾ ਸਗੋਂ ਮਨੁੱਖ ਦੀ ਜ਼ਿੰਦਗੀ ਤੇ ਫੋਕਸ ਕਰਦਾ ਹੈ। ਜ਼ਿੰਦਗੀ ਦਾ ਰਹੱਸ ਬਿਆਨ ਕਰਦਾ ਉਹ ਕਹਿੰਦਾ ਹੈ:

ਤੂੰ ਇਹ ਸਾਰਾ ਈ ਕੁਝ ਭੁਲ ਜਾਵੀਂ ਮੇਰੀ ਦੋਸਤ ਸਿਵਾ ਇਸ ਤੋਂ ਕਿ ਮੈਨੂੰ ਜੀਣ ਦੀ ਬਹੁਤ ਲੋਚਾ ਸੀ

ਮੈਂ ਗਲ ਤੀਕਰ ਜ਼ਿੰਦਗੀ ਵਿਚ ਡੁੱਬਣਾ ਚਾਹੁੰਦਾ ਸਾਂ

ਮੇਰੇ ਵੀ ਹਿੱਸੇ ਦਾ ਜੀਅ ਲੈਣਾ

ਮੇਰੀ ਦੋਸਤ

ਮੇਰੇ ਵੀ ਹਿੱਸੇ ਦਾ ਜੀਅ ਲੈਣਾ!

(ਸਾਡੇ ਸਮਿਆਂ ਵਿਚ, ਪੰਨਾ 9)

ਪਾਸ਼ ਦੀ ਪ੍ਰਤਿਬੱਧਤਾ ਕ੍ਰਿਤੀਆਂ ਅਤੇ ਕਿਸਾਨਾ ਨਾਲ ਹੈ। ਉਹ ਚੇਤਨ ਤੌਰ ਤੇ ਆਪਣੀ ਕਲਮ ਦਾ ਪ੍ਰਯੋਗ ਲੋਕਾਂ ਵਿੱਚ ਰਾਜਨੀਤਿਕ ਸਮਾਜਿਕ ਚੇਤਨਤਾ ਪੈਦਾ ਕਰਨ ਲਈ ਕਰਦਾ ਹੈ। ਡਾ.ਸੁਰਜੀਤ ਸਿੰਘ ਭੱਟੀ ਦਾ ਉਸਦੀ ਕਵਿਤਾ ਬਾਰੇ ਕਥਨ ਹੈ ਕਿ, “ਉਸ ਦੀ ਸਮੁੱਚੀ ਕਵਿਤਾ ਪ੍ਰਾਪਤ ਅਤੇ ਇੱਛਤ ਯਥਾਰਥ ਦੇ ਤਨਾਉ ਨੂੰ ਭੋਗਦੀ ਹੋਈ ਕਵਿਤਾ ਹੈ। ਇਸੇ ਕਾਰਨ ਉਹ ਬਹੁਤ ਥਾਵਾਂ ਉਤੇ ਕਵਿਤਾ ਉਪਰ ਰਾਜਨੀਤੀ ਨੂੰ ਭਾਰੂ ਕਰਦਿਆਂ (ਹਥਿਆਰਾਂ ਨਾਲ

ਯੁੱਧ ਕਰਨ ਨੂੰ ਵਧੇਰੇ ਜ਼ਰੂਰੀ ਸਮਝਦਾ ਹੈ। ਸੰਖੇਪ ਵਿਚ ਉਸ ਦੀ ਕਵਿਤਾ ਜਮਾਤੀ ਸਮਾਜ ਦੀ ਹਰ ਚੀਜ਼ ਵਾਂਗ ਆਪਣੇ ਸੁਭਾ ਅਤੇ ਸਰੂਪ ਵਿਚ ਜਮਾਤੀ ਹੈ। ਇਹ ਕਵਿਤਾ ਲੋਟੂ ਸ਼੍ਰੇਣੀ ਲਈ ਨਫ਼ਰਤ, ਰੋਹ ਅਤੇ ਹਿੰਸਾ ਦਾ ਖੰਜਰ ਬਣਦਿਆਂ; ਆਪਣੇ ਮਹਿਬੂਬ ਲੋਕਾਂ ਲਈ ਮੱਲਮ ਬਣ ਜਾਂਦੀ ਹੈ। ਉਸ ਦੀ ਕਵਿਤਾ ਇਕੋ ਵੇਲੇ ਕਿਸੇ ਲਈ ਖੰਜਰ ਅਤੇ ਕਿਸੇ ਲਈ ਮੱਲਮ ਬਣ ਜਾਣ ਦੀ ਸਮਰੱਥਾ ਰੱਖਦੀ ਹੈ।" ਪਾਸ਼ ਮਨੁੱਖੀ ਬਿਹਤਰੀ ਲਈ ਵਿਦਰੋਹ ਅਤੇ ਹਿੰਸਾ ਨੂੰ ਲੋਕ ਪੱਖੀ ਸਾਹਿਤ ਦਾ ਬੁਨਿਆਦੀ ਰਚਨਾਤਮਕ ਸਿਧਾਂਤ ਤਸਲੀਮ ਕਰਦਾ ਕਹਿੰਦਾ ਹੈ:

ਮੇਰੀ ਦੋਸਤ ਕਵਿਤਾ ਬਹੁਤ ਹੀ ਨਿਸਤੀ ਹੋ ਗਈ ਹੈ।

ਜਦੋਂ ਕਿ ਹਥਿਆਰਾਂ ਦੇ ਨੌਂਹ ਬੁਰੀ ਤਰ੍ਹਾਂ ਵਧ ਆਏ ਹਨ।

ਤੇ ਹੁਣ ਹਰ ਤਰ੍ਹਾਂ ਦੀ ਕਵਿਤਾ ਤੋਂ ਪਹਿਲਾਂ ਹਥਿਆਰਾਂ ਨਾਲ ਯੁੱਧ ਕਰਨਾ ਜ਼ਰੂਰੀ ਹੋ ਗਿਆ ਹੈ।

(ਸਾਡੇ ਸਮਿਆਂ ਵਿਚ, ਪੰਨਾ 6)

ਇਥੇ ਹੀ ਬੱਸ ਨਹੀਂ ਉਹ ਤਰਕ ਦਿੰਦਾ ਹੈ ਕਿ ਹੱਥਾਂ ਦਾ ਧਰਮ ਕਿਰਤ ਦੇ ਸਾਧਨ ਬਣ ਕੇ ਜ਼ਿੰਦਗੀ ਦੇ ਸੁਹਜ ਨੂੰ ਸਿਰਜਣਾ ਹੀ ਨਹੀਂ ਹੈ ਸਗੋਂ ਕਈ ਹਾਲਤਾਂ ਵਿੱਚ ਹਥਿਆਰਾਂ ਦਾ ਰੂਪ ਧਾਰ ਕੇ ਜ਼ਿੰਦਗੀ ਅਤੇ ਸੁਹਜ ਦੀ ਰਾਖੀ ਕਰਨ ਦਾ ਯਤਨ ਕਰਨਾ ਵੀ ਹੁੰਦਾ ਲਾਜ਼ਮੀ ਹੁੰਦਾ ਹੈ। ਉਸ ਦੀ ਕਵਿਤਾ ਯੁੱਧ ਅਤੇ ਸ਼ਾਂਤੀ ਇਸ ਵਿਚਾਰਧਾਰਾ ਦੀ ਪ੍ਰਤਿਨਿਧ ਉਦਾਹਰਣ ਹੈ:

ਯੁੱਧ ਇਸ਼ਕ ਦੀ ਸਿਖਰ ਦਾ ਨਾਂ ਹੈ

ਯੁੱਧ ਲਹੂ ਦੇ ਲਾਡ ਦਾ ਨਾਂ ਹੈ

ਯੁੱਧ ਜੀਣ ਦੇ ਨਿੱਘ ਦਾ ਨਾਂ ਹੈ...

ਯੁੱਧ ਅਮਨ ਦੇ ਸ਼ੁਰੂ ਦਾ ਨਾਂ ਹੈ

ਯੁੱਧ ਵਿਚ ਰੋਟੀ ਦੇ ਹੁਸਨ ਨੂੰ

ਨਿਹਾਰਨ ਜਿਹੀ ਸੂਖਮਤਾ ਹੈ...

ਯੁੱਧ ਸਾਡੇ ਬੱਚਿਆਂ ਲਈ

ਪਿੜੀਆਂ ਵਾਲੀ ਖੁੱਦੋ ਲੈ ਕੇ ਆਏਗਾ

ਯੁੱਧ ਸਾਡੀਆਂ ਭੈਣਾਂ ਲਈ

ਕਢਾਈ ਦੇ ਸੁੰਦਰ ਨਮੂਨੇ ਲਿਆਏਗਾ

ਯੁੱਧ ਸਾਡੀਆਂ ਬੀਵੀਆਂ ਦੇ ਥਣਾਂ ਅੰਦਰ

ਦੁੱਧ ਬਣਕੇ ਉਤਰੇਗਾ

ਯੁੱਧ ਸਾਡਿਆਂ ਵੱਡਿਆਂ ਦੀ ਕਬਰ ਉਤੇ

ਫੁੱਲ ਬਣਕੇ ਖਿੜੇਗਾ।

(ਸਾਡੇ ਸਮਿਆਂ ਵਿਚ, ਪੰਨਾ 29, 30)

ਪਾਸ਼ ਦੀ ਧਾਰਨਾ ਹੈ ਕਿ ਅਹਿੰਸਾ ਸਰਮਾਏਦਾਰੀ ਧਿਰਾਂ ਦਾ ਵਿਚਾਰਧਾਰਕ ਹਥਿਆਰ ਹੈ। ਸ਼ਾਂਤੀ ਉਹ ਵਿਚਾਰਧਾਰਕ ਹਥਿਆਰ ਹੈ ਜਿਸ ਦੀ ਹੋਂਦ ਵਿੱਚ ਸਰਮਾਏਦਾਰੀ ਕਿਰਤੀਆਂ ਦੀ ਲੁੱਟ ਦਾ ਮਕਰ ਕਰਦੀ ਹੈ। ਸਰਮਾਏਦਾਰੀ ਤਾਕਤਾਂ ਹਮੇਸ਼ਾ ਸੰਘਰਸ਼ ਨੂੰ ਦਬਾਈ ਰੱਖਣ ਲਈ ਸ਼ਾਂਤਮਈ ਮਹੌਲ ਬਣਾਏ ਜਾਣ ਦਾ ਢੰਡੋਰਾ ਪਿਟਦੀਆਂ ਹਨ ਪਰ ਪਰ ਖੁਦ ਕਿਰਤੀਆਂ ਦੀ ਲੁੱਟ ਕਰਨ ਲਈ ਹਿੱਸਾ ਦਾ ਇਸਤੇਮਾਲ ਕਰਦੀਆਂ ਹਨ।

ਵਿਅੰਗ ਅਤੇ ਸੂਖਮਤਾ ਪਾਸ਼ ਦੀ ਕਵਿਤਾ ਦਾ ਇਕ ਵਿਸ਼ੇਸ਼ ਲੱਛਣ ਹੈ। ਪਾਸ਼ ਪੰਜਾਬੀ ਸਭਿਆਚਾਰਕ ਪਿਛੋਕੜ ਵਿੱਚੋਂ ਕੁਝ ਲੋਕ ਗੀਤਾਂ ਦੇ ਬੋਲਾਂ ਨੂੰ ਆਧਾਰ ਬਣਾ ਕੇ ਪੂੰਜੀਵਾਦੀ ਸਥਿਤੀਆਂ ਵਿੱਚ ਵਿਚਰ ਰਹੇ ਮਨੁੱਖ ਦੇ ਜੀਵਨ ਦੀਆਂ ਤਲਖ ਹਕੀਕਤਾਂ ਅਤੇ ਬੜੀਆਂ ਹੀ ਕਰੂਰ ਤੇ ਸੂਖ਼ਮ ਪਰਤਾਂ ਨੂੰ ਯਥਾਰਥਕ ਰੂਪ ਵਿੱਚ ਫੜਨ ਦਾ ਯਤਨ ਕਰਦਾ ਹੈ। ਇਸ ਪ੍ਰਸੰਗ ਵਿੱਚ ਪਾਸ਼ ਦੀਆਂ ਕਵਿਤਾਵਾਂ ਛੱਨੀ, ਚਿੜੀਆਂ ਦਾ ਚੰਬਾ, ਆਸ਼ਕ ਦੀ ਅਹਿੰਸਾ ਅਤੇ ਕਲਾਮ ਮਿਰਜ਼ਾ ਪੜ੍ਹੀਆਂ ਜਾ ਸਕਦੀਆਂ ਹਨ:

ਛੰਨੀ:

ਛੰਨੀ ਤਾਂ ਛੰਨੀ ਹੋਈ

ਪਰ ਗੁੱਡੀਏ ਤੇਰੇ ਗੀਤਾਂ ਨਾਲ

ਤੇਰੇ ਵੀਰੇ ਨੂੰ ਬੰਨੀ ਨਹੀਂ ਲੱਭਣੀ

ਉਸਨੂੰ ਤਾਂ ਮਾਰ ਜਾਵੇਗਾ

ਬਾਬਲ ਦੀ ਘੱਟ ਜ਼ਮੀਨ ਦਾ ਪਛਤਾਵਾ

ਤੇ ਉਸਦੀ ਚਕਲੇਦਾਰ ਹਿੱਕ ਤੇ

ਫੁਲਕੇ ਵੇਲਦੀ ਰਹੇਗੀ

ਸਦਾ ਹੀ ਵਿਗੜੇ ਰਹਿੰਦੇ ਇੰਜਣ ਦੀ ਤਕਾਵੀ...

ਤੇ ਫਿਰਨੀ ਤੋਂ ਹੀ ਮੁੜਨ ਲਗਣਗੇ

ਉਸ ਨੂੰ ਦੇਖਣ ਵਾਲੇ।

(ਸਾਡੇ ਸਮਿਆਂ ਵਿਚ, ਪੰਨਾ 16, 17)

ਚਿੜੀਆਂ ਦਾ ਚੰਬਾ:

ਚਿੜੀਆਂ ਦਾ ਚੰਬਾ ਉੱਡ ਕੇ ਕਿਤੇ ਨਹੀਂ ਜਾਵੇਗਾ। ਐਥੇ ਹੀ ਕਿਤੇ ਉਰੇ ਪਰੇ ਬੰਨਿਆਂ ਤੋਂ ਘਾਹ ਖੋਤੇਗਾ ਰੁੱਖੀਆਂ ਮਿੱਸੀਆਂ ਰੋਟੀਆਂ ਢੋਇਆ ਕਰੇਗਾ।...

ਚਿੜੀਆਂ ਦਾ ਚੰਬਾ ਮੁਫ਼ਤ ਹੀ ਪ੍ਰੇਸ਼ਾਨ ਹੁੰਦਾ ਹੈ ਬਾਬਲ ਤਾਂ ਡੋਲੇ ਨੂੰ ਤੋਰ ਕੇ

ਉਖੜੇ ਬੂਹੇ ਨੂੰ ਇੱਟਾਂ ਲਵਾਏਗਾ

ਤੇ ਗੁੱਡੀਆਂ ਪਾੜ ਕੇ

ਪਸੀਨੇ ਨਾਲ ਗਲੇ ਹੋਏ ਕੁੜਤੇ ਉਤੇ ਟਾਕੀ ਸੰਵਾਏਗਾ।

ਜਦੋਂ ਉਹ ਆਪ ਹੀ ਗਲੋਟਿਆਂ ਜਿਉਂ ਕੱਤਿਆ ਜਾਵੇਗਾ

ਚਿੜੀਆਂ ਦੇ ਚੰਬੇ ਨੂੰ ਮੋਹ ਚਰਖੇ ਦਾ ਉਕਾ ਨਹੀਂ ਸਤਾਏਗਾ।

(ਸਾਡੇ ਸਮਿਆਂ ਵਿਚ, ਪੰਨਾ 19, 20)

ਕਲਾਮ ਮਿਰਜ਼ਾ:

ਪਰ ਸ਼ਾਇਦ ਹੁਣ

ਸਾਰਾ ਕੁਝ ਪਹਿਲੇ ਜਿਹਾ ਨਾ ਹੋਵੇ

ਹੋ ਸਕਦੈ ਕਿ ਤੈਨੂੰ ਕੱਢਣ ਤੋਂ ਪਹਿਲਾਂ

ਮੈਨੂੰ ਰੋਟੀ ਉਧਾਲ ਲਏ

ਤੇ ਜਾਂ ਮੈਂ ਜੰਡ ਦੀ ਬਜਾਏ ਕਿਸੇ ਕੁਰਸੀ ਦੇ ਥੱਲੇ ਜਾਗਦਾ ਹੀ ਵੱਢ ਦਿੱਤਾ ਜਾਵਾਂ...

ਸਮੇਂ ਦਾ ਗੇੜ ਹੁੰਦੈ-ਐਤਕੀਂ ਤੂੰ ਬੇਵਫ਼ਾ ਨਹੀਂ ਬਣਦੀ

ਤੇ ਮੈਂ ਭਰਾਵਾਂ ਦੇ ਹੁੰਦੇ ਸੁੰਦੇ

ਉਨ੍ਹਾਂ ਦੇ ਸਾਹਮਣੇ ਹੀ ਮਾਰਿਆ ਜਾਣਾ ਹੈ

ਏਸੇ ਲਈ ਮੈਂ ਕਹਿੰਦਾ ਹਾਂ

ਕਿ ਸ਼ਾਇਦ ਸਾਰਾ ਕੁਝ ਪਹਿਲੇ ਜਿਹਾ ਨਾ ਹੋਵੇ।

ਪਾਸ਼ ਦੀ ਅਜਿਹੀ ਨਿਆਰੀ ਅਤੇ ਵਿਲੱਖਣ ਕਾਵਿਕਾਰੀ ਕਰਕੇ ਉਸ ਦੀ ਆਪਣੀ ਵੱਖਰੀ ਪਛਾਣ ਹੈ। ਉਹ ਬਾਕੀ ਕਵੀਆਂ ਤੋਂ ਅਲੱਗ ਖੜ੍ਹਾ ਨਜ਼ਰ ਆਉਂਦਾ ਹੈ। ਉਸਦੀ ਅਜਿਹੀ ਲਾਮਿਸਾਲ ਕਾਵਿ ਪ੍ਰਤਿਭਾ ਸਬੰਧੀ ਡਾ. ਸੁਖਦੇਵ ਸਿੰਘ ਸਿਰਸਾ ਦਾ ਕਥਨ ਹੈ ਕਿ, “ਪਾਸ਼ ਦੀ ਕਵਿਤਾ ਵਿਚ ਮਨੁੱਖ ਦੀ ਬੇਵਸੀ ਦਾ ਇਹ ਨਵਾਂ ਸਵਰ ਇਕ ਨਵੀਂ ਪ੍ਰਗਟਾ ਵਿਧੀ ਨੂੰ ਨਾਲ ਲੈ ਕੇ ਆਇਆ। ਉੱਚੀ ਸੁਰ ਅਤੇ ਰੋਹ ਭਰੇ ਵਿਦਰੋਹੀ ਮਹਾਵਰੇ ਦੀ ਥਾਂ ਪਾਸ਼ ਨੇ ਸਮਕਾਲੀ ਮਨੁੱਖ ਦੀ ਸਥਿਤੀ ਨੂੰ ਸੂਖਮ ਵਿਅੰਗਾਤਮਕ ਛੋਹਾਂ ਰਾਹੀਂ ਰੂਪਮਾਨ ਕਰਨਾ ਸ਼ੁਰੂ ਕੀਤਾ। ਉਸਦੀ ਸੰਬੋਧਨ-ਸ਼ੈਲੀ ਵਿਚਲੀ ਇਹ ਤਬਦੀਲੀ ਇਤਿਹਾਸਕ/ਸਮਾਜਕ ਸਥਿਤੀ ਵਿਚਲੀ ਸਿਫ਼ਤੀ ਤਬਦੀਲੀ ਦਾ ਹੀ ਪਰਤੌਂ ਹੈ। ਪਾਸ਼ ਨੇ ਖ਼ੁਦ ਇਸ ਤੱਥ ਨੂੰ ਸਵੀਕਾਰ ਕੀਤਾ ਹੈ-"ਰਾਜਨੀਤਕ ਸਰਗਰਮੀਆਂ 'ਚੋਂ ਹੱਥ ਖਿੱਚ ਲੈਣ ਨਾਲ ਕੁਦਰਤੀ ਹੀ ਸੀ ਕਿ ਮੇਰੀ ਕਵਿਤਾ ਵਿਚ ਅੰਤਰ-ਮੁਖਤਾ ਵਧ ਜਾਂਦੀ"। 'ਸਾਡੇ ਸਮਿਆਂ ਵਿਚ' ਕਾਵਿ ਸੰਗ੍ਰਹਿ ਦੀਆਂ ਕਵਿਤਾਵਾਂ ਵਿਚ ਪਾਸ਼ ਨੇ ਸੰਵਾਦ ਦੀ ਥਾਂ ਆਤਮ-ਲਾਪ ਅਤੇ ਰੋਹ-ਭਰੇ ਸਨਸਨੀਖੇਜ਼ ਮੁਹਾਵਰੇ ਦੀ ਥਾਂ ਸੰਦੇਸ਼ਮਈ ਸੰਬੋਧਨ ਵਿਧੀ ਦੀ ਵਰਤੋਂ ਬਹੁਤ ਹੀ ਕਲਾਤਮਕ ਅੰਦਾਜ਼ ਵਿਚ ਕੀਤੀ। ਜਿਥੇ ਆਪਣੀਆਂ ਪਹਿਲੀਆਂ ਦੋ ਪੁਸਤਕਾਂ ਵਿਚ ਇਹ ਦੂਜਿਆਂ ਨਾਲ ਸੰਵਾਦ ਰਚਾਉਂਦਾ ਹੈ, ਉਥੇ ਆਖ਼ਰੀ ਕਾਵਿ-ਸੰਗ੍ਰਹਿ ਵਿਚ ਉਹ ਆਪਣੇ ਆਪ ਨਾਲ, ਆਪਣੇ ਬੀਤੇ ਨਾਲ ਸੰਵਾਦ ਤੋਰਨ ਦੀ ਮੁਦਰਾ 'ਚ ਹੈ। ਇਥੇ ਉਸਦੀ ਸਥਿਤੀ ਆਤਮ-ਚਿੰਤਨ ਅਤੇ ਵਿਧੀ ਆਤਮ-ਲਾਪ ਦੀ ਹੈ, ਜਿਸ ਵਿਚ ਰੋਹ ਜਾਂ ਕਲੇਸ਼ ਦੀ ਕੁੜੱਤਣ ਅੰਸ਼ ਮਾਤਰ ਵੀ ਨਹੀਂ। ਆਪਣੇ ਬੀਤੇ ਨੂੰ ਯਾਦ ਕਰਨ ਜਾਂ ਲਿਖੇ ਨੂੰ ਪੜ੍ਹਨ ਸਮੇਂ ਮਨੁੱਖ ਅਕਸਰ ਭਾਵੁਕ ਹੋ ਜਾਂਦਾ ਹੈ, ਪਰ ਪਾਸ਼ ਇਸ ਕਿਸਮ ਦੇ ਆਤਮ-ਮੋਹ ਤੋਂ ਅਸਲੋਂ ਮੁਕਤ ਹੈ।”

(ਸਾਹਿਤ ਦਾ ਸਾਗਰ ਪਾਸ਼, ਪੰਨਾ 145)

ਇਉਂ ਪਾਸ਼ ਸਮਕਾਲੀ ਕਵਿਤਾ ਦਾ ਅਜਿਹਾ ਸੁਜੱਗ ਅਤੇ ਸੁਚੇਤ ਕਵੀ ਸੀ ਜਿਸ ਇਕ ਸੰਦੇਸ਼ਵਾਹਕ ਦੇ ਤੌਰ ਤੇ ਕਾਰਜ ਕੀਤਾ। ਉਹ ਨਾ ਕੇਵਲ ਕਵਿਤਾ ਦੇ ਵਿਸ਼ਿਆਂ ਪ੍ਰਤੀ ਸੁਚੇਤ ਸੀ ਸਗੋਂ ਕਾਵਿਤਾ ਦੇ ਕਾਵਿ ਸਾਸ਼ਤਰੀ ਸਿਧਾਂਤਾਂ ਭਾਵ ਕਵਿਤਾ ਦੀ ਪਰਿਭਾਸ਼ਾ, ਪ੍ਰਕਿਰਤੀ, ਸਿਧਾਂਤ, ਵਿਹਾਰ ਅਤੇ ਕਾਵਿ ਦੇ ਪ੍ਰਯੋਜਨ ਪ੍ਰਤੀ ਵੀ ਸੁਚੇਤ ਸੀ। ਇਹ ਗੱਲ ਉਸਨੇ ਆਪਣੀ ਇੰਟਰਵਿਊ ਵਿੱਚ ਵੀ ਅਤੇ ਕਵਿਤਾ ਜਾਂ ਵਾਰਤਕ ਵਿੱਚ ਵੀ ਕਈ ਥਾਵੇਂ ਸਪੱਸ਼ਟ ਤੌਰ ਤੇ ਪ੍ਰਗਟ ਕੀਤੀ

ਹੈ। ਪਾਸ਼ ਦੇ ਕਾਵਿ ਸਾਸ਼ਤਰੀ ਪਿਛੋਕੜ ਵਿੱਚ ਉਸਦਾ ਡੂੰਘਾ ਅਧਿਐਨ ਅਤੇ ਮਾਰਕਸਵਾਦੀ ਫਲਸਫ਼ੇ ਦੇ ਗਿਆਨ ਦੇ ਨਾਲ ਨਾਲ ਉਸਦੀ ਰਾਜਸੀ ਚੇਤਨਾ ਅਤੇ ਪੇਂਡੂ ਪੰਜਾਬੀ ਸਭਿਆਚਾਰ ਦੀ ਵਾਕਫੀਅਤ ਕਾਰਜਸ਼ੀਲ ਹੈ।

ਡਾ. ਸਰਬਜੀਤ ਸਿੰਘ ਨੇ ਪਾਸ਼ ਦੀ ਕਾਵਿ ਸਾਸ਼ਤਰੀ ਸਮਝ ਬਾਰੇ ਕਿਹਾ ਹੈ ਕਿ, "ਵਿਹਾਰਕ ਰੂਪ ਵਿਚ ਪਾਸ਼ ਦੀ ਕਵਿਤਾ ਤੇ ਕਾਵਿ ਸ਼ਾਸਤਰੀ ਚਿੰਤਨ ਵਿਚ ਪ੍ਰਮੁੱਖ ਨੁਕਤਾ ਵਿਸਥਾਪਨ ਅਤੇ ਸਥਾਪਨ ਦਾ ਹੈ। ਉਂਜ ਤਾਂ ਸਮੁੱਚੀ ਨਕਸਲੀ ਕਵਿਤਾ ਸਥਾਪਤੀ ਤੋਂ ਵਿਦਰੋਹ ਕਰਦੀ ਹੈ ਪਰ ਪਾਸ਼ ਦੀ ਵਿਲੱਖਣਤਾ ਇਹ ਹੈ ਕਿ ਉਹ ਆਪਣੇ ਵਿਸਥਾਪਨ ਵਿਚ ਮਾਰਕਸੀ ਚਿੰਤਨ ਨੂੰ ਸੰਵਾਦਨਸ਼ੀਲ ਰੂਪ ਦੇਣ ਵਿਚ ਵਧੇਰੇ ਸਮਰੱਥ ਹੈ ਅਤੇ ਉਸਦੀ ਰਚਨਾ ਦਾ ਵਿਧੀ ਵਿਧਾਨ ਪੰਜਾਬੀ ਕਾਵਿ ਪਰੰਪਰਾ ਵਿਚ ਨਵਾਂ ਪਾਸਾਰ ਜੋੜਨ ਦੀ ਸਮਰੱਥਾ ਰੱਖਦਾ ਹੈ। ਪਾਸ਼ ਦੀ ਕਵਿਤਾ ਵਿਚ ਵਿਸਥਾਪਤੀ ਕੇਂਦਰੀ ਪਹਿਲੂ ਹੈ ਜਿਸ ਵਿਚ ਉਹ ਬੁਰਜੂਆ ਸਮਾਜੀ ਪ੍ਰਬੰਧ, ਸਾਮੰਤੀ ਰੁਚੀਆਂ, ਮੱਧਵਰਗੀ ਜ਼ਿਹਨੀਅਤ ਅਤੇ ਮਾਨਵ ਹਿਤੈਸ਼ੀ ਵਿਚਾਰਧਾਰਾ ਦੇ ਨਾਂ'ਤੇ ਉਸਰੇ ਖੋਖਲੇਪਣ ਨੂੰ ਸ਼ਾਮਲ ਕਰਦਾ ਹੈ। ਬੁਰਜੂਆ ਸਮਾਜਿਕ ਪ੍ਰਬੰਧ ਦੀਆਂ ਉੱਭਰਵੀਆਂ ਵਿਸ਼ੇਸ਼ਤਾਵਾਂ ਅਜ਼ਾਦੀ, ਜਮਹੂਰੀਅਤ, ਰਾਸ਼ਟਰਵਾਦ ਅਤੇ ਧਾਰਮਿਕ ਨਿਰਪੱਖਤਾਵਾਦ ਦਾ ਤੀਖਣ ਭਾਵਨਾ ਨਾਲ ਵਿਰੋਧ ਕਰਦਾ ਹੈ। ਭਾਰਤੀ ਕਲਚਰ ਵਿਚ ਸਾਮੰਤੀ ਅਤੇ ਰਜਵਾੜਾਸ਼ਾਹੀ ਵਿਹਾਰ ਤੇ ਰੁਚੀਆਂ ਨੂੰ ਨਕਾਰਦਾ ਹੈ। ਮੱਧਵਰਗੀ ਜ਼ਿਹਨੀਅਤ ਦੀ ਰੋਮਾਂਟਿਕਤਾ ਦਾ ਅਤੇ ਆਦਰਸ਼ ਕਦਰਾਂ ਕੀਮਤਾਂ ਦਾ ਤੇ ਬੀਮਾਰ ਮਾਨਸਿਕਤਾ ਦਾ ਉਪਹਾਸ ਉਡਾਉਂਦਾ ਹੈ। ਖੱਬੇ ਪੱਖੀ ਧਿਰ ਦੀ ਖੋਖਲੀ, ਦਿਸ਼ਾਹੀਣ, ਨਰਮ ਖ਼ਿਆਲੀ, ਸੁਧਾਰਵਾਦੀ ਅਤੇ ਪਾਰਲੀਮੈਂਟਰੀਵਾਦ ਦੀ ਸ਼ਿਕਾਰ ਰਾਜਨੀਤੀ ਨੂੰ ਉਹ ਕਰੜੇ ਹੱਥੀਂ ਲੈਂਦਾ ਹੈ। ਇਉਂ ਤੀਹਰਾ ਚੌਹਰਾ ਵਿਰੋਧ ਉਸਦਾ ਵਿਸਥਾਪਨਾ ਦਾ ਹੈ ਜਿਸ ਪਿੱਛੋਂ ਮਾਰਕਸੀ ਚਿੰਤਨ ਦੇ ਨਾਲ ਨਾਲ ਚੀਨੀ ਚਿੰਤਕ ਮਾਓ-ਜ਼ੇ-ਤੁੰਗ ਦਾ ਵਿਚਾਰਧਾਰਕ ਪਰਿਪੇਖ ਵੀ ਸ਼ਾਮਲ ਹੈ। ਇਉਂ ਪਾਸ਼ ਮਾਰਕਸੀ ਫ਼ਲਸਫ਼ੇ ਦੀ ਪਿੱਠਭੂਮੀ ਵਿਚ ਵਿਸਥਾਪਨਾ ਨੂੰ ਅਸਵੀਕ੍ਰਿਤੀ 'ਚੋਂ ਉਭਾਰਦਾ ਹੈ। ਉਸਦੀ ਅਸੀਵੀਕ੍ਰਿਤੀ ਨਿਰਾਸ਼ਤਾ ਦੀ ਸੁਰ ਵਾਲੀ ਨਹੀਂ ਸਗੋਂ ਵਿਚਾਰਧਾਰਕ ਤੌਰ 'ਤੇ ਅਗਾਊਂ ਸਮਾਜਵਾਦੀ ਸਮਾਜ ਦੀ ਸਥਾਪਨਾ ਦੀ ਆਸ਼ਾਵਾਦੀ ਸੁਰ ਵਾਲੀ ਹੈ। ਉਹ ਆਪਣੀ ਕਵਿਤਾ ਵਿੱਚ ਥਾਂ ਪੁਰ ਥਾਂ ਏਸੇ ਸੂਝ-ਸੰਵੇਦਨਾ ਦਾ ਪ੍ਰਮਾਣ ਦਿੰਦਾ ਹੈ।"

(ਸਾਹਿਤ ਦਾ ਸਾਗਰ: ਪਾਸ਼, ਪੰਨਾ 204)

ਪਾਸ਼ ਦੀ ਖ਼ੂਬਸੂਰਤੀ ਇਹ ਹੈ ਕਿ ਉਹ ਪੇਂਡੂ ਰਹਿਤਲ ਨਾਲ ਜੁੜੇ ਹੋਏ ਬਿੰਬ, ਪ੍ਰਤੀਕ, ਚਿੰਨ੍ਹਾਂ ਦੀ ਵਰਤੋਂ ਜ਼ਿੰਦਗੀ 'ਚ ਸੁਹਜ ਭਰਨ ਲਈ ਕਰਦਾ ਹੈ। ਕਿਰਤੀ ਦੀ ਜ਼ਿੰਦਗੀ ਦਾ ਸੁਹਜ ਅਤੇ ਕਿਰਤ ਦਾ ਸੰਕਲਪ ਉਸਦੀ ਕਾਵਿ ਸੰਵੇਦਨਾ ਦਾ ਕੇਂਦਰੀ ਸੂਤਰ ਹੈ। ਉਸਨੇ ਆਪਣੇ ਕਾਵਿ ਸਾਸ਼ਤਰ ਵਿੱਚ ਕਵੀ ਜਾਂ ਕਲਾਕਾਰ ਨੂੰ ਇਕ ਜ਼ਿੰਮੇਵਾਰ ਵਿਅਕਤੀ ਦੇ ਤੌਰ ਤੇ ਸੰਕਲਪਿਆ ਹੈ। ਉਹ ਕਵੀ ਤੋਂ ਆਸ ਕਰਦਾ ਹੈ ਕਿ ਉਸਦੇ ਬੋਲਾਂ ਵਿੱਚ ਕਿਰਤੀ ਬੰਦੇ ਦੀ ਜ਼ਿੰਦਗੀ ਦੀ ਬਿਹਤਰੀ ਦਾ ਸੰਚਾਰ ਹੋਵੇ। ਉਹ ਕਵੀ ਅਤੇ ਕਵਿਤਾ ਦੇ ਨਿਸੱਤੇ ਹੋ ਜਾਣ ਤੋਂ ਵੀ ਸੁਚੇਤ ਹੈ। ਇਸੇ ਲਈ ਉਹ ਮੱਧ ਸ਼੍ਰੇਣਿਕ ਸੁਹਜ ਸਵਾਦ ਨੂੰ 'ਚਗਲੇ ਹੋਏ ਸਵਾਦ' ਕਹਿ ਕੇ ਭੰਡਦਾ ਹੈ ਅਤੇ ਦੱਬੇ ਕੁਚਲੇ ਲੋਕਾਂ ਦੇ ਹੱਕ ਵਿੱਚ ਅਵਾਜ਼ ਬੁਲੰਦ ਕਰਦਾ ਹੈ:

ਸ਼ਬਦ ਜੋ ਰਾਜਿਆਂ ਦੀ ਘਾਟੀ 'ਚ ਨੱਚਦੇ ਹਨ

ਜੋ ਮਾਸ਼ੂਕ ਦੀ ਧੁੰਨੀ ਦਾ ਖੇਤਰਫਲ ਮਿਣਦੇ ਹਨ

ਜੋ ਮੇਜ਼ਾਂ ਉੱਤੇ ਟੈਨਸ ਬਾਲਾਂ ਵਾਂਗ ਰਿੜਦੇ ਹਨ

ਜੋ ਮੰਚਾਂ ਦੀ ਕੱਲਰ-ਭੋਂ ਤੇ ਉੱਗਦੇ ਹਨ-

ਕਵਿਤਾ ਨਹੀਂ ਹੁੰਦੇ-

ਇਉਂ ਹੀ ਪਾਸ਼ ਗਤੀਵਾਦੀ-ਰੋਮਾਂਸ ਸ਼ਬਦ ਸਿਰਜਣਾ ਦੇ ਮੁਦਈ ਕਵੀਆਂ ‘ਤੇ ਹਮਲਾ ਕਰਦਾ ਕਹਿੰਦਾ ਹੈ :

ਮਾਸ਼ੂਕਾਂ ਨੂੰ ਖ਼ਤ ਲਿਖਣ ਵਾਲਿਓ !

ਜੇ ਤੁਹਾਡੀ ਕਲਮ ਦੀ ਨੋਕ ਬਾਂਝ ਹੈ

ਤਾਂ ਕਾਗ਼ਜ਼ਾਂ ਦਾ ਗਰਭਪਾਤ ਨਾ ਕਰੋ

ਇਸੇ ਤਰ੍ਹਾਂ ਪਾਸ਼ ਕਈ ਵਾਰ ਇਨ੍ਹਾਂ ਭਾਵੁਕ ਹੋ ਜਾਂਦਾ ਹੈ ਕਿ ਉਹ ਨਿੱਜੀ ਤੌਰ ‘ਤੇ ਵੀ ਕਈ ਕਵੀਆਂ ਦੀ ਵਿਚਾਰਧਾਰਕ ਪਹੁੰਚ ਤੇ ਸਵਾਲ ਖੜ੍ਹੇ ਕਰਦਾ ਹੈ:

ਅੱਜ ਵਾਰਸ ਸ਼ਾਹ ਦੀ ਲਾਸ਼

ਕੰਡਿਆਲੀ ਥੋਹਰ ਬਣਕੇ

ਸਮਾਜ ਦੇ ਪਿੰਡੇ ਤੇ ਉੱਗ ਆਈ ਹੈ-

ਉਸ ਨੂੰ ਕਹੋ ਕਿ

ਇਹ ਯੁੱਗ ਵਾਰਸ ਦਾ ਯੁੱਗ ਨਹੀਂ

ਵੀਅਤਨਾਮ ਦਾ ਯੁੱਗ ਹੈ

ਹਰ ਖੇੜੇ ਵਿਚ ਹੱਕਾਂ ਦੇ ਸੰਗ੍ਰਾਮ ਦਾ ਯੁੱਗ ਹੈ।

ਇਉਂ ਪਾਸ਼ ਪੰਜਾਬੀ ਕਵਿਤਾ ਦਾ ਨਿੱਡਰ ਅਤੇ ਸੁਜੱਗ ਕਵੀ ਹੈ। ਉਹ ਆਪਣੇ ਦਿਲ ਦੀ ਗੱਲ ਨਿਝੱਕ ਹੋ ਕੇ ਬਿਨਾਂ ਕਿਸੇ ਡਰ ਦੇ ਪੂਰੀ ਦਲੇਰੀ ਨਾਲ ਕਹਿੰਦਾ ਹੈ। ਉਸ ਨਾਲ ਪੰਜਾਬੀ ਕਵਿਤਾ ਆਪਣਾ ਸਿਖਰ ਪ੍ਰਾਪਤ ਕਰਦੀ ਹੈ। ਉਸਨੇ ਪੰਜਾਬੀ ਪ੍ਰਗੀਤ ਪਰੰਪਰਾ ਅਤੇ ਖੁੱਲ੍ਹੀ ਕਵਿਤਾ ਨੂੰ ਗਹਿਰਾਈ ਪ੍ਰਦਾਨ ਕੀਤੀ ਅਤੇ ਨਵੀਆਂ ਉਚਾਈਆਂ ਵੀ ਬਖਸ਼ੀਆਂ। ਉਸਦੀ ਕਵਿਤਾ ਵਿੱਚ ਇਕੋ ਵੇਲੇ ਕਈ ਪਾਸਾਰ ਅਤੇ ਧਰਾਤਲ ਸਮਾਏ ਰਹਿੰਦੇ ਹਨ। ਉਸਦੀ ਕਵਿਤਾ ਵਿੱਚ ਸੰਵਾਦ ਵੀ ਹੈ ਅਤੇ ਤਨਜ਼ ਵੀ ਹੈ, ਤਰਕ ਵੀ ਹੈ ਅਤੇ ਸੰਵੇਦਨਾ ਵੀ। ਉਸ ਕੋਲ ਰਾਜਸੀ ਵਿਚਾਰਧਾਰਕ ਚੇਤਨਾ ਵੀ ਹੈ ਅਤੇ ਸਮੱਗਰ ਸਭਿਆਚਾਰਕ ਜਾਣਕਾਰੀ ਵੀ ਹੈ। ਉਸਦੀ ਕਵਿਤਾ ਵਿੱਚ ਤਲਖੀ ਵੀ ਹੈ ਅਤੇ ਜ਼ਿੰਦਗੀ ਦਾ ਮੋਹ ਵੀ। ਇਸ ਲਈ ਉਹ ਕਹਿੰਦਾ ਹੈ 'ਤਲਖੀਆਂ ਨੇ ਸਾਨੂੰ ਬੇਲਿਹਾਜ਼ ਕਰ ਦਿੱਤਾ ਹੈ ਤੇ ਅਣਖ ਨੇ ਸਾਨੂੰ ਵਹਿਸ਼ੀ ਬਣਾ ਦਿੱਤਾ ਹੈ:

ਮੇਰੇ ਕੋਲ ਕੋਈ ਚਿਹਰਾ

ਸੰਬੋਧਨ ਕੋਈ ਨਹੀਂ

ਧਰਤੀ ਦਾ ਝੱਲਾ ਇਸ਼ਕ ਸ਼ਾਇਦ ਮੇਰਾ ਹੈ

ਤੇ ਤਾਂਹੀਓਂ ਜਾਪਦੇ

ਮੈਂ ਹਰ ਚੀਜ਼ ਉੱਤੋਂ ਸਰਸਰਾ ਕੇ ਲੰਘ ਜਾਵਾਂਗਾ

ਸੱਜਣੋ

ਮੇਰੇ ਲੰਘ ਜਾਣ ਤੋਂ ਮਗਰੋਂ ਵੀ ਮੇਰੇ ਫ਼ਿਕਰ ਦੀ ਬਾਂਹ ਫੜੀ ਰੱਖਣੀ।

(ਪਾਸ਼)

**ਭਾਗ- ਅ**

**ਯੂਨਿਟ-5**

## ਸ਼ਿਵ ਕੁਮਾਰ ਬਟਾਲਵੀ

### ਸ਼ਿਵ ਕੁਮਾਰ ਬਟਾਲਵੀ ਦੀ ਕਾਵਿ ਦ੍ਰਿਸ਼ਟੀ/ ਵਿਸ਼ੇ/ ਕਾਵਿ ਸਰੋਕਾਰ/ ਬ੍ਰਿਹਾ ਅਨੁਭਵ

ਸ਼ਿਵ ਕੁਮਾਰ ਬਟਾਲਵੀ ਪੰਜਾਬੀ ਕਵਿਤਾ ਦਾ ਸਭ ਤੋਂ ਹਰਮਨ ਪਿਆਰਾ ਕਵੀ ਰਿਹਾ ਹੈ। ਉਸਨੂੰ ਹਰ ਉਮਰ ਵਰਗ ਦੇ ਪਾਠਕ ਪਸੰਦ ਕਰਦੇ ਹਨ। ਉਸਨੇ ਕਿਸੇ ਇਕ ਕਾਵਿ ਪ੍ਰਵਿਰਤੀ ਨਾਲ ਬੱਝ ਕੇ ਕਵਿਤਾ ਨਹੀਂ ਲਿਖੀ ਸਗੋਂ ਆਪਣੀ ਵਿਲੱਖਣ ਆਤੇ ਨਿਆਰੀ ਅਨੁਭਵ ਦ੍ਰਿਸ਼ਟੀ ਨਾਲ ਉਹ ਜ਼ਿੰਦਗੀ ਦੇ ਬਹੁ ਆਯਾਮੀ ਸਰੋਕਾਰਾਂ ਨਾਲ ਜੁੜਿਆ ਰਿਹਾ ਹੈ। ਉਸਦੀ ਕਵਿਤਾ ਉਪਰਲੀ ਨਜ਼ਰੇ ਅਤਿ ਦੇ ਨਿੱਜੀ ਅਨੁਭਵ ਦੀ ਪੀੜ ਲਗਦੀ ਹੈ ਪਰ ਡੂੰਘੀ ਤਰ੍ਹਾਂ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਇਹ ਕਵਿਤਾ ਮੈਮੂਲਕਤਾ ਦੀ ਹੀ ਨਹੀਂ ਸਗੋਂ ਸਵੈ ਪੀੜ ਦੇ ਸਮੁੱਚੇ ਮਨੁੱਖੀ ਦਰਦ ਨੂੰ ਆਪਣੇ ਅੰਦਰ ਸਮਾ ਲਿਆ। ਸ਼ਿਵ ਕੁਮਾਰ ਬਟਾਲਵੀ ਜਦੋਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ ਉਸ ਵਕਤ ਤੱਕ ਪੰਜਾਬੀ ਕਵਿਤਾ ਪੱਕੇ ਪੈਰੀਂ ਹੋ ਚੁੱਕੀ ਸੀ। ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋਫੈਸਰ ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਬਾਵਾ ਬਲਵੰਤ, ਜਸਵੰਤ ਸਿੰਘ ਨੇਕੀ, ਡਾ. ਜਸਵੀਰ ਸਿੰਘ ਆਹਲੂਵਾਲੀਆ ਆਦਿ ਕਵੀਆਂ ਦੀਆਂ ਦੋ ਪੀੜ੍ਹੀਆਂ ਪੰਜਾਬੀ ਕਵਿਤਾ ਦੇ ਖੇਤਰ ਵਿੱਚ ਪੂਰੀ ਤਰ੍ਹਾਂ ਸਰਗਰਮ ਸਨ। ਇਹਨਾਂ ਦਰਮਿਆਨ ਸ਼ਿਵ ਕੁਮਾਰ ਦੀ ਆਮਦ ਨਾਲ ਪੰਜਾਬੀ ਕਵਿਤਾ ਵੱਡੀਆਂ ਅਤੇ ਭਾਰੀਆਂ ਵਿਚਾਰਧਾਰਕ ਗੱਲਾਂ ਤੋਂ ਮਨੁੱਖ ਜ਼ਿੰਦਗੀ ਦੀਆਂ ਨਵੇਕਲੀਆਂ ਅਤੇ ਅਤਿਅੰਤ ਸਧਾਰਣ ਸਮਝੀਆਂ ਜਾਣ ਵਾਲੀਆਂ ਮਾਨਸਿਕ ਅਵਚੇਤਨੀ ਸਰਗਰਮੀਆਂ ਨੂੰ ਸੰਬੋਧਿਤ ਹੋਣੀ ਸ਼ੁਰੂ ਹੁੰਦੀ ਹੈ।

ਸ਼ਿਵ ਕੁਮਾਰ ਦੀ ਕਾਵਿ ਯੋਗਤਾ ਉਸ ਦੇ ਅਨੁਭਵ ਦੇ ਹਾਣ ਤੋਂ ਵੀ ਅੱਗੇ ਲੰਘ ਜਾਂਦੀ ਹੈ। ਉਸਦੀ ਪਛਾਣ ਪ੍ਰਗੀਤ ਦੀ ਸਿਰਜਣ ਕਾਰੀ ਕਰਕੇ ਨਿਆਰੀ ਹੈ। ਉਹ ਆਪਣੇ ਅਨੁਭਵ ਦੇ ਪ੍ਰਗਟਾ ਲਈ ਕਾਵਿ ਦੇ ਵਿਭਿੰਨ ਰੂਪਾਕਾਰਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਨ੍ਹਾਂ ਵਿਭਿੰਨ ਰੂਪਾਕਾਰਾਂ ਨੂੰ ਵੀ ਉਹ ਗੀਤ-ਕਾਵਿ ਦੀ ਯੋਗਤਾ ਮੁਤਾਬਿਕ ਰਲਾ ਮਿਲਾ ਲੈਂਦਾ ਹੈ। ਨਾਟਕ ਅਤੇ ਬਿਰਤਾਂਤ ਦੇ ਖੇਤਰ ਵਿੱਚ ਵੀ ਜਦੋਂ ਉਹ ਪ੍ਰਵੇਸ਼ ਕਰਦਾ ਹੈ ਤਾਂ ਨਾਟਕ ਨੂੰ ਗੀਤ-ਨਾਟ ਬਣਨਾ ਪੈਂਦਾ ਹੈ ਅਤੇ ਬਿਰਤਾਂਤ ਨੂੰ ਇਕਹਿਰਾ ਅਤੇ ਸਰਲ ਹੋ ਕੇ ਵਿਚਰਨਾ ਪੈਂਦਾ ਹੈ। ਇਥੋਂ ਤਕ ਕਿ ਨਾਟਕ ਦੇ ਪਾਤਰਾਂ ਦੇ ਚਿਹਰੇ-ਮੁਹਰੇ ਵੀ ਇਕ ਦੂਸਰੇ ਵਿਚ ਅਭੇਦ ਹੁੰਦੇ ਨਜ਼ਰ ਆਉਂਦੇ ਹਨ ਅਤੇ ਜਦੋਂ ਕਦੇ ਉਹ ਸੰਵਾਦੀ ਬੋਲ ਵੀ ਉਚਾਰਦੇ ਹਨ ਤਾਂ ਉਹ ਮਨੋ ਬਚਨੀ ਦੇ ਸੁਭਾਅ ਵਾਲੇ ਬਣ ਜਾਂਦੇ ਹਨ।

ਸ਼ਿਵ ਕੁਮਾਰ ਬਟਾਲਵੀ ਇਕ ਬਹੁਤ ਹੀ ਸੰਵੇਦਨਸ਼ੀਲ ਕਵੀ ਹੈ। ਉਸ ਨੇ ਪੰਜਾਬੀ ਕਵਿਤਾ ਦੀ ਅਮੀਰੀ ਨੂੰ ਹੋਰ ਵੀ ਉਚਤਾ ਬਖ਼ਸ਼ੀ ਹੈ। ਉਸਨੇ ਕਵਿਤਾ ਦੇ ਸਾਰੇ ਰੂਪਾਕਾਰਾਂ ਤੇ ਹੱਥ ਅਜਮਾਇਆ। ਗੀਤ, ਪ੍ਰਗੀਤ, ਨਜ਼ਮ, ਗ਼ਜ਼ਲ, ਖੁੱਲ੍ਹੀ ਕਵਿਤਾ, ਬ੍ਰਿਤਾਂਤਕ ਕਵਿਤਾ, ਲੰਬੀ ਕਵਿਤਾ, ਕਾਵਿ ਨਾਟ, ਮਰਸੀਏ ਭਾਵ ਕੋਈ ਵੀ ਕਾਵਿ ਵਨਗੀ ਸ਼ਿਵ

ਤੋਂ ਅਛੂਤੀ ਨਹੀਂ ਰਹੀ। ਉਸਨੇ ਪੰਜਾਬੀ ਕਵਿਤਾ ਨੂੰ 'ਪੀੜਾਂ ਦਾ ਪਰਾਗਾ' (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਬਿਰਹਾ ਤੂੰ ਸੁਲਤਾਨ (1964), ਦਰਦਮੰਦਾਂ ਦੀਆਂ ਆਹੀਂ (1964), ਲੂਣਾ (1965), ਮੈਂ ਤੇ ਮੈਂ (1970), ਆਰਤੀ (1971), ਆਲਵਿਦਾ (1974), ਬਿਰਹੜਾ (1975), ਅਸਾਂ ਜੋਬਨ ਰੁੱਤੇ ਮਰਨਾ(1976) ਕਾਵਿ-ਸੰਗ੍ਰਹਿ ਪੰਜਾਬੀ ਕਵਿਤਾ ਦੀ ਝੋਲੀ ਪਾਏ। ਇਹਨਾਂ ਪੁਸਤਕਾਂ ਵਿੱਚ ਉਸਦੀ ਵਿਚਾਰਧਾਰਾ ਦੇ ਵੰਨ ਸਵੰਨੇ ਰੂਪ ਨਜ਼ਰ ਪੈਂਦੇ ਹਨ। ਮੁਹੱਬਤ, ਗਮ ਅਤੇ ਬਿਰਹਾ ਦਾ ਅਹਿਸਾਸ ਉਸਦੀ ਕਵਿਤਾ ਦਾ ਮੂਲ ਥੀਮ ਰਹਿੰਦਾ ਹੈ। ਅਮੜੀ, ਬਾਬਲ, ਸੱਜਣ ਉਸਦੇ ਪਸੰਦੀਦਾ ਸ਼ਬਦ ਹਨ। ਨਾਰੀ ਮਨ ਦੀ ਭਾਵਨਾ ਅਤੇ ਵੇਦਨਾ ਉਸ ਦੀ ਕਾਵਿ ਮੈਂ ਦੇ ਅੰਗ ਸੰਗ ਰਹਿੰਦੀ ਹੈ। ਉਸਦਾ ਸਮੁੱਚਾ ਵਿਉ ਪੁਆਇੰਟ ਨਾਰੀ ਵੇਦਨਾ, ਸੰਵੇਦਨਾ ਅਤੇ ਨਾਰੀ ਅਵਚੇਤਨ ਵਾਲਾ ਹੈ। ਉਸ ਨੇ ਸ਼ੀਸ਼ੋ, ਲਾਜਵੰਤੀ, ਗਰਭਵਤੀ, ਆਟੇ ਦੀਆਂ ਚਿੜੀਆਂ, ਲੂਣਾ ਆਦਿ ਨਾਰੀਵਾਦੀ ਪਰਿਪੇਖ ਤੋਂ ਅਤੇ ਨਾਰੀ ਦੇ ਦ੍ਰਿਸ਼ਟੀਕੋਣ ਤੋਂ ਰਚੀਆਂ ਹਨ।

ਇਸ ਮਹਾਨ ਪ੍ਰਤਿਭਾਸ਼ਾਲੀ ਅਤੇ ਸੰਵੇਦਨਸ਼ੀਲ ਸ਼ਾਇਰ ਦੇ ਜਨਮ ਬਾਰੇ ਵਿਦਵਾਨਾਂ ਵਿੱਚ ਦੋ ਧਾਰਨਾਵਾਂ ਪ੍ਰਚਲਤ ਹਨ। ਇਨ੍ਹਾਂ ਦੋ ਧਾਰਨਾਵਾਂ ਦਾ ਪਿਛੋਕੜ ਸ਼ਿਵ ਕੁਮਾਰ ਦੇ ਜੀਵਨ ਨਾਲ ਸੰਬੰਧਿਤ ਬਣੀ ਹੋਈ ਜਨਮ ਪੱਤਰੀ ਅਤੇ ਦਸਵੀਂ ਦੇ ਸਰਟੀਫਿਕੇਟ ਦਾ ਹੋਣਾ ਹੈ। ਅੱਜ ਕਲ੍ਹ ਪੱਕੇ ਤੌਰ ਤੇ ਦਸਵੀਂ ਦੇ ਸਰਟੀਫਿਕੇਟ ਵਾਲੀ ਜਨਮ ਮਿਤੀ ਨੂੰ ਹੀ ਪ੍ਰਮਾਣਕ ਮੰਨਿਆ ਜਾਂਦਾ ਹੈ ਪਰ ਭਾਰਤੀ ਸਭਿਆਚਾਰਕ ਪਰੰਪਰਾ ਮੁਤਾਬਿਕ ਜਨਮ ਪੱਤਰੀ ਵੀ ਕੋਈ ਸੁੱਟ ਪਾਉਣ ਵਾਲਾ ਦਸਤਾਵੇਜ਼ ਨਹੀਂ ਹੈ। ਸ਼ਿਵ ਦੀ ਜਨਮ ਪੱਤਰੀ ਮੁਤਾਬਿਕ ਉਸਦਾ ਜਨਮ 23 ਜੁਲਾਈ 1936 ਨੂੰ ਹੁੰਦਾ ਹੈ ਪਰ ਉਸਦੇ ਦਸਵੀਂ ਦੇ ਸਰਟੀਫਿਕੇਟ ਮੁਤਾਬਿਕ ਉਸ ਦੀ ਜਨਮ ਮਿਤੀ 8 ਅਕਤੂਬਰ 1937 ਈ. ਪ੍ਰਾਪਤ ਹੁੰਦੀ ਹੈ। ਇਹ ਵੀ ਸੰਭਵ ਹੈ ਕਿ ਉਸ ਦਾ ਜਨਮ 23 ਜੁਲਾਈ 1936 ਨੂੰ ਹੀ ਹੋਇਆ ਹੋਵੇ ਪਰ ਸਰਟੀਫਿਕੇਟ ਉਪਰ ਲਿਖਾਉਣ ਲੱਗਿਆ ਮਾਸਟਰ ਜੀ ਨੇ ਜਨਮ ਤਰੀਖ਼ ਆਪਣੇ ਹਿਸਾਬ ਨਾਲ ਜਾਂ ਕਿਸੇ ਵੱਡੇ ਜੀਅ ਦੇ ਕਹਿਣ ਤੇ ਨਵੀਂ ਲਿਖ ਦਿੱਤੀ ਹੋਵੇ।

ਸ਼ਿਵ ਕੁਮਾਰ ਦੇ ਜਨਮ ਅਸਥਾਨ ਬੜਾ ਪਿੰਡ ਲੋਹਟੀਆਂ ਬਾਰੇ ਵਿਦਵਾਨਾਂ ਵਿਚ ਕੋਈ ਮਤਭੇਦ ਨਹੀਂ ਹੈ। ਪੰਜਾਬੀ ਦੇ ਪ੍ਰਸਿੱਧ ਨਾਵਲਕਾਰ ਮੋਹਨ ਕਾਹਲੋਂ ਅਨੁਸਾਰ ਬੜਾ ਪਿੰਡ ਲੋਹਟੀਆਂ ਬਸੰਤਰ ਨਦੀ ਦੇ ਕੰਢੇ ਉੱਤੇ ਵੱਸਿਆ ਹੋਇਆ ਹੈ ਅਤੇ ਇਹ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਸ਼ਕਰਗੜ੍ਹ ਦੇ ਇਲਾਕੇ ਵਿਚ ਆਉਂਦਾ ਹੈ ਜੋ ਅੱਜ ਕੱਲ ਪਾਕਿਸਤਾਨ ਦੇ ਇਲਾਕੇ ਵਿਚ ਸਥਿਤ ਹੈ। ਮੂਲ ਰੂਪ ਵਿਚ ਬਸੰਤਰ ਨਦੀ ਜੰਮੂ ਕਸ਼ਮੀਰ ਦੀਆਂ ਸੰਘਣੀਆਂ ਪਹਾੜੀਆਂ ਵਿਚੋਂ ਜਨਮ ਲੈਂਦੀ ਹੈ। ਸ਼ਿਵ ਕੁਮਾਰ ਦੀ ਮਾਤਾ ਦਾ ਨਾਮ ਸ਼ਾਂਤੀ ਦੇਵੀ ਅਤੇ ਪਿਤਾ ਦਾ ਨਾਮ ਪੰਡਿਤ ਕ੍ਰਿਸ਼ਨ ਗੋਪਾਲ ਸੀ। ਸ਼ਿਵ ਕੁਮਾਰ ਦੇ ਪਰਿਵਾਰ ਵਿਚ ਉਸ ਦੇ ਹੋਰ ਦੋ ਭਰਾ ਅਤੇ ਤਿੰਨ ਭੈਣਾਂ ਵੀ ਸਨ। ਪੇਸ਼ੇ ਵਜੋਂ ਉਹ ਪਹਿਲਾਂ ਪਟਵਾਰੀ ਭਰਤੀ ਹੋਇਆ ਪਰ ਇਸ ਨੌਕਰੀ ਵਿੱਚ ਉਸਦਾ ਮਨ ਨਾ ਲੱਗਿਆ ਅਤੇ ਉਸ ਨੇ ਇਹ ਨੌਕਰੀ ਛੱਡ ਦਿੱਤੀ । ਫਿਰ ਪਰਿਵਾਰ ਦਾ ਗੁਜ਼ਾਰਾ ਚਲਾਉਣ ਲਈ ਉਹ ਬੈਂਕ ਵਿੱਚ ਕਲਰਕ ਭਰਤੀ ਹੋ ਗਿਆ । ਇਸ ਨੌਕਰੀ ਵਿੱਚ ਵੀ ਉਸਦਾ ਮਨ ਨਾ ਲੱਗਿਆ ਅਤੇ ਉਹ ਬਟਾਲੇ ਤੋਂ ਵੱਡੇ ਸੁਪਨੇ ਲੈ ਕੇ ਚੰਡੀਗੜ੍ਹ ਆ ਗਿਆ। ਇਥੇ ਕੁਝ ਸਮੇਂ

ਤੱਕ ਸਾਹਿਤਕ ਫਹਿਫਲਾਂ ਦਾ ਸ਼ਿੰਗਾਰ ਬਣਦਾ ਰਿਹਾ ਜ਼ਿੰਦਗੀ ਦੇ ਜਸ਼ਨ ਮਨਾਉਣ ਵਿੱਚ ਮਗਨ ਰਿਹਾ ਪਰ ਪੱਥਰਾਂ ਦੇ ਸ਼ਹਿਰ ਵਿੱਚ ਉਸ ਨੂੰ ਇਕੱਲਤਾ ਖਾਣ ਲੱਗ ਪਈ ਅਤੇ ਇਸ ਸ਼ਹਿਰ ਤੋਂ ਵੀ ਉਸਦਾ ਮਨ ਉੱਠ ਗਿਆ।

ਹਾਏ ਵੇ ਸ਼ਿਵ ਕੀ ਕਰ ਲਿਆਇਆਂ ਆਪਣੇ ਆਪ ਨੂੰ। ਚੰਡੀਗੜ੍ਹ ਤੈਨੂੰ ਇਹੋ ਜਿਹਾ ਤੱਗਿਆ ਸੀ ਕੋਈ? ਵਿਆਜ ਤੇ ਛੱਡਿਆ ਤੂੰ ਤੇ ਮੂਲ ਵੀ ਰੋਹੜ ਆਇਉਂ। ਹੁਣ ਉਹ ਬਿਮਾਰ ਰਹਿਣ ਲੱਗ ਗਿਆ ਸੀ। ਉਸਦੀ ਪਤਨੀ ਨੇ ਉਸਨੂੰ ਕੁਝ ਸਮਾਂ ਹਸਪਤਾਲ ਦਾਖ਼ਲ ਕਰਵਾਇਆ ਪਰ ਸਿਹਤ ਜਿਆਦਾ ਵਿਗੜਨ ਕਾਰਨ ਉਸਦੀ ਪਤਨੀ ਨੇ ਸ਼ਿਵ ਨੂੰ ਬਟਾਲੇ ਵਿਖੇ ਉਸਦੇ ਮਾਂ-ਬਾਪ ਕੋਲ ਲਿਆਉਣਾ ਬਿਹਤਰ ਸਮਝਿਆ। ਉਸ ਤੋਂ ਕੁਝ ਸਮਾਂ ਬਾਅਦ ਸ਼ਿਵ ਆਪਣੇ ਸਹੁਰੇ ਪਿੰਡ ਮੰਗਿਆਲ ਵਿਖੇ ਚਲਾ ਗਿਆ।

ਮੋਹਨ ਕਾਹਲੋਂ ਲਿਖਦਾ ਹੈ ਕਿ ਹੁਣ ਵੈਦਾਂ, ਹਕੀਮਾਂ, ਡਾਕਟਰਾਂ ਤੋਂ ਉਸ ਦਾ ਵਿਸ਼ਵਾਸ ਉੱਠ ਚੁੱਕਾ ਸੀ। ਉਹ ਬਟਾਲੇ ਤੋਂ ਆਪਣੇ ਸਹੁਰੇ ਪਿੰਡ ਮੰਗਿਆਲ ਵਿਖੇ ਚਲਾ ਗਿਆ। ਸ਼ਿਵ ਨੂੰ ਇਸ ਤੱਥ ਦਾ ਅਹਿਸਾਸ ਹੋ ਗਿਆ ਸੀ ਕਿ ਉਸ ਦੇ ਜੀਵਨ ਦੀ ਲੋਅ ਲਗਾਤਾਰ ਮੱਠੀ ਹੁੰਦੀ ਜਾ ਰਹੀ ਹੈ ਅਤੇ ਇਹ ਕਿਸੇ ਵੇਲੇ ਵੀ ਬੁੱਝ ਸਕਦੀ ਹੈ। ਕਦੇ ਉਸ ਨੇ ਕਿਹਾ ਸੀ ਕਿ ਉਸ ਦਾ ਸਹੁਰਾ ਪਿੰਡ ਮੰਗਿਆਲ ਜੀਣ ਲਈ ਵੀ ਚੰਗਾ ਹੈ ਤੇ ਮਰਨ ਲਈ ਵੀ। ਮੌਤ ਦੀ ਹੋਣੀ ਉਸ ਨੂੰ ਖਿਚ ਕੇ ਮੰਗਿਆਲ ਵਿਖੇ ਲੈ ਗਈ ਸੀ, ਅੰਤ 6 ਮਈ 1973 ਦੀ ਰਾਤ ਨੂੰ 37 ਸਾਲ 10 ਮਹੀਨਿਆਂ ਦਾ ਜੀਵਨ ਸਫ਼ਰ ਤਹਿ ਕਰਕੇ ਪੰਜਾਬੀ ਸਾਹਿਤ-ਸੰਸਾਰ ਦਾ ਨਿਵੇਕਲਾ ਸਿਤਾਰਾ ਸਦਾ ਲਈ ਅਲੋਪ ਹੋ ਗਿਆ। ਪੰਜਾਬੀ ਦਿਲਾਂ ਦੀ ਧੜਕਨ ਰਹੇ ਸ਼ਿਵ ਦੀ ਹੂਕ ਪਾਉਂਦੀ ਅਵਾਜ਼ ਸਦਾ ਲਈ ਖ਼ਾਮੋਸ਼ ਹੋ ਗਈ।

**ਸ਼ਿਵ ਕੁਮਾਰ ਦੀ ਸਾਹਿਤ ਯਾਤਰਾ**

ਸ਼ਿਵ ਕੁਮਾਰ ਦੇ ਪਿੰਡ ਲੋਹਟੀਆਂ ਦੇ ਕੋਲੋਂ ਲੰਘਦੀ ਬਸੰਤਰ ਨਦੀ ਬਾਰੇ ਅੰਮ੍ਰਿਤਾ ਪ੍ਰੀਤਮ ਨੇ ਲਿਖਿਆ ਹੈ ਕਿ ਸ਼ਿਵ ਕੁਮਾਰ ਜਦੋਂ ਜੰਮਿਆ ਸੀ ਤਾਂ ਉਸ ਦੀ ਮਾਂ ਨੇ ਅੱਗ ਦੀ ਨਦੀ ਵਿਚੋਂ ਪਾਣੀ ਲਿਆ ਕੇ ਆਪਣੇ ਪੁੱਤਰ ਨੂੰ ਚਖਾਇਆ। ਬਸੰਤਰ ਨਦੀ ਬਾਰੇ ਜੋ ਹੋਰ ਜਾਣਕਾਰੀ ਪ੍ਰਾਪਤ ਹੁੰਦੀ ਹੈ ਉਹ ਇਹ ਹੈ ਕਿ ਇਸ ਦੇ ਆਸੇ ਪਾਸੇ ਕਾਈ, ਘਾਹ-ਫੂਸ ਅਤੇ ਦੂਰ ਤਕ ਜੰਗਲ ਬੇਲਾ ਵੀ ਫੈਲਿਆ ਹੋਇਆ ਸੀ। ਸ਼ਿਵ ਕੁਮਾਰ ਦੇ ਮੁੱਢਲੇ ਜੀਵਨ ਬਾਰੇ ਇਹ ਜਾਣਕਾਰੀ ਵੀ ਪ੍ਰਾਪਤ ਹੁੰਦੀ ਹੈ ਕਿ ਉਹ ਰੁਮਾਨੀ ਸੁਭਾਅ ਅਤੇ ਮਿੱਠੀ ਆਵਾਜ਼ ਵਾਲਾ ਬਾਲਕ ਸੀ। ਸਾਰਾ ਸਾਰਾ ਦਿਨ ਆਪਣੀ

ਇਕੱਲਤਾ ਵਿਚ ਗੁੰਮ ਹੋ ਕੇ ਬਸੰਤਰ ਨਦੀ ਦੇ ਪੱਥਰਾਂ-ਗੀਟਿਆਂ ਸੰਗ ਖੇਡਦਾ ਰਹਿੰਦਾ ਸੀ ਅਤੇ ਕਦੇ ਪਿੰਡ ਦੇ ਮੁੰਡਿਆਂ, ਕੁੜੀਆਂ ਅਤੇ ਸੁਆਣੀਆਂ ਦੀਆਂ ਢਾਣੀਆਂ ਵਿਚ ਸੁਰੀਲੇ ਗੀਤ ਗਾ ਕੇ ਉਨ੍ਹਾਂ ਦਾ ਮਨ ਪ੍ਰਚਾਉਂਦਾ ਸੀ। ਬਸੰਤਰ ਨਦੀ ਦੀ ਪ੍ਰਾਕ੍ਰਿਤਿਕ ਸੁੰਦਰਤਾ ਅਤੇ ਪਿੰਡ ਦੀਆਂ ਮਹਿਫ਼ਲਾਂ ਉਸ ਦੇ ਬਚਪਨ ਦੀਆਂ ਵਿਸ਼ੇਸ਼ ਖਿੱਚਾਂ ਬਣੀਆਂ। ਰੁਮਾਨੀ ਸੁਭਾਅ ਦਾ ਮਾਲਕ ਹੋਣ ਕਰਕੇ ਉਸ ਦਾ ਨਾਂ ਪਿੰਡ ਲੋਹਟੀਆਂ ਦੇ ਇਕ ਮਸਤ ਮਲੰਗ ਦੇ ਫਕੀਰ ਦੇ ਨਾਂ ਤੇ

'ਮੰਦ੍ਰ ਮਲੰਗ' ਪੈ ਗਿਆ ਸੀ। ਬਾਲ ਉਪਰ ਦਾ ਪੇਂਡੂ ਮੋਹ ਅਤੇ ਬਾਲਪਨ ਦਾ ਅਮੀਰ ਅਨੁਭਵ ਉਸਦੀ ਕਵਿਤਾ ਵਿੱਚ ਬਾਖੂਬੀ ਝਲਕਦਾ ਹੈ:

ਉੱਚੇ ਟਿੱਬੇ ਪਿੰਡ ਬਸੋਹਲੀ

ਨੇੜੇ ਜੰਮੂ ਸ਼ਹਿਰ ਸੁਣੀਂਦਾ,

ਕਿਸੇ ਕੁੜੀ ਦੀ ਗੋਰੀ ਹਿੱਕ ਤੇ

ਕਾਲੇ ਤਿਲ ਦੇ ਵਾਂਗ ਦਸੀਂਦਾ ।

ਜਾਂ ਮੰਦਰ ਦੀ ਮਮਟੀ ਉੱਤੇ,

ਘਿਉ ਦੇ ਦੀਵੇ ਵਾਂਗ ਬਲੀਦਾ

ਰੋਜ਼ ਤਵੀ ਦੇ ਪਾਣੀ ਪੀਂਦਾ !

ਉੱਚੇ ਟਿੱਬੇ ਪਿੰਡ ਬਸੋਹਲੀ

ਨੇੜੇ ਜੰਮੂ ਸ਼ਹਿਰ ਸੁਣੀਂਦਾ !...

ਚੜ੍ਹਦੀ ਜਵਾਨੀ ਦੀ ਉਮਰੇ ਸ਼ਿਵ ਨੂੰ ਪਹਿਲੇ ਪਹਿਲੇ ਪਿਆਰ ਦਾ ਅਹਿਸਾਸ ਵੀ ਇਸੇ ਪਿੰਡ ਵਿੱਚ ਹੀ ਹੁੰਦਾ ਹੈ। ਮੁਹੱਬਤ ਦੀ ਜਾਗ ਲਾਉਣ ਵਿੱਚ ਪਿੰਡ ਬਸੋਹਲੀ ਦੀ ਮਿੱਟੀ ਦੀ ਮਹਿਕ ਅਤੇ ਇਥੋਂ ਦੇ ਵਾਤਾਵਰਣ ਦਾ ਵੀ ਵਿਸ਼ੇਸ਼ ਦਖਲ ਹੈ। ਇਸ ਗਰਾਂ ਦੀਆਂ ਖੂਬਸੂਰਤ ਨੱਢੀਆਂ ਉਸ ਦੇ ਦਿਲ ਦੀਆਂ ਤਾਰਾਂ ਨੂੰ ਛੇੜਦੀਆਂ ਹਨ:

ਏਸ ਗਰਾਂ ਦੀਆਂ ਸੰਦਲੀ ਰਾਹਵਾਂ

ਛਾਵਾਂ ਦੇ ਗਲ ਪਾ ਕੇ ਬਾਹਵਾਂ

ਵੇਖਣ ਆਉਂਦੇ ਜਾਂਦੇ ਰਾਹੀ,

ਪੁੱਛਣ ਹਰ ਇਕ ਦਾ ਸਿਰਨਾਵਾਂ !

ਬੈਂਕੜ ਗੁੱਲਰ, ਪੰਜ ਫੂਲੀਆਂ

ਟੁਰ ਟੁਰ ਵੇਖਣ ਆਉਣ ਸ਼ੁਆਵਾਂ

ਅੱਧੀ ਰਾਤੀਂ ਰੁੱਖਾਂ ਵਿਚੋਂ,

ਲੰਘ ਲੰਘ ਜਾਵਣ ਤੇਜ਼ ਹਵਾਵਾਂ।...

ਏਸ ਗਰਾਂ ਵਿਚ ਸਰਘੀ ਵੇਲੇ

ਉੱਚੇ ਟਿੱਬੇ ਦੁੱਧ ਚੁਬਾਰੇ,

ਈਕਣ ਲੱਗਣ ਪਿਆਰੇ ਪਿਆਰੇ

ਜੀਕਣ ਕਾਲੀ ਬਦਲੀ ਦੇ ਵਿਚ

ਚਿੱਟਾ ਬਗਲਾ ਤਾਰੀ ਮਾਰੇ।

ਕਦੇ ਕਦੇ ਇਹਦੇ ਮਹਿਲਾਂ ਉਹਲੇ...

ਨਿੱਕੀ ਸੋਨ-ਚਿੜੀ ਇਕ ਬੋਲੇ !

ਜਾਂ ਕੋਈ ਲੰਮ-ਸਲੰਮੀ ਨੱਢੀ,

ਮਹਿਲਾਂ ਦੇ ਦਰਵਾਜ਼ੇ ਖੋਹਲੇ !...

ਕਿਸੇ ਕਿਸੇ ਬਾਰੀ ਦੇ ਪਿੱਛੇ,

ਬੈਠੀ ਕੋਈ ਤ੍ਰੀਮਤ ਦਿੱਸੇ

ਰੱਖੀ ਪੱਟਾਂ ਦੇ ਵਿਚ ਸ਼ੀਸ਼ਾ

ਕੋਹ ਕੋਹ ਲੰਮੇ ਵਾਲ ਵਰੋਲੇ !

ਪਰ ਨਾ ਮੂੰਹੋਂ ਕੁਝ ਵੀ ਬੋਲੇ !

ਕਦੇ ਕਦੇ ਜਾਂ ਚੋਣਾਂ ਵਾਲਾ

ਸਾਲੂ ਪੀਲੀ ਭਾ ਮਰੀਂਦਾ,

ਦਿੱਸੇ ਮਹਿਲਾਂ ਵਿਚ ਉੜੀਂਦਾ,

ਪੌਣਾਂ ਵਿਚੋਂ ਮਹਿਕ ਛੜੀਂਦਾ।

ਉੱਚੇ ਟਿੱਬੇ ਪਿੰਡ ਬਸੋਹਲੀ

ਨੇੜੇ ਜੰਮੂ ਸ਼ਹਿਰ ਸੁਣੀਂਦਾ,

ਕਿਸੇ ਕੁੜੀ ਦੀ ਗੋਰੀ ਹਿੱਕ ਤੇ

ਕਾਲੇ ਤਿਲ ਦੇ ਵਾਂਗ ਦਸੀਂਦਾ ।

ਏਸ ਗਰਾਂ ਦੇ ਆਲੇ-ਦੁਆਲੇ।

ਕੂਲਾਂ, ਕੱਸੀਆਂ, ਨਦੀਆਂ ਨਾਲੇ

ਲੈਣ ਪ੍ਰਕਰਮਾ ਕਰਮਾਂ ਵਾਲੇ।

ਆਸ਼ਕ ਨਾਉਣ ਨਸੀਬਾਂ ਵਾਲੇ ।

(ਬਿਰਹਾ ਤੂੰ ਸੁਲਤਾਨ,ਪੰਨਾ-123-126)

ਬਸੰਤਰ ਨਦੀ ਦੇ ਕੰਢੇ ਤੇ ਕਦੇ ਉਹ ਬਾਲ-ਮਿੱਤਰਾਂ ਸੰਗ ਅਤੇ ਕਦੇ ਇਕੱਲਾ ਘੰਟਿਆਂ ਬੱਧੀ ਖੇਡਦਾ ਰਹਿੰਦਾ। ਇਸ ਇਕੱਲਤਾ ਦੇ ਮਾਹੌਲ ਨੇ ਸ਼ਿਵ ਕੁਮਾਰ ਨੂੰ ਕਾਵਿਕ ਸੁਭਾਅ ਦਾ ਬਣਾਉਣ ਵਿਚ ਆਪਣਾ ਅਹਿਮ ਹਿੱਸਾ ਪਾਇਆ ਹੈ। ਪਿੰਡ ਦੀ ਰਹਿਣੀ ਬਹਿਣੀ ਅਤੇ ਜੀਵਨ-ਜਾਚ ਬਚਪਨ ਵਿਚ ਉਸ ਦੇ ਅੰਗ ਸੰਗ ਰਹੀ ਸੀ। ਬਚਪਨ ਦੇ ਸਾਦ-ਮੁਰਾਦੇ ਪ੍ਰਭਾਵਾਂ ਅਤੇ ਆਲੇ ਦੁਆਲੇ ਦੇ ਸਹਿਜ ਨੇ ਉਸ ਦੀ ਕਾਵਿ-ਸਿਰਜਣਾ ਵੇਲੇ ਆਪਣਾ ਗਹਿਰਾ ਅਸਰ ਵਿਖਾਇਆ ਪ੍ਰਤੀਤ ਹੁੰਦਾ ਹੈ।

ਸ਼ਿਵ ਕੁਮਾਰ ਨੇ ਮੁੱਢਲੀ ਵਿਦਿਆ ਆਪਣੇ ਪਿੰਡ ਵਿਚੋਂ ਹੀ ਹਾਸਿਲ ਕੀਤੀ ਅਤੇ ਚੌਥੀ ਜਮਾਤ ਵਿਚ ਉਹ ਵਜ਼ੀਫ਼ਾ ਲੈ ਕੇ ਪਾਸ ਹੋਇਆ। ਪੰਜਵੀਂ ਜਮਾਤ ਲਈ ਸ਼ਿਵ ਕੁਮਾਰ ਨੂੰ ਉਸ ਦੇ ਪਿਤਾ ਨੇ ਡੇਰਾ ਬਾਬਾ ਨਾਨਕ ਵਿਖੇ ਸਕੂਲ ਵਿਚ ਦਾਖ਼ਲ ਕਰਵਾ ਦਿੱਤਾ। ਕੁਝ ਸਮੇਂ ਬਾਅਦ ਦੇਸ਼ ਦੀ ਆਜ਼ਾਦੀ ਦੇ ਨਾਲ ਹੀ ਉਸਦੇ ਪਰਿਵਾਰ ਨੂੰ ਫ਼ਿਰਕੂ-ਫ਼ਸਾਦਾਂ ਦਾ ਸ਼ਿਕਾਰ ਹੋਣਾ ਪਿਆ। 1947 ਦੀ ਭਾਰਤ-ਪਾਕਿ ਦੀ ਵੰਡ ਦੇ ਦੁਖਾਂਤ ਨੂੰ ਸ਼ਿਵ ਕੁਮਾਰ ਨੇ ਗਿਆਰਾਂ ਸਾਲ ਦੀ ਬਾਲ ਉਮਰ ਵਿਚ ਆਪਣੀਆਂ ਅੱਖਾਂ ਨਾਲ ਵੇਖਿਆ। ਇਸ ਕਤਲੇਆਮ ਦਾ ਬਾਲ-ਮਨ ਉਪਰ ਗਹਿਰਾ ਪ੍ਰਭਾਵ ਪਿਆ। ਇਸ ਉਜਾੜੇ, ਕਤਲੋਗਾਰਤ ਅਤੇ ਅਮਾਨਵੀ ਕਾਰਵਾਈਆਂ ਦੇ ਪ੍ਰਤਿਬਿੰਬ ਸ਼ਿਵ ਕੁਮਾਰ ਦੀ ਕਵਿਤਾ ਵਿੱਚ ਸਪੱਸ਼ਟ ਦੇਖੇ ਜਾ ਸਕਦੇ ਹਨ। ਇਹ ਵੀ ਸੰਭਵ ਹੈ ਕਿ ਬਾਲ ਮਨ ਉਪਰ ਪਏ ਇਸ ਗਹਿਰੇ ਪ੍ਰਭਾਵ ਕਾਰਨ ਹੀ

ਬਿਰਹਾ ਅਤੇ ਵਿਛੋੜਾ ਉਸ ਦੇ ਜ਼ਿਹਨ ਵਿੱਚ ਧਸ ਗਿਆ। ਇਸ ਦਾ ਅਸਰ ਉਸਦੀ ਸਮੁੱਚੀ ਕਵਿਤਾ ਵਿੱਚ ਦੇਖਿਆ ਜਾ ਸਕਦਾ ਹੈ:

ਗ਼ਮਾਂ ਦੀ ਰਾਤ ਲੰਮੀ ਏ ਜਾਂ ਮੇਰੇ ਗੀਤ ਲੰਮੇ ਨੇ।

ਨਾ ਭੈੜੀ ਰਾਤ ਮੁੱਕਦੀ ਏ, ਨਾ ਮੇਰੇ ਗੀਤ ਮੁੱਕਦੇ ਨੇ।

ਇਹ ਸਰ ਕਿੰਨੇ ਕੁ ਡੂੰਘੇ ਨੇ ਕਿਸ ਨੇ ਹਾਥ ਨਾ ਪਾਈ,

ਨਾ ਬਰਸਾਤਾਂ 'ਚ ਚੜ੍ਹਦੇ ਨੇ ਤੇ ਨਾ ਔੜਾਂ 'ਚ ਸੁੱਕਦੇ ਨੇ।

(ਬਿਰਹਾ ਤੂੰ ਸੁਲਤਾਨ,ਪੰਨਾ-55)

ਇਉਂ ਗਮ ਤੇ ਬਿਰਹਾ ਦਾ ਡੂੰਘਾ ਅਹਿਸਾਸ ਸ਼ਿਵ ਦੀ ਕਵਿਤਾ ਦੇ ਅਵਚੇਤਨ ਦਾ ਅਨਿਵਾਰੀ ਅੰਗ ਬਣ ਗਿਆ। 'ਪੀੜ੍ਹਾਂ ਦਾ ਪਰਾਗਾ' ਸ਼ਿਵ ਦੀ ਅਜਿਹੀ ਸਸ਼ਕਤ ਕਵਿਤਾ ਹੈ ਜਿਹੜੀ ਪੇਂਡੂ ਪੰਜਾਬੀ ਸਭਿਆਚਾਰਕ ਪਿਛੋਕੜ ਵਿੱਚੋਂ ਅਜਿਹੇ ਬਿੰਬ ਚੁਣੇ ਹਨ ਜਿਹੜੇ ਆਪਣਾ ਨਿਵੇਕਲਾ ਪ੍ਰਭਾਵ ਛਡਦੇ ਹਨ। ਸ਼ਿਵ ਕੁਮਾਰ ਨੂੰ ਕੁਦਰਤ ਨੇ ਸੁਰੀਲੀ ਅਵਾਜ਼ ਬਖਸ਼ਿਸ਼ ਕੀਤੀ ਸੀ। ਉਸਦੀ ਕਾਵਿ ਯੋਗਤਾ ਅਤੇ ਸੰਚਾਰ ਯੋਗਤਾ ਇਨੀ ਬਕਮਾਲ ਸੀ ਕਿ ਜਦੋਂ ਉਹ ਬਿਰਹਾ ਦਾ ਗੀਤ ਵੀ ਸਰੋਦੀ ਹੂਕ ਵਿੱਚ ਗਾਉਂਦਾ ਸੀ ਤਾਂ ਸਰੋਤਿਆਂ ਦੇ ਦਿਲਾਂ ਨੂੰ ਧੂਹ ਪਾ ਦਿੰਦਾ ਸੀ:

ਤੈਨੂੰ ਦਿਆਂ ਹੰਝੂਆਂ ਦਾ ਭਾੜਾ,

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ !

ਭੱਠੀ ਵਾਲੀਏ ਚੰਬੇ ਦੀਏ ਡਾਲੀਏ

ਨੀ ਦੁੱਖਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ !

ਹੋ ਗਿਆ ਕੁਵੇਲਾ ਮੈਨੂੰ

ਢਲ ਗਈਆਂ ਛਾਵਾਂ ਨੀ,

ਬੇਲਿਆਂ ਚੋਂ ਮੁੜ ਆਈਆਂ,

ਮੱਝੀਆਂ ਤੇ ਗਾਵਾਂ ਨੀ।

ਪਾਇਆ ਚਿੜੀਆਂ ਨੇ ਚੀਕ-ਚਿਹਾੜਾ

ਨੀ ਪੀੜਾਂ ਦਾ ਪਰਾਗਾ ਭੁੰਨ ਦੇ।

ਭੱਠੀ ਵਾਲੀਏ !

ਤੈਨੂੰ ਦਿਆਂ ਹੰਝੂਆਂ ਦਾ ਭਾੜਾ,

ਨੀ ਦੁੱਖਾਂ ਦਾ ਪਰਾਗਾ ਭੁੰਨ ਦੇ,

ਭੱਠੀ ਵਾਲੀਏ !

(ਬਿਰਹਾ ਤੂੰ ਸੁਲਤਾਨ, ਪੰਨਾ-62)

ਇਉਂ ਸ਼ਿਵ ਕੁਮਾਰ ਦੀ ਕਵਿਤਾ ਵਿੱਚ ਰੁਦਨ, ਉਪਰਾਮਤਾ ਅਤੇ ਤਰਾਸਦਿਕ ਵੇਦਨਾ ਦੀ ਗਹਿਰੀ ਪੇਸ਼ਕਾਰੀ ਹੋਈ ਮਿਲਦੀ ਹੈ। ਪਿਆਰ ਦੀ ਅਪ੍ਰਾਪਤੀ ਅਤੇ ਅਸਫਲਤਾ ਵਿੱਚੋਂ ਉਪਜੇ ਗ਼ਮ, ਪੀੜ੍ਹਾ ਅਤੇ ਵਿਛੋੜੇ ਨੇ ਉਸਨੂੰ ਧੁਰ ਆਤਮਕ ਮੰਡਲਾਂ ਤੱਕ ਤ੍ਰਾਸਦਿਕ ਵੇਦਨਾ ਵਾਲਾ ਸ਼ਾਇਰ ਬਣਾ ਦਿੱਤਾ। 'ਬਿਰਹਾ ਤੂੰ ਸੁਲਤਾਨ' ਦੀਆਂ ਬਹੁਤ ਸਾਰੀਆਂ ਕਵਿਤਾਵਾਂ ਅਜਿਹੇ ਯਥਾਰਥ ਅਤੇ ਸੰਵੇਦਨਾ ਨਾਲ ਭਰੀਆਂ ਪਈਆਂ ਹਨ:

ਜਾਚ ਮੈਨੂੰ ਆ ਗਈ ਗ਼ਮ ਖਾਣ ਦੀ।

ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ।

ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ,

ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ।

(ਬਿਰਹਾ ਤੂੰ ਸੁਲਤਾਨ, ਪੰਨਾ-72)

ਬਹੁਤ ਸਾਰੀਆਂ ਰਚਨਾਵਾਂ ਵਿੱਚ ਬਿਰਹਣ ਨਾਰੀ ਦੇ ਰੂਪ ਵਿੱਚ ਸ਼ਿਵ ਦਾ ਦਰਦ ਕਾਵਿ ਦੇ ਰਸਤੇ ਬੋਲ ਬਣ ਕੇ ਵਹਿ ਤੁਰਦਾ ਹੈ:

ਲਾ ਲਾ ਲੂਣ ਖੁਆਏ ਦਿਲ ਦੇ,

ਡੱਕਰੇ ਕਰ ਕਰ ਪੀੜਾਂ ਨੂੰ,

ਪਰ ਇਕ ਪੀੜ ਵਸਲ ਦੀ ਤਾਂ ਵੀ

ਭੁੱਖੀ ਮਰਦੀ ਜਾਏ ਨੀ।...

ਨੀ ਮੇਰੇ ਪਿੰਡ ਦੀਓ ਕੁੜੀਓ ਚਿੜੀਓ,

ਆਓ ਮੈਨੂੰ ਦਿਓ ਦਿਲਾਸਾ ਨੀ।

ਪੀ ਚੱਲਿਆ ਮੈਨੂੰ ਘੁੱਟ-ਘੁੱਟ ਕਰਕੇ

ਗ਼ਮ ਦਾ ਮਿਰਗ ਪਿਆਸਾ ਨੀ।

ਹੰਝੂਆਂ ਦੀ ਅੱਗ ਸੇਕ ਸੇਕ ਕੇ,

ਸੜ ਚੱਲੀਆਂ ਜੇ ਪਲਕਾਂ ਨੀ,

ਪਰ ਪੀੜਾਂ ਦੇ ਪੋਹ ਦਾ ਅੜੀਓ,

ਘਟਿਆ ਸੀਤ ਨਾ ਮਾਸਾ ਨੀ।

(ਬਿਰਹਾ ਤੂੰ ਸੁਲਤਾਨ, ਪੰਨਾ 76)

ਨਾਰੀ ਜਾਤੀ ਦਾ ਦੁੱਖ ਦਰਦ, ਵੇਦਨਾ- ਸੰਵੇਦਨਾ, ਉਸਦੀ ਹੋਂਦ ਅਤੇ ਹੋਣੀ ਨਾਲ ਜੁੜੇ ਹੋਏ ਮਸਲਿਆਂ ਅਤੇ ਉਸਦੀ ਸਮਾਜਿਕ ਸਭਿਆਚਾਰਕ ਸਪੇਸ ਨਾਲ ਜੁੜੇ ਹੋਏ ਦਾਰਸ਼ਨਿਕ ਸਵਾਲਾਂ ਨੂੰ ਸ਼ਿਵ ਬਟਾਲਵੀ ਨੇ ਪਹਿਲੀ ਵਾਰ

ਏਨੀ ਡੂੰਘੀ ਤਰ੍ਹਾਂ ਸਮਝਿਆ ਅਤੇ ਪ੍ਰਸਤੁਤ ਕੀਤਾ ਹੈ। ਪੀੜ੍ਹਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ ਅਤੇ ਲੂਣਾ ਇਸ ਭਾਵਬੋਧ ਨਾਲ ਗਹਿਰਾ ਰਿਸ਼ਤਾ ਰੱਖਣ ਵਾਲੀਆਂ ਰਚਨਾਵਾਂ ਹਨ:

ਸੱਜਣਾਂ ਦੇ ਮੇਲ ਦਾ-

ਕਢਾ ਕੇ ਛੇਤੀ ਸਾਹਿਆ ਕੋਈ,

ਚੈਨ ਸਾਡੇ ਦੀਦਿਆਂ ਨੂੰ ਆਏ।

ਸੱਜਣਾਂ ਦੇ ਬਾਝ ਜੱਗ-

ਅਸਾਂ ਲਟਬੌਰੀਆਂ ਨੂੰ,

ਆਖ ਆਖ ਝੱਲੀਆਂ ਬੁਲਾਏ ।

ਏਸ ਪਿੰਡ ਕੋਈ ਨਹੀਉਂ—

ਸੱਕਾ ਸਾਡਾ ਅੰਮੀਏ ਨੀ,

ਜਿਹੜਾ ਸਾਡੀ ਪੀੜ ਨੂੰ ਵੰਡਾਏ !

ਏਸੇ ਰੁੱਤੇ ਸੱਜਣਾਂ ਤੋਂ ਬਾਝ-

ਤੇਰੇ ਪਿੰਡ ਮਾਏ,

ਇਕ ਪਲ ਕੱਟਿਆ ਨਾ ਜਾਏ !

(ਬਿਰਹਾ ਤੂੰ ਸੁਲਤਾਨ, ਪੰਨਾ-105)

ਮਾਏ ! ਨੀ ਮਾਏ !

ਮੈਂ ਇਕ ਸ਼ਿਕਰਾ ਯਾਰ ਬਣਾਇਆ

ਉਹਦੇ ਸਿਰ ਤੇ ਕਲਗੀ

ਤੇ ਉਹਦੇ ਪੈਰੀਂ ਝਾਂਜਰ

ਤੇ ਉਹ ਚੋਗ ਚੁਗੀਂਦਾ ਆਇਆ

ਨੀ ਮੈਂ ਵਾਰੀ ਜਾਂ !...

ਚੂਰੀ ਕੁੱਟਾਂ,

ਤੇ ਉਹ ਖਾਂਦਾ ਨਾਹੀਂ

ਉਹਨੂੰ ਦਿਲ ਦਾ ਮਾਸ ਖਵਾਇਆ

ਇਕ ਉਡਾਰੀ ਐਸੀ ਮਾਰੀ

ਉਹ ਮੁੜ ਵਤਨੀਂ ਨਹੀਂ ਆਇਆ

ਨੀ ਮੈਂ ਵਾਰੀ ਜਾਂ !

ਮਾਏ ! ਨੀ ਮਾਏ !

ਮੈਂ ਇਕ ਸ਼ਿਕਰਾ ਯਾਰ ਬਣਾਇਆ

ਉਹਦੇ ਸਿਰ ਤੇ ਕਲਗੀ

ਤੇ ਉਹਦੇ ਪੈਰੀਂ ਝਾਂਜਰ

ਤੇ ਚੋਗ ਚੁਗੀਂਦਾ ਆਇਆ

ਨੀ ਮੈਂ ਵਾਰੀ ਜਾਂ !

(ਬਿਰਹਾ ਤੂੰ ਸੁਲਤਾਨ, ਪੰਨਾ-239)

ਸ਼ਿਵ ਕੁਮਾਰ ਦੀ ਕਵਿਤਾ ਨਾਰੀ ਨੂੰ ਨਾਰੀ ਦੇ ਦ੍ਰਿਸ਼ਟੀਕੋਣ ਤੋਂ ਅਤੇ ਉਸ ਦੀਆਂ ਮਨੋ-ਅਵਚੇਤਨੀ ਸੀਮਾਵਾਂ ਅਤੇ ਸੰਭਾਵਨਾਵਾਂ ਦੇ ਪ੍ਰਸੰਗ ਵਿੱਚ ਚਿਤਰਿਆ। ਉਸ ਨੇ ਲੂਣਾ ਦੇ ਯਥਾਰਥ ਨੂੰ ਇਸ ਕਦਰ ਗਹਿਰਾਈ ਤੋਂ ਸਮਝ ਕੇ ਭਾਰਤੀ ਸਭਿਆਚਾਰਕ ਅਤੇ ਪਰੰਪਰਾਵਾਦੀ ਰਵਾਇਤਾਂ ਨੂੰ ਉਲਟੇ ਰੁਖ ਖੜ੍ਹਾਕ ਕਰ ਦਿੱਤਾ। ਹੁਣ ਤੱਕ ਪੂਰਨ ਲੂਣਾ

ਨਾਲ ਸਬੰਧਿਤ ਕਥਾ ਕਹਾਣੀਆਂ ਵਿੱਚ ਲੂਣਾ ਨੂੰ ਦੋਸ਼ੀ ਠਹਿਰਾਇਆ ਜਾਂਦਾ ਰਿਹਾ ਹੈ। ਪਰ ਸ਼ਿਵ ਕੁਮਾਰ ਨੇ ਪਿੱਤਰ ਸੱਤਾ ਰਾਹੀਂ ਪਾਪ ਦੀ ਭਾਗੀਦਾਰ ਬਣਾ ਦਿੱਤੀ ਗਈ ਲੂਣਾ ਨੂੰ ਉਸਦੀਆਂ ਤਤਕਾਲੀ ਪ੍ਰਸਥਿਤੀਆਂ ਦੇ ਪਰਿਪੇਖ ਵਿੱਚ ਸਮਝਿਆ ਅਤੇ ਸਮੁੱਚੀ ਇਸਤ੍ਰੀ ਜਾਤੀ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ :

ਧਰਮੀ ਬਾਬਲ ਪਾਪ ਕਮਾਇਆ

ਲੜ ਲਾਇਆ ਸਾਡੇ ਫੁੱਲ ਕੁਮਲਾਇਆ

ਜਿਸ ਦਾ ਇੱਛਰਾਂ ਰੂਪ ਹੰਢਾਇਆ

ਮੈਂ ਪੂਰਨ ਦੀ ਮਾਂ ! ਪੂਰਨ ਦੇ ਹਾਣ ਦੀ।

ਮੈਂ ਉਸ ਤੋਂ ਇਕ ਚੁੰਮਣ ਵੱਡੀ

ਪਰ ਮੈਂ ਕੀਕਣ ਮਾਂ ਉਹਦੀ ਲੱਗੀ

ਉਹ ਮੇਰੀ ਗਰਭ ਜੂਨ ਨਾ ਆਇਆ

ਲੋਕਾ ਵੇ ਮੈਂ ਧੀ ਵਰਗੀ ਸਲਵਾਨ ਦੀ।

ਪਿਤਾ ਜੇ ਧੀ ਦਾ ਰੂਪ ਹੰਢਾਵੇ

ਲੋਕਾ ਵੇ ! ਤੈਨੂੰ ਲਾਜ ਨਾ ਆਵੇ

ਜੇ ਲੂਣਾ ਪੂਰਨ ਨੂੰ ਚਾਹਵੇ

ਚਰਿਤ੍ਰ-ਹੀਣ ਕਵ੍ੇ ਕਿਉਂ ਜੀਭ ਜਹਾਨ ਦੀ।

ਚਰਿਤ੍ਰ-ਹੀਣ ਤੇ ਤਾਂ ਕੋਈ ਆਖੇ

ਜੇ ਕਰ ਲੂਣਾ ਵੇਚੇ ਹਾਸੇ

ਪਰ ਜੇ ਹਾਣ ਨਾ ਲੱਭਣ ਮਾਪੇ

ਹਾਣ ਲੱਭਣ ਵਿਚ ਗੱਲ ਹੈ ਕੀ ਅਪਮਾਨ ਦੀ

(ਬਿਰਹਾ ਤੂੰ ਸੁਲਤਾਨ, ਪੰਨਾ-223)

ਸੰਵੇਦਨਾ ਸੰਗ ਲਰਜਦੀ, ਮੁਹੱਬਤੋਂ ਊਣੀ, ਬਿਰਹੋਂ ਕੁੰਠੀ, ਮਨ ਚਾਹੇ ਮੁਹੱਬਤੀ ਰਿਸ਼ਤਿਆਂ ਨੂੰ ਹੰਡਾਉਣ ਦੀ ਲੋਚਾ ਰਖਦੀ, ਵਿਛੋੜੇ ਦੇ ਗ਼ਮਾਂ ਵਿੱਚ ਕੁੰਦਨ ਵਰਗੀ ਦੇਹ ਗਾਲਦੀ ਬਿਰਹਣ ਉਸਦੀ ਕਵਿਤਾ ਦੇ ਕੇਂਦਰ ਵਿੱਚ ਹੈ:

ਤੁਸੀਂ ਕਿਹੜੀ ਰੁੱਤੇ ਆਏ

ਮੇਰੇ ਰਾਮ ਜੀਉ

ਜਦੋਂ ਬਾਗੀਂ ਫੁੱਲ ਕੁਮਲਾਏ

ਮੇਰੇ ਰਾਮ ਜੀਉ।

ਕਿੱਥੇ ਸਉ ਜਦ ਅੰਗ ਅੰਗ ਸਾਡੇ

ਰੁੱਤ ਜੋਬਨ ਦੀ ਮੌਲੀ

ਕਿੱਥੇ ਸਉ ਜਦ ਤਨ ਮਨ ਸਾਡੇ

ਗਈ ਕਥੂਰੀ ਘੋਲੀ

ਕਿੱਥੇ ਸਉ ਜਦ ਸਾਹ ਵਿਚ ਚੰਬਾ

ਚੇਤਰ ਬੀਜਣ ਆਏ,

ਮੇਰੇ ਰਾਮ ਜੀਉ

ਤੁਸੀਂ ਕਿਹੜੀ ਰੁੱਤੇ ਆਏ

ਮੇਰੇ ਰਾਮ ਜੀਉ

ਜਦੋਂ ਬਾਗੀਂ ਫੁੱਲ ਕੁਮਲਾਏ

ਮੇਰੇ ਰਾਮ ਜੀਉ !

(ਉਹੀ, ਪੰਨਾ 295)

ਕਿਹੜੇ ਕੰਮ ਇਹ ਮਿਲਖ਼ ਜਗੀਰਾਂ

ਜੇ ਧੀਆਂ ਕੁਮਲਾਈਆਂ

ਕਿਹੜੇ ਕੰਮ ਤੇਰੇ ਮਾਨ ਸਰੋਵਰ

ਹੰਸਣੀਆਂ ਤਿਰਹਾਈਆਂ

ਕਿਹੜੇ ਕੰਮ ਖਿਲਾਰੀ ਤੇਰੀ

ਚੋਗ ਮੋਤੀਆਂ ਤੁੱਲ-

ਵੇ ਧਰਮੀ ਬਾਬਲਾ !

ਜੇ ਰੁੱਤ ਨਾ ਲੈ ਦਏਂ ਮੁੱਲ

ਵੇ ਧਰਮੀ ਬਾਬਲਾ !

ਜਦ ਪੈਣ ਕਪਾਹੀਂ ਫੁੱਲ

ਵੇ ਧਰਮੀ ਬਾਬਲਾ !

(ਉਹੀ, ਪੰਨਾ-303)

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸ਼ਿਵ ਕੁਮਾਰ ਦੀ ਕਵਿਤਾ ਕਿਸੇ ਬਾਹਰੀ ਪ੍ਰਭਾਵ ਜਾਂ ਉਧਾਰੀ ਚੇਤਨਾ ਦੇ ਆਧਾਰ ਤੇ ਆਪਣੀ ਹੋਂਦ ਗ੍ਰਹਿਣ ਨਹੀਂ ਕਰਦੀ ਸਗੋਂ ਇਹ ਹਰ ਤਰ੍ਹਾਂ ਦੇ ਰਵਾਇਤੀ ਝੁਕਾਅ ਜਾਂ ਪ੍ਰਵਿਰਤੀਆਂ ਤੋਂ ਮੁਕਤ ਹੋ ਕੇ ਕਵੀ ਦੇ ਨਿੱਜੀ ਅਨੁਭਵ ਅਤੇ ਉਸਦੀ ਆਪਣੀ ਦੂਰ ਦ੍ਰਿਸ਼ਟੀ ਦੇ ਪ੍ਰਤੀਫਲ ਵਜੋਂ ਹੋਂਦ ਵਿੱਚ ਆਉਂਦੀ ਹੈ। ਡਾ. ਯੋਗਰਾਜ ਦੇ ਅਨੁਸਾਰ ‘ਰੋਮਾਂਟਿਕ ਕਵਿਤਾ ਵਿਚ ਬਟਾਲਵੀ ਦਾ ਰੁਮਾਂਟਿਕ ਪਸਾਰ ਨਾ ਤਾਂ ਪ੍ਰੋ. ਪੂਰਨ ਸਿੰਘ ਅਤੇ ਧਨੀ ਰਾਮ ਚਾਤ੍ਰਿਕ ਵਾਲਾ ਆਦਰਸ਼ਕ ਹੈ ਅਤੇ ਨਾ ਹੀ ਪ੍ਰੋ. ਮੋਹਨ ਸਿੰਘ- ਅੰਮ੍ਰਿਤਾ ਪ੍ਰੀਤਮ ਵਾਲਾ ਭਰਮ-ਯੁਕਤ ਹੈ। ਜਿਸ ਸਮੇਂ ਬਟਾਲਵੀ ਨੇ ਕਾਵਿ- ਰਚਨਾ ਕੀਤੀ ਉਦੋਂ ਪ੍ਰਗਤੀਵਾਦ ਅਤੇ ਪ੍ਰਯੋਗਵਾਦ ਪੰਜਾਬੀ ਕਵੀਆਂ ਲਈ ਵਧੇਰੇ ਆਕਰਸ਼ਣ ਰੱਖਦੇ ਸਨ। ਪਰ ਸ਼ਿਵ ਨੇ ਪ੍ਰਗਤੀ ਅਤੇ ਰੋਮਾਂਸ ਦੇ ਮਿਲਗੋਭੇ ਤੋਂ ਪਾਰ ਜਾ ਕੇ ਵਧੇਰੇ ਸਪੱਸ਼ਟ ਰਾਹ ਚੁਣਿਆ। ਇਹ ਰਾਹ ਸੀ ਉਸਦੇ ਨਿੱਜੀ ਪੀੜਤ ਅਤੇ ਖੰਡਿਤ ਆਪੇ ਦਾ ਬੇਬਾਕ ਪ੍ਰਗਟਾ। ਸ਼ਿਵ ਕੁਮਾਰ ਬਟਾਲਵੀ ਨੇ ਆਪਣੀ ਸਮਕਾਲੀ ਕਾਵਿ-ਧਾਰਾਵਾਂ ਤੋਂ ਪ੍ਰਭਾਵਿਤ ਹੋ ਕੇ ਅਮਨ, ਦੇਸ਼ ਪਿਆਰ, ਸਮਾਜਕ ਆਰਥਿਕ ਨਾਬਰਾਬਰੀ ਅਤੇ ਇਸਤਰੀ ਦੀ ਦਸ਼ਾ ਆਦਿ ਵਿਸ਼ਿਆਂ ਨਾਲ ਸੰਬੰਧਿਤ ਕਵਿਤਾਵਾਂ ਵੀ ਲਿਖੀਆਂ ਹਨ। ਪਰ ਉਸਦੀਆਂ ਅਜਿਹੀਆਂ

ਕਵਿਤਾਵਾਂ ਵਿਚ ਵੀ ਉਸਦੀ ਨਿੱਜੀ ਬ੍ਰਿਹਾਗ੍ਰਸਤ ਅਤੇ ਕੁੰਠਾਗ੍ਰਸਤ ਹੋਂਦ ਸਮਾਈ ਰਹਿੰਦੀ ਹੈ। ਉਸਦੀ ਸਮੁੱਚੀ ਕਵਿਤਾ ਦਾ ਸੁਹਜ-ਸ਼ਾਸਤਰੀ ਸੰਗਠਨ ਉਸਦੀ ਨਿੱਜੀ ਹੋਂਦ ਦੇ ਸੰਤਾਪਗ੍ਰਸਤ ਅਤੇ ਬ੍ਰਿਹਾਗ੍ਰਸਤ ਆਪੇ ਵਿਚ ਹੀ ਨਿਹਿੱਤ ਹੈ।'

(ਡਾ. ਯੋਗਰਾਜ, ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਦਾ ਸੁਹਜ ਸਾਸ਼ਤਰ, ਪੰਨਾ- 99)

ਇਉਂ ਸਮੁੱਚੇ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਸ਼ਿਵ ਕੁਮਾਰ ਬਟਾਲਵੀ ਨੇ ਜ਼ਿੰਦਗੀ ਦੇ ਬਹੁਤ ਨੇੜਲੇ ਅਨੁਭਵਾਂ ਵਿੱਚੋਂ ਗ੍ਰਹਿਣ ਕੀਤੇ ਅਹਿਸਾਸਾਂ ਨੂੰ ਕਾਵਿ ਰੂਪਾਂ ਵਿੱਚ ਚਿਤਰਿਆ ਹੈ। ਮੁਹੱਬਤ, ਵਿਛੋੜਾ, ਗ਼ਮ, ਪੀੜ, ਬਿਰਹਾ ਉਸਦੀ ਕਵਿਤਾ ਦੇ ਕੇਂਦਰੀ ਥੀਮ ਬਣਦੇ ਹਨ। ਇਸ ਤੋਂ ਇਲਾਵਾ ਉਸਨੇ ਪੰਜਾਬੀ ਸਭਿਆਚਾਰ, ਲੋਕਧਾਰਾ, ਪਰੰਪਰਾ, ਸਮਾਜਿਕ, ਆਰਥਿਕ ਨਾਬਰਾਬਰੀ, ਔਰਤ ਦੀਆਂ ਸਥਿਤੀਆਂ ਆਦਿ ਵਿਸ਼ਿਆਂ ਤੇ ਖੁੱਲ੍ਹ ਕੇ ਲਿਖਿਆ। ਉਸਨੇ ਆਪਣੀਆਂ ਧਾਰਨਾਵਾਂ ਨੂੰ ਤਰਕ ਅਤੇ ਵਿਵੇਕ ਨਾਲ ਪ੍ਰਸਤੁਤ ਕੀਤਾ।

**ਸ਼ਿਵ ਕੁਮਾਰ ਬਟਾਲਵੀ ਕਾਵਿ ਦੀ ਵਿਚਾਰਧਾਰਕ ਦ੍ਰਿਸ਼ਟੀ/ ਸ਼ਿਵ ਦੀ ਕਾਵਿ ਸਾਸ਼ਤਰੀ ਪਹੁੰਚ/ ਸ਼ਿਵ ਦੀ ਕਾਵਿ ਵਿਲੱਖਣਤਾ**

ਸ਼ਿਵ ਕੁਮਾਰ ਬਟਾਲਵੀ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਆਪਣੀ ਵੱਖਰੀ ਪਛਾਣ ਰਖਦਾ ਹੈ। ਉਂਝ ਤਾਂ ਆਪਣੇ ਆਪ ਨੂੰ ਕਿਸੇ ਖਾਸ ਵਿਚਾਰਧਾਰਾ ਨਾਲ ਨਹੀਂ ਬੰਨ੍ਹਿਆ ਅਤੇ ਉਸ ਨੇ ਕਿਸੇ ਵਿਸ਼ੇਸ ਵਿਚਾਰਧਾਰਾ ਜਾਂ ਪ੍ਰਵਿਰਤੀ ਦੇ ਅੰਤਰਗਤ ਕਾਵਿ ਰਚਨਾ ਕੀਤੀ ਹੈ। ਉਸ ਦੀ ਸਮੁੱਚੀ ਕਵਿਤਾ ਉਸਦੇ ਨਿੱਜੀ ਦਰਦ, ਵਿਛੋੜੇ ਅਤੇ ਉਸ ਅੰਦਰ ਪੱਸਰੀ ਹੋਈ ਬੇਗਾਨਗੀ ਦੇ ਅਹਿਸਾਸ ਵਿੱਚੋਂ ਉਸਰਦੀ ਹੈ। ਮੁਹੱਬਤ ਦੀ ਅਸਫਲਤਾ ਅਤੇ ਪਿਆਰ ਦੀ ਚਾਹਨਾ ਦੀ ਅਪੂਰਨਤਾ ਵਿੱਚੋਂ ਉਸਦੀ ਕਵਿਤਾ ਆਪਣਾ ਵਜੂਦ ਗ੍ਰਹਿਣ ਕਰਦੀ ਹੈ। ਸਾਹਿਤ ਦੇ ਇਤਿਹਾਸਕਾਰਾਂ ਨੇ ਉਸਨੂੰ ਵੱਖ ਵੱਖ ਕਾਵਿ ਪ੍ਰਵਿਰਤੀਆਂ ਵਿੱਚ ਰੱਖਣ ਦਾ ਯਤਨ ਕੀਤਾ ਹੈ। ਕੁਝ ਸਾਹਿਤ ਦੇ ਇਤਿਹਾਸਕਾਰ ਉਸਨੂੰ ਪ੍ਰਗਤੀਵਾਦੀ-ਰੁਮਾਂਸਵਾਦ ਦੇ ਅੰਤਰਗਤ ਵਿਚਾਰਦੇ ਹਨ ਜਦੋਂ ਕਿ ਦੂਸਰੇ ਪ੍ਰਯੋਗਸ਼ੀਲ ਲਹਿਰ ਦੇ ਅੰਤਰਗਤ ਰਖਦੇ ਹਨ।

ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਪ੍ਰਵਚਨ ਦਾ ਅਧਿਐਨ ਕੀਤਿਆਂ ਪਤਾ ਚਲਦਾ ਹੈ ਕਿ ਰਵਾਇਤੀ ਪ੍ਰਵਿਰਤੀਆਂ ਅਤੇ ਬੰਧੇਜੀ ਵਿਚਾਰਧਾਰਕ ਸਰੋਕਾਰਾਂ ਤੋਂ ਅਲੱਗ ਮਾਨਵੀ ਅਹਿਸਾਸਾਂ ਅਤੇ ਅੱਲੜ੍ਹ ਜਜ਼ਬਿਆਂ ਦਾ ਸ਼ਾਇਰ ਹੈ। ਮੁਹੱਬਤ ਅਤੇ ਹੇਰਵਾ ਉਸਦੇ ਕਾਵਿ ਪ੍ਰਵਚਨ ਦੀ ਕੇਂਦਰੀ ਕਦਰ ਹੈ। ਅਸਲ ਵਿੱਚ ਉਹ ਦਿਲੋਂ ਕਵੀ ਹੈ। ਕਵਿਤਾ ਉਸ ਲਈ ਘਾੜਤ ਨਹੀਂ ਹੈ ਸਗੋਂ ਦਿਲ ਦੇ ਦਰਦ ਨੂੰ ਹੌਲਾ ਕਰਨ ਦਾ ਸਾਧਨ ਹੈ। ਇਸੇ ਲਈ ਉਸਦੀ ਕਵਿਤਾ ਨੌਜਵਾਨ ਦਿਲਾਂ ਨੂੰ ਧੂਹ ਪਾਉਂਦੀ ਹੈ।

ਸ਼ਿਵ ਕੁਮਾਰ ਬਟਾਲਵੀ ਬਹੁਤੇ ਪੰਜਾਬੀ ਕਵੀਆਂ ਵਾਂਗ ਪਰੰਪਰਕ ਸਦਾਚਾਰਕ ਅਤੇ ਨੈਤਿਕਤਾ ਦਾ ਵਾਹਕ ਨਹੀਂ ਬਣਦਾ । ਸ਼ਿਵ ਪੰਜਾਬੀ ਸਭਿਆਚਾਰ ਦੇ ਹਰੇਕ ਵੇਰਵੇ ਨੂੰ ਵਡਿਉਣ ਦੇ ਚੱਕਰ ਵਿੱਚ ਇਸ ਦੀ ਡੂੰਘ ਸੰਰਚਨਾ ਵਿੱਚ ਪਏ ਅੰਤਰ ਵਿਰੋਧਾਂ ਨੂੰ ਅੱਖੋਂ ਉਹਲੇ ਨਹੀਂ ਕਰਦਾ ਸਗੋਂ ਇਹਨਾਂ ਤੇ ਸਵਾਲ ਖੜ੍ਹੇ ਕਰਦਾ ਹੈ। ਡਾ. ਜਸਵਿੰਦਰ ਸਿੰਘ ਦੇ ਅਨੁਸਾਰ,'ਸ਼ਿਵ ਕੁਮਾਰ ਬਟਾਲਵੀ ਨੇ ਸਮਕਾਲੀ ਸਮਾਜਕ ਜੀਵਨ ਵਿਚ ਪਸਰੀ ਬੰਜਰਤਾ, ਰਿਸ਼ਤਿਆਂ

ਵਿਚਲੀ ਵੀਰਾਨਗੀ, ਵਪਾਰੀਪਣ ਨੂੰ ਤਿਖੀ ਸੁਰ ਵਿਚ ਭੰਡਿਆ ਹੈ। ਵਾਸਤਵ ਵਿਚ ਉਹ ਵਪਾਰੂ ਜ਼ਹਿਨੀਅਤ ਵਾਲੇ ਸਮਾਜ ਵਿਚ ਸੱਚੇ-ਸੁਚੇ ਸੰਵੇਦਨਸ਼ੀਲ ਮਨੁੱਖ ਦੀ ਹੂਕ ਹੈ। ਉਸ ਨੂੰ ਸਿਰਫ ਨਿਰਾਸ਼ਾਵਾਦੀ ਸ਼ਾਇਰ ਕਹਿ ਦੇਣਾ ਉਸ ਨਾਲ ਅਨਿਆਂ ਹੈ। ਤਿਖੇ, ਵੇਗਮਈ, ਵਲੂੰਧਰੇ ਪਲਾਂ ਦਾ ਉਹ ਸਫਲ ਚਿਤੇਰਾ ਹੈ। ਸਮਾਜਕ ਪ੍ਰਕਰਣ ਉਸ ਦਾ ਕੇਂਦਰੀ ਸਰੋਕਾਰ ਨਹੀਂ, ਪਰ ਤਦ ਵੀ ਉਸ ਦੀਆਂ ਕੁਝ ਨਜ਼ਮਾਂ ਵਿਚ ਇਸ ਦੇ ਮਾਰਮਿਕ ਚਿਤਰ ਉਪਲੱਬਧ ਹਨ। ਉਸ ਦੀ ਕਵਿਤਾ ਵਿਚ ਸਮਕਾਲੀ ਜੀਵਨ ਦੀ ਨਬਜ਼ ਧੜਕਦੀ ਹੈ। ਨਵੀਆਂ ਅਛੋਹ ਤਾਜ਼ਾ ਤਸ਼ਬੀਹਾਂ ਉਸ ਦੀ ਕਵਿਤਾ ਦਾ ਸ਼ਿੰਗਾਰ ਹਨ। ਪੰਜਾਬੀ ਲੋਕਧਾਰਾ ਤਕ ਉਸ ਦੀ ਏਨੀ ਰਸਾਈ ਹੈ ਕਿ ਉਸ ਦੀ ਕਵਿਤਾ ਪੰਜਾਬੀਆਂ ਨੇ ਪੜ੍ਹੀ, ਸੁਣੀ, ਮਾਣੀ ਤੇ ਸ਼ਿਵ ਕੁਮਾਰ ਨੂੰ ਪ੍ਰਸਿਧਤਾ ਦੀ ਬੁਲੰਦੀਆਂ ਤੇ ਪਹੁੰਚਾ ਦਿੱਤਾ। ਕਵਿਤਾ ਦੀ ਸਰੋਦੀ ਵੈਣਿਕਤਾ ਪ੍ਰਤਿ ਭਾਵੇਂ ਗੰਭੀਰ ਸ਼ੰਕੇ ਅਤੇ ਆਲੋਚਨਾ ਹੋਣੀ ਸੁਭਾਵਕ ਹੈ ਪਰ ਤਦ ਵੀ ਇਹ ਆਮ ਪਾਠਕ ਨੂੰ ਟੁੰਬਣ ਵਾਲੀ ਸ਼ਾਇਰੀ ਹੈ। ਸਮਕਾਲੀ ਕਾਵਿ ਧਾਰਾਵਾਂ ਤੋਂ ਬਾਹਰ ਰਹਿ ਕੇ ਉਸ ਨੇ ਆਪਣੀ ਕਾਵਿ ਸ਼ਕਤੀ ਦੇ ਬਲਬੂਤੇ ਆਪਣੀ ਹੋਂਦ ਦਾ ਸਿਕਾ ਮੰਨਵਾਇਆ। ਆਧੁਨਿਕ ਪੰਜਾਬੀ ਕਾਵਿ ਦੇ ਇਤਿਹਾਸ ਵਿਚ ਉਸ ਦਾ ਮੁਲਵਾਨ ਇਤਿਹਾਸਕ ਯੋਗਦਾਨ ਹੈ।'(ਪੰਜਾਬੀ ਸਾਹਿਤ ਦਾ ਇਤਿਹਾਸ, ਪੰਨਾ-52) ਇਸ ਪ੍ਰਸੰਗ ਵਿੱਚ ਸ਼ਿਵ ਕੁਮਾਰ ਦੀਆਂ ਬਹੁਤ ਸਾਰੀਆਂ ਰਚਨਾਵਾਂ ਨੂੰ ਪੜ੍ਹਿਆ ਜਾ ਸਕਦਾ ਹੈ ਜਿਨ੍ਹਾਂ ਵਿੱਚ ਉਸ ਨੇ ਉਕਤ ਮਸਲਿਆਂ ਨੂੰ ਵਿਸ਼ਾ ਬਣਾਇਆ ਹੈ:

ਮਰੂਆ ਉੱਗਦਾ ਬਾਬਲ ਜੀ

ਜਿੱਥੇ ਦੇਸ਼ ਮਾਹੀ ਦੇ ਵੱਸੇ

ਮਰੂਏ ਦੇ ਫੁੱਲ ਮੇਰੇ ਰੰਗ ਦੇ

ਮਾਹੀ-ਰੰਗੇ ਪੱਤੇ

ਮਰੂਏ ਦੀ ਛਾਂ ਬਾਬਲ ਜੀ

ਜਿਉਂ ਚੁੰਮਣ ਹੋਠੀ ਲਾਣਾ

ਬਾਬਲ ਜੀ,

ਅਸਾਂ ਮਰੂਆ ਗੋਡਣ ਜਾਣਾ !

(ਬਿਰਹਾ ਤੂੰ ਸੁਲਤਾਨ, ਪੰਨਾ-330)

ਏਸ ਸ਼ਹਿਰ ਦੀ ਚੌੜੀ ਹਿੱਕ ਤੇ

ਮੇਰੇ ਜਹੀਆਂ ਲੱਖਾਂ ਕੰਜਕਾਂ

ਇਕ ਤੋਲਾ ਤਾਂਬੇ ਦੀ ਖ਼ਾਤਿਰ

ਵਿੱਚ ਚੌਰਾਹੀਂ ਵਿੱਕਣ ਨੀ

ਹੋ ਹੋ ਨੰਗੀਆਂ !

ਗੁਰਬਤ ਇਕ ਸੰਘਣਾ ਜੰਗਲ

ਭੁੱਖਾਂ ਦੀ ਵਿਚ ਪੌਣ ਵਗੇਂਦੀ,

ਇਸ਼ਕ ਜਿਵੇਂ ਇਕ ਬਾਂਸ ਦਾ ਬੂਟਾ

ਨਾ ਕੋਈ ਲੱਗੇ ਫੁੱਲ

ਨਾ ਦਵੇ ਸੁਗੰਧੀਆਂ !

(ਬਿਰਹਾ ਤੂੰ ਸੁਲਤਾਨ, ਪੰਨਾ-116)

ਸ਼ਿਵ ਕੁਮਾਰ ਬਟਾਲਵੀ ਦੀ ਵਿਚਾਰਧਾਰਾ ਬੇਸ਼ੱਕ ਕਿਸੇ ਵਿਸ਼ੇਸ਼ ਧਿਰ ਨਾਲ ਨਹੀਂ ਜੁੜੀ ਹੋਈ ਪਰ ਫਿਰ ਵੀ ਇਹ ਗੱਲ ਉਸਦੇ ਪੱਖ ਵਿੱਚ ਜਾਂਦੀ ਹੈ ਕਿ ਉਸਨੇ ਪੰਜਾਬੀ ਕਵਿਤਾ ਨੂੰ ਪੰਜਾਬੀ ਪਾਠਕਾਂ ਵਿੱਚ ਪਾਪੂਲਰ ਕੀਤਾ ਅਤੇ ਪੰਜਾਬੀ ਕਵਿਤਾ ਦਾ ਦਾਇਰਾ ਬਹੁਤ ਮੋਕਲਾ ਕੀਤਾ। ਸ਼ਿਵ ਦਾ ਪੰਜਾਬੀ ਕਵਿਤਾ ਦੇ ਇਤਿਹਾਸ ਵਿੱਚ ਬਹੁਤ ਹੀ ਆਦਰਯੋਗ ਅਤੇ ਵਿਸ਼ੇਸ਼ ਸਥਾਨ ਹੈ। ਡਾ. ਪਰਮਿੰਦਰ ਸਿੰਘ ਨੇ ਸ਼ਿਵ ਦੀ ਕਵਿਤਾ ਬਾਰੇ ਧਾਰਨਾ ਦਿੱਤੀ ਹੈ ਕਿ, ‘ਮੋਹਨ ਸਿੰਘ ਤੋਂ ਪਿਛੋਂ ਉਹ ਕਵਿਤਾ ਦੇ ਸ਼ਿਲਪ ਤੇ ਭਾਸ਼ਾ ਦੀ ਸੁੰਦਰ ਵਰਤੋਂ ਅਤੇ ਆਪਣੀ ਪ੍ਰਗੀਤਕ ਮਧੁਰਤਾ ਦੇ ਕਾਰਨ ਆਪਣੇ ਯੁੱਗ ਦਾ ਲੋਕ-ਪ੍ਰਿਅ ਕਵੀ ਬਣ ਗਿਆ ਹੈ। ਜਿਥੇ ਉਸ ਦੀ ਕਵਿਤਾ ਦਾ ਸੋਗੀ ਸੁਰ ਬੜਾ ਵਿਆਪਕ ਤੇ ਪ੍ਰਧਾਨ ਹੈ, ਉਥੇ ਉਸ ਦੀ ਅਭਿਵਿਅੰਜਨਾ ਵਿਧੀ ਨੇ ਉਸ ਦੇ ਕਰੁਣਾਮਈ ਸੁਰ ਨੂੰ ਅਤਿ ਦਾ ਮਧੁਰ ਬਣਾ ਦਿੱਤਾ। ਪ੍ਰਗੀਤਕ ਮਧੁਰਤਾ ਉਸ ਦੀ ਕਵਿਤਾ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ। ਕਥਾ-ਕਾਵਿ ਦੀ ਸਿਰਜਨਾ ਵਿਚ ਵੀ ਉਸ ਦਾ ਯੋਗਦਾਨ ਬੜਾ ਮਹੱਤਵਪੂਰਨ ਹੈ। 'ਸ਼ੀਸ਼ੇ' ਵਰਗੀ ਕਵਿਤਾ ਦੀ ਰਚਨਾ ਉਸ ਦੀ ਵੱਡੀ ਪ੍ਰਾਪਤੀ ਹੈ। 'ਮੈਂ ਤੇ ਮੈਂ' ਵਿਚ ਉਸ ਦੀ ਕਵਿਤਾ ਦਾ ਆਧੁਨਿਕ ਸਰੂਪ ਨਿੱਗਰ ਅਸਤਿਤਵ ਨੂੰ ਧਾਰਨ ਕਰ ਗਿਆ ਹੈ, ਪਰ 'ਮੈਨੂੰ ਵਿਦਾ ਕਰੋ' ਦੀ ਕਵਿਤਾ ਨੂੰ ਤਾਂ ਵੀਹਵੀਂ ਸਦੀ ਦੇ ਦੂਜੇ ਅੱਧ ਦੀ ਪ੍ਰਗੀਤਕ ਕਵਿਤਾ ਦਾ ਸਿਖਰ ਮੰਨਿਆ ਜਾ ਸਕਦਾ ਹੈ। ਸ਼ਿਵ ਦੀ ਕਵਿਤਾ ਦਾ ਸਮੁੱਚਾ ਸੁਰ ਬੜਾ ਗੰਭੀਰ, ਸੋਚ ਜਗਾਊ ਤੇ ਕਰੁਣਾਮਈ ਹੈ। ਉਸ ਦੇ ਕਾਵਿ-ਬਿੰਬ ਬੜੇ ਆਕਰਸ਼ਕ ਤੇ

ਪ੍ਰਗਟਾਅ ਵਿਧੀ ਸੰਗੀਤਕ ਹੈ ਤੇ ਪ੍ਰਭਾਵ ਮਨ 'ਤੇ ਛਾ ਜਾਂਦਾ ਹੈ। ਸ਼ਬਦਾਵਲੀ ਦੀ ਸੁੰਦਰ ਚੋਣ ਉਸ ਨੂੰ ਪੰਜਾਬੀ ਦੇ ਸ੍ਰੇਸ਼ਟਤਮ ਕਵੀਆਂ ਵਿਚ ਸਥਾਨ ਦੁਆਉਂਦੀ ਹੈ।'( ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ)

ਸ਼ਿਵ ਕੁਮਾਰ ਬਟਾਲਵੀ ਨੂੰ ਅਕਸਰ ਨਿਰਾਸ਼ਾਵਾਦੀ ਕਵੀ ਕਹਿ ਦਿੱਤਾ ਜਾਂਦਾ ਹੈ। ਪਰ ਉਸਨੇ ਬਹੁਤ ਹੀ ਆਸਾਵਾਦੀ ਕਵਿਤਾਵਾਂ ਦੀ ਰਚਨਾ ਕੀਤੀ ਹੈ। ਸਾਡੇ ਸਮਿਆਂ ਵਿੱਚ ਕਾਵਿ ਸੰਗ੍ਰਹਿ ਵਿੱਚ ਉਸਦੀਆਂ ਚੋਣਵੀਆਂ ਕਵਿਤਾਵਾਂ ਸ਼ਾਮਿਲ ਹਨ ਜਿਨ੍ਹਾਂ ਵਿੱਚੋਂ ਕੁਝ ਕਵਿਤਾਵਾਂ ਵਿੱਚ ਬਹੁਤ ਬਹੁਤ ਹੀ ਮਧੁਰ ਅਤੇ ਆਸਾਵਾਦੀ ਪ੍ਰਤਿਧੁਨੀ ਉਤਪਨ ਹੁੰਦੀ ਹੈ। 'ਲਾਜਵੰਤੀ ਅਤੇ ਮਾਏ ਨੀ ਮਾਏ ਮੇਰੇ ਗੀਤਾਂ ਦੇ ਨੈਣਾ ਵਿੱਚ ਬਿਰਹੋਂ ਦੀ ਰੜਕ ਪਵੇ' ਇਸ ਦੇ ਸੁੰਦਰ ਨਮੂਨੇ ਹਨ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਉਸ ਨੇ ਬਿਰਹਾ ਦੇ ਬੋਲ ਉਚਾਰੇ ਪਰ ਉਸਦੇ ਬਿਰਹਾ ਅਨੁਭਵ ਵਿੱਚ ਨਿਰੀ ਨਿਰਾਸ਼ਾ ਹੀ ਨਹੀਂ ਹੈ :

ਪੂਰੇ ਦੀਏ ਪੌਣੇ ਇਕ ਚੁੰਮਣ ਦੇ ਜਾ,

ਛਿੱਟ ਸਾਰੀ ਦੇ ਜਾ ਖੁਸ਼ਬੋਈ !

ਅੱਜ ਸਾਨੂੰ ਪੁੰਨਿਆ ਦੀ—

ਓਦਰੀ ਜਿਹੀ ਚਾਨਣੀ ਦੇ,

ਹੋਰ ਨਹੀਂਉਂ ਵੇਖਦਾ ਨੀ ਕੋਈ !

ਅੱਜ ਮੇਰਾ ਬਿਰਹਾ ਨੀ—

ਹੋਇਆ ਮੇਰਾ ਮਹਿਰਮ,

ਪੀੜ ਸਹੇਲੜੀ ਸੂ ਹੋਈ—

ਕੰਬਿਆ ਸੂ ਅੱਜ ਕੁੜੇ-

ਪਰਬਤ ਪਰਬਤ,

ਵਣ ਵਣ ਰੱਤੜੀ ਸੂ ਰੋਈ !

ਸੁੱਕ ਬਣੇ ਸਾਗਰ-

ਥਲ ਨੀ ਤਪੇਂਦੇ ਅੱਜ

ਫੁੱਲਾਂ ਚੋਂ ਅੱਜ ਸੁਗੰਧ ਮੋਈ !

ਗਗਨਾਂ ਦੇ ਰੁੱਖੋਂ ਅੱਜ-

ਟੁੱਟੇ ਪੱਤ ਬੱਦਲਾਂ ਦੇ,

ਟੇਪਾ ਟੇਪਾ ਚਾਨਣੀ ਸੂ ਚੋਈ !

(ਬਿਰਹਾ ਤੂੰ ਸੁਲਤਾਨ, ਪੰਨਾ-112)

ਬਿਰਹਾ ਅਤੇ ਗ਼ਮ ਦਾ ਅਹਿਸਾਸ ਸ਼ਿਵ ਦੀ ਕਵਿਤਾ ਦਾ ਵਿਸ਼ੇਸ਼ ਲੱਛਣ ਹੈ। ਇਹ ਅਤੇ ਗ਼ਮ ਅਤੇ ਬਿਰਹਾ ਉਸਦਾ ਹੰਡੀ ਹੰਡਾਇਆ ਅਨੁਭਵ ਹੈ। ਉਸ ਅੰਦਰ ਮੁਹੱਬਤ ਦੀ ਘਾਟ ਦਾ ਗਮ ਹਮੇਸ਼ਾ ਉਸਦੇ ਜ਼ਿਹਨ ਵਿੱਚ ਅਟਕਿਆ ਰਿਹਾ ਅਤੇ ਉਹ ਤਾਉਮਰ ਇਸ਼ਕ ਦੇ ਚੱਕਰਵਿਉ ਵਿੱਚ ਫਸਿਆ ਇਕ ਸੁੱਚੀ ਮੁਹੱਬਤ ਦੀ ਭਾਲ ਵਿੱਚ ਭਟਕਣ ਦਾ ਸ਼ਿਕਾਰ ਰਿਹਾ। ਇਸ ਗੱਲ ਦੀ ਗਵਾਹੀ ਉਸਦੇ ਕਾਵਿ ਬੋਲਾਂ ਵਿੱਚ ਵੀ ਮਿਲਦੀ ਹੈ:

ਜਾਚ ਮੈਨੂੰ ਆ ਗਈ ਗ਼ਮ ਖਾਣ ਦੀ।

ਹੌਲੀ ਹੌਲੀ ਰੋ ਕੇ ਜੀ ਪਰਚਾਣ ਦੀ।

ਚੰਗਾ ਹੋਇਆ ਤੂੰ ਪਰਾਇਆ ਹੋ ਗਿਉਂ,

ਮੁੱਕ ਗਈ ਚਿੰਤਾ ਤੈਨੂੰ ਅਪਨਾਣ ਦੀ।

(ਉਹੀ-72)

ਤੜਪ ਤੜਪ ਕੇ ਮਰ ਗਈ ਅੜਿਆ,

ਮੇਲ ਤੇਰੇ ਦੀ ਹਸਰਤ ਵੇ,

ਐਸੇ ਇਸ਼ਕ ਦੇ ਜ਼ੁਲਮੀ ਰਾਜੇ

ਬਿਰਹੋਂ ਬਾਣ ਚਲਾਏ ਵੇ !...

ਇਕ ਚੁਲੀ ਵੀ ਪੀ ਨਾ ਸੱਕੀ

ਪਿਆਰ ਦੇ ਨਿੱਤਰੇ ਪਾਣੀ ਵੇ,

ਵਿੰਹਦਿਆਂ ਸਾਰ ਪਏ ਵਿਚ ਪੂਰੇ

ਜਾਂ ਮੈਂ ਹੋਂਠ ਛੁਹਾਏ ਵੇ !

(ਬਿਰਹਾ ਤੂੰ ਸੁਲਤਾਨ, ਪੰਨਾ-20)

ਹਾਂ ਠੀਕ ਕਿਹਾ,

ਠੀਕ ਕਿਹਾ ਇਹ ਉਹ ਕੁੜੀ ਹੈ

ਏਸੇ ਹੀ ਕੁੜੀ ਖ਼ਾਤਿਰ

ਮੇਰੀ ਜ਼ਿੰਦਗੀ ਥੁੜੀ ਹੈ

ਇਹੋ ਹੈ ਕੁੜੀ

ਜਿਸ ਨੂੰ ਕਿ ਮੇਰੇ ਗੀਤ ਨੇ ਰੋਂਦੇ

ਮਾਸੂਮ ਮੇਰੇ ਖ਼ਾਬ ਵੀ,

ਆਵਾਰਾ ਨੇ ਦੋਂਦੇ !

ਅਸਾਂ ਤਾਂ ਜੋਬਨ ਰੁੱਤੇ ਮਰਨਾ

ਮੁੜ ਜਾਣਾ ਅਸਾਂ ਭਰੇ ਭਰਾਏ

ਹਿਜਰ ਤੇਰੇ ਦੀ ਕਰ ਪਰਕਰਮਾ

ਅਸਾਂ ਤਾਂ ਜੋਬਨ ਰੁੱਤੇ ਮਰਨਾ

ਜੋਬਨ ਰੁੱਤੇ ਜੋ ਵੀ ਮਰਦਾ

ਫੁੱਲ ਬਣੇ ਜਾਂ ਤਾਰਾ

ਜੋਬਨ ਰੁੱਤੇ ਆਸ਼ਿਕ ਮਰਦੇ

ਜਾਂ ਕੋਈ ਕਰਮਾਂ ਵਾਲਾ

ਜਾਂ ਉਹ ਮਰਨ,

ਕਿ ਜਿਨ੍ਹਾਂ ਲਿਖਾਏ

ਹਿਜਰ ਧੁਰੋਂ ਵਿਚ ਕਰਮਾਂ

ਹਿਜਰ ਤੁਹਾਡਾ ਅਸਾਂ ਮੁਬਾਰਿਕ

ਨਾਲ ਬਹਿਸ਼ਤੀ ਖੜਨਾ

ਅਸਾਂ ਤਾਂ ਜੋਬਨ ਰੁੱਤੇ ਮਰਨਾ !

(ਬਿਰਹਾ ਤੂੰ ਸੁਲਤਾਨ, ਪੰਨਾ-308.

ਸ਼ਿਵ ਦੀ ਕਵਿਤਾ ਕਲਾਤਮਿਕ ਅਤੇ ਸਾਹਿਤਕ ਮਹੱਤਵ ਪੱਖੋਂ ਨਵੇਂ ਆਯਾਮ ਸਿਰਜਦੀ ਹੈ। ਉਸ ਨੇ ਪੰਜਾਬੀ ਜਨ ਜੀਵਨ ਨਾਲ ਜੁੜੀ ਹੋਈ ਸ਼ਬਦਾਵਲੀ ਦੀ ਭਰਪੂਰ ਵਰਤੋਂ ਕੀਤੀ ਹੈ। ਉਸਦੀ ਕਵਿਤਾ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਦੀ ਸਮੱਗਰੀ ਦਾ ਆਮੁੱਕ ਖਜ਼ਾਨਾ ਹੈ। ਉਸਦੇ ਗੀਤਾਂ ਅਤੇ ਕਵਿਤਾਵਾਂ ਵਿੱਚ ਸੱਜਣ, ਸਖੀ, ਸਹੇਲੀ, ਅੰਮੜੀ, ਮਾਏ, ਬਾਬਲ, ਰਬ ਜੀ, ਰਾਮ ਜੀਓ ਲਫ਼ਜ਼ ਵਾਰ ਵਾਰ ਆਉਂਦੇ ਹਨ। ਇਸੇ ਤਰ੍ਹਾਂ ਸਮੁੱਚੇ ਪੰਜਾਬ ਦੀ ਬਨਸਪਤੀ, ਜੰਗਲ, ਬੇਲੇ, ਨਦੀਆਂ, ਦਰਿਆ, ਆਦਿ ਦਾ ਜ਼ਿਕਰ ਵੀ ਵਿਸ਼ੇਸ਼ ਰੂਪ ਵਿੱਚ ਆਉਂਦਾ ਹੈ। ਪੰਜਾਬ, ਪੰਜਾਬੀ ਰਹਿਤਲ ਤੇ ਪੰਜਾਬੀਅਤ ਉਸਦੀ ਦੀ ਕਵਿਤਾ ਦੇ ਬਹੁਤ ਨੇੜਲੇ ਜੁੱਜ਼ ਹਨ:

ਪਰ ਠੀਕ ਹੈ ਕੋਈ ਥੋਰ੍ਹਾਂ ਨੂੰ

ਕਿਉਂ ਵਾੜ ਕਰੇਗਾ।

ਕੋਈ ਭੌਰ ਭਲਾ ਕੰਡਿਆਂ ਤੇ

ਕਿਉਂ ਜੀਭ ਧਰੇਗਾ।

ਮੇਰੇ ਦਿਲ ਦੇ ਬੀਆਬਾਨ 'ਚ

ਉੱਗਿਆ ਹੈ ਕਿਉੜਾ

ਹੈਰਾਨ ਹਾਂ ਬਿਰਹੋਂ ਦੀ ਤਪਸ਼

ਕਿੱਦਾਂ ਜਰੇਗਾ !

ਮੇਰਾ ਇਸ਼ਕ ਹੈ ਥੇਹਾਂ ਤੇ ਨੀ

ਇਟ-ਸਿਟ ਦੀ ਬਰੂਟੀ

ਸੁੱਕੇਗੀ ਨਾ ਬਦਬਖ਼ਤ

ਨਾ ਇੱਜੜ ਹੀ ਚਰੇਗਾ !

ਲੱਗ ਜਾਏ ਨੀ ਲੱਖ ਵਾਰ

ਮੇਰੇ ਨੈਣਾਂ ਨੂੰ ਉੱਲੀ,

ਮੇਰਾ ਸਿਦਕ ਉਹਦੇ ਰਾਹਾਂ ਤੇ

ਰੋ ਰੋ ਕੇ ਮਰੇਗਾ !

ਹੋ ਜਾਏਗੀ ਇਕ ਰੋਜ਼ ਸਬਜ਼-

ਦਿਲ ਦੀ ਫਲਾਹੀ

ਬੰਜਰ ਵੀ ਮੁਕੱਦਰ ਦਾ ਨੀ—

ਹੋ ਜਾਏਗਾ ਚਾਹੀ !

ਹੈ ਆਸ ਮੇਰੇ ਹੋਠਾਂ ਦੀ—

ਕਚਨਾਰ ਦੀ ਛਾਵੇਂ,

ਸੁਸਤਾਣਗੇ ਮੁਸਕਾਨਾਂ ਦੇ

ਬੇਅੰਤ ਹੀ ਰਾਹੀ !

(ਬਿਰਹਾ ਤੂੰ ਸੁਲਤਾਨ,ਪੰਨਾ-139)

ਇਸੇ ਤਰ੍ਹਾਂ ਪੰਜਾਬੀ ਸਭਿਆਚਾਰ, ਖਾਣ-ਪਹਿਨਣ, ਵਰਤੋਂ-ਵਿਹਾਰ, ਲੋਕ ਕਿੱਤੇ, ਕੱਤਣ-ਤੁੰਬਣ, ਖੇਡਣ-ਮੱਲਣ ਨਾਲ ਸਬੰਧਿਤ ਸ਼ਬਦਾਵਲੀ ਦੀ ਸੁਚੱਜੀ ਅਤੇ ਸਲੀਕੇਦਾਰ ਵਰਤੋਂ ਪੰਜਾਬੀ ਕਵਿਤਾ ਵਿੱਚ ਹੋਰ ਬਹੁਤ ਘੱਟ ਮਿਲਦੀ ਹੈ। ਉਸਨੇ ਪੰਜਾਬੀ ਕਵਿਤਾ ਵਿੱਚ ਕਈ ਨਵੇਂ ਪ੍ਰਯੋਗ ਵੀ ਕੀਤੇ ਹਨ। ਉਸਨੇ ਵੰਨ ਸੁਵੰਨੇ ਰੂਪਾਕਾਰਾਂ ਵਿੱਚ ਕਾਵਿ ਰਚਨਾ ਕੀਤੀ ਹੈ। ਉਸਨੇ ਗ਼ਜ਼ਲ, ਨਜ਼ਮ, ਖੁੱਲ੍ਹੀ ਕਵਿਤਾ, ਗੀਤ ਪ੍ਰਗੀਤ, ਲੰਮੀ ਕਵਿਤਾ, ਬਿਰਤਾਂਤਕ ਕਵਿਤਾ, ਨਾਟ ਕਾਵਿ/ਮਹਾਂ ਕਾਵਿ ਦੀ ਰਚਨਾ ਵੀ ਕੀਤੀ।

ਸਾਹਿਤਕ ਪੱਖੋਂ ਉਸ ਦੀ ਸਮੁੱਚੀ ਕਵਿਤਾ ਉਚਪਾਏ ਦੀ ਹੈ। ਸ਼ਿਵ ਕੁਮਾਰ ਬਾਲਪਨ ਦੀ ਉਮਰੇ ਕਵਿਤਾ ਦੇ ਖੇਤਰ ਵਿੱਚ ਪ੍ਰਵੇਸ਼ ਕਰਦਾ ਹੈ ਤੇ ਆਪਣੇ ਆਖਰੀ ਸਮੇਂ ਤੱਕ ਪੰਜਾਬੀ ਸਾਹਿਤ ਨੂੰ ਸਮਰਪਿਤ ਰਿਹਾ। ਆਖ਼ਰਕਾਰ ਪੰਜਾਬੀ ਕਵਿਤਾ ਦਾ ਇਹ ਅਲਬੇਲਾ ਸ਼ਾਇਰ ਅਜਿਹੇ ਕਾਵਿ ਬੋਲਾਂ ਨਾਲ ਸਦਾ ਲਈ ਚੁੱਪ ਹੋ ਗਿਆ।

ਇਹ ਕੌਣ ਹੈ ਜੋ ਮੌਤ ਨੂੰ,

ਬਦਨਾਮ ਕਰ ਰਿਹੈ ?

ਇਨਸਾਨ ਨੂੰ ਇਨਸਾਨ ਦੇ,

ਜਨਮ ਨੇ ਮਾਰਿਐ !

ਚੜ੍ਹਿਆ ਸੀ ਜਿਹੜਾ ਸੂਰਜ,

ਡੁੱਬਣਾ ਸੀ ਉਸ ਜ਼ਰੂਰ,

ਕੋਈ ਝੂਠ ਕਹਿ ਰਿਹਾ ਹੈ,

ਕਿ ਪੱਛਮ ਨੇ ਮਾਰਿਐ !

ਮੰਨਿਆ ਕਿ ਮੋਇਆਂ ਮਿੱਤ੍ਰਾਂ ਦਾ

ਗ਼ਮ ਵੀ ਮਾਰਦੈ,

ਬਹੁਤਾ ਪਰ ਇਸ ਦਿਖਾਵੇ ਦੇ,

ਮਾਤਮ ਨੇ ਮਾਰਿਐ !

ਕਾਤਿਲ ਕੋਈ ਦੁਸ਼ਮਣ ਨਹੀਂ,

ਮੈਂ ਠੀਕ ਆਖਦਾਂ,

'ਸ਼ਿਵ' ਨੂੰ ਤਾਂ 'ਸ਼ਿਵ' ਦੇ ਆਪਣੇ

ਮਹਿਰਮ ਨੇ ਮਾਰਿਐ !

..................

ਅਭਿਆਸ ਲਈ ਪ੍ਰਸ਼ਨ

1. ਸ਼ਿਵ ਕੁਮਾਰ ਬਟਾਲਵੀ ਦੇ ਕਾਵਿ ਸਰੋਕਾਰ
2. ਸ਼ਿਵ ਕੁਮਾਰ ਬਟਾਲਵੀ ਦਾ ਬਿਰਹਾ ਚਿੰਤਨ
3. ਸ਼ਿਵ ਕੁਮਾਰ ਬਟਾਲਵੀ ਦੀ ਕਾਵਿ ਦ੍ਰਿਸ਼ਟੀ
4. ਸ਼ਿਵ ਕੁਮਾਰ ਬਟਾਲਵੀ ਦੀ ਵਿਚਾਰਧਾਰਾ ਤੇ ਨੋਟ ਲਿਖੋ
5. ਸ਼ਿਵ ਕੁਮਾਰ ਨੂੰ ਕਿਸ ਧਾਰਾ ਦੀ ਕਵੀ ਕਿਹਾ ਜਾ ਸਕਦਾ ਹੈ।
6. ਸ਼ਿਵ ਕੁਮਾਰ ਬਟਾਲਵੀ ਨੂੰ ਰੋਮਾਂਸਵਾਦੀ ਕਵੀ ਦੇ ਤੌਰ ਤੇ ਪਰਖੋ

ਅਧਿਐਨ ਲਈ ਪੁਸਤਕਾਂ


- ਡਾ. ਰਜਿੰਦਰ ਪਾਲ ਸਿੰਘ ਬਰਾੜ, ਆਧੁਨਿਕ ਪੰਜਾਬੀ ਕਵਿਤਾ ਦਾ ਇਤਿਹਾਸ
- ਡਾ. ਜਸਵਿੰਦਰ ਸਿੰਘ ਅਤੇ ਮਾਨ ਸਿੰਘ ਢੀਂਡਸਾ, ਪੰਜਾਬੀ ਸਾਹਿਤ ਦਾ ਇਤਿਹਾਸ-ਆਧੁਨਿਕ ਕਾਲ

- ਡਾ. ਸੁਹਿੰਦਰ ਬੀਰ, ਸ਼ਿਵ ਕੁਮਾਰ: ਜੀਵਨ ਅਤੇ ਰਚਨਾ, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ।
- ਡਾ. ਕਿਰਪਾਲ ਸਿੰਘ ਕਸੇਲ ਅਤੇ ਹੋਰ, ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ,

**ਭਾਗ ਅ 1 ਸੁਰਜੀਤ ਪਾਤਰ**

**ਸੁਰਜੀਤ ਪਾਤਰ : ਲਫਜਾਂ ਦੀ ਦਰਗਾਹ**

**ਲਫਜਾਂ ਦੀ ਦਰਗਾਹ : ਵਿਚਾਰਧਾਰਾਈ ਅਧਿਐਨ**

**ਲਫਜਾਂ ਦੀ ਦਰਗਾਹ : ਅਧਿਐਨ ਦ੍ਰਿਸ਼ਟੀ**

ਸੁਰਜੀਤ ਪਾਤਰ : ਸੁਰਜੀਤ ਪਾਤਰ ਇੱਕ ਪੰਜਾਬੀ ਸ਼ਾਇਰ ਹਨ। ਉਸਨੇ 1960ਵਿਆਂ ਵਿੱਚ ਆਪਣੀਆਂ ਕਵਿਤਾਵਾਂ ਪ੍ਰਕਾਸ਼ਿਤ ਕਰਨੀਆਂ ਸ਼ੁਰੂ ਕੀਤੀਆਂ ਸਨ ਅਤੇ ਅੱਜ ਤੱਕ ਨਿਰੰਤਰ ਕਾਵਿ-ਸਿਰਜਣਾ ਵਿੱਚ ਕਰਮਸ਼ੀਲ ਹੈ। ਉਹਦੀ ਸਖਸ਼ੀਅਤ 'ਕਵਿਤਾ ਦੀ ਵਿਆਪਕ ਸਮਾਜਿਕ ਅਪੀਲ ਤੇ ਗੰਭੀਰਤਾ' ਦਾ ਸੁੰਦਰ ਸੁਮੇਲ ਹੈ। ਆਲੋਚਕਾਂ ਨੇ ਉਸਨੂੰ ਖੂਬ ਸਰਾਹਿਆ ਹੈ। ਸਮਾਜ ਵਿੱਚ ਰਾਜਨੀਤਕ ਚੇਤਨਾ ਅਤੇ ਤਤਕਾਲੀ ਜ਼ਬਰ ਦੇ ਵਿਰੋਧ ਦੇ ਰੂਪ ਵਿੱਚ ਉਹਨਾਂ ਦੀ ਕਵਿਤਾ ਸਾਹਮਣੇ ਆਉਂਦੀ ਹੈ।

ਸੁਰਜੀਤ ਪਾਤਰ ਜੀ ਦਾ ਜਨਮ 14 ਜਨਵਰੀ 1945 ਈ 'ਚ ਪਿੰਡ ਪੱਤੜਾਂ ਜ਼ਿਲ੍ਹਾ ਕਪੂਰਥਲਾ ਵਿੱਚ ਹੋਇਆ। ਉਨ੍ਹਾਂ ਦੇ ਮਾਤਾ ਦਾ ਨਾਮ ਗੁਰਬਖਸ਼ ਕੌਰ ਅਤੇ ਪਿਤਾ ਦਾ ਨਾਮ ਸ.ਹਰਭਜਨ ਸਿੰਘ ਹੈ। ਪਾਤਰ ਨੇ ਆਪਣੇ ਪਿੰਡ ਦੇ ਸਕੂਲ ਤੋਂ ਹੀ ਪ੍ਰਾਇਮਰੀ ਦੀ ਸਿੱਖਿਆ ਲਈ ਅਤੇ ਖਾਲਸਾ ਹਾਈ ਸਕੂਲ ਖਹਿਰਾ ਮਝਾ ਤੋਂ ਦਸਵੀ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ ਬੀ,ਏ ਕਰਕੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐਮ ਏ ਅਤੇ ਗੁਰੂ ਨਾਨਕ ਦੇਵ ਯੂਨੀਵਰਿਸਟੀ, ਅੰਮ੍ਰਿਤਸਰ ਤੋਂ ਪੀ ਐਚ ਡੀ ਕੀਤੀ ਜਿਸਦਾ ਵਿਸ਼ਾ "Transformation of Folklore in Guru Nanak Vani " ਸੀ। ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸਿੰਘ ਸੇਠੀ ਦੇ ਕਹਿਣ 'ਤੇ ਹੀ ਉਹਨਾਂ ਆਪਣੇ ਪਿੰਡ ਦੇ ਨਾਮ ਤੋਂ ਹੀ ਆਪਣਾ ਤਖੱਲਸ 'ਪਾਤਰ' ਰੱਖ ਲਿਆ, ਜਦੋਂ ਕਿ ਉਹ ਪਹਿਲਾਂ ਆਪਣੇ ਨਾਂ ਸੁਰਜੀਤ ਦੇ ਨਾਲ ਪੱਤੜ ਸ਼ਬਦ ਦੀ ਹੀ ਵਰਤੋਂ ਕਰਦੇ ਸਨ। ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਤੋਂ ਐਮ.ਏ. ਪੰਜਾਬੀ ਪ੍ਰਥਮ ਸਥਾਨ ਤੇ ਰਹਿ ਕੇ ਕੀਤੀ ਅਤੇ ਕੁਝ ਸਾਲ ਬੀੜ ਬਾਬਾ ਬੁੱਢਾ ਕਾਲਜ ਵਿਖੇ ਲੈਕਚਰਾਰ ਰਿਹਾ। ਪਰ ਪਿਛੋਂ ਪੰਜਾਬ ਖੇਤੀ-ਬਾੜੀ ਯੂਨੀਵਰਸਿਟੀ, ਲੁਧਿਆਣਾ ਵਿੱਚ, ਲੰਮਾਂ ਸਮਾਂ ਅਧਿਆਪਕ ਵਜੋਂ ਸੇਵਾ ਕਰ ਕੇ ਅੱਜ-ਕੱਲ੍ਹ ਲੁਧਿਆਣਾ ਵਿਖੇ ਸੇਵਾਮੁਕਤ ਜੀਵਨ ਗੁਜ਼ਾਰ ਰਿਹਾ ਹੈ। ਮਿੱਠ ਬੋਲੜਾ, ਮਲੂਕ, ਛਾਟਵੀਂ ਕਾਇਆ ਕਲਪ, ਧੀਮੇ ਬੋਲਾਂ ਵਾਲਾ, ਯਾਰਾਂ ਦਾ ਯਾਰ ਪਾਤਰ ਮਨ ਮੋਹਨ ਵਾਲਾ ਸ਼ਖ਼ਸ ਹੈ। ਉਹ ਆਧੁਨਿਕ ਯੁੱਗ ਸੰਵੇਦਨਾ ਦੇ ਪ੍ਰਾਣਵੰਤ ਅਹਿਸਾਸਾਂ ਅਤੇ ਵਲੂੰਧਰੀਆਂ ਦੁਸ਼ਵਾਰੀਆਂ ਦਾ ਕਾਇਲ ਕਰ ਦੇਣ ਵਾਲਾ ਸ਼ਾਇਰ ਹੈ।

ਰਚਨਾਵਾਂ

ਕਾਵਿ ਸੰਗ੍ਰਹਿ

ਸਾਹਿਤ ਅਕਾਦਮੀ ਇਨਾਮ - ਸੁਰਜੀਤ ਪਾਤਰ

ਹਵਾ ਵਿੱਚ ਲਿਖੇ ਹਰਫ਼ -1979

ਬਿਰਖ ਅਰਜ਼ ਕਰੇ- 1992

ਹਨੇਰੇ ਵਿੱਚ ਸੁਲਗਦੀ ਵਰਨਮਾਲਾ-1992

ਲਫ਼ਜ਼ਾਂ ਦੀ ਦਰਗਾਹ- 2003

ਪਤਝੜ ਦੀ ਪਾਜ਼ੇਬ

ਸੁਰ-ਜ਼ਮੀਨ- 2007

ਚੰਨ ਸੂਰਜ ਦੀ ਵਹਿੰਗੀ

ਅਨੁਵਾਦ

ਸਪੇਨੀ ਲੇਖਕ ਲੋਰਕਾ ਦੇ ਤਿੰਨ ਦੁਖਾਂਤ:

ਅੱਗ ਦੇ ਕਲੀਰੇ (ਬਲੱਡ ਵੈਡਿੰਗ)[5]

ਸਈਓ ਨੀ ਮੈਂ ਅੰਤਹੀਣ ਤਰਕਾਲਾਂ (ਯੇਰਮਾ)

ਹੁਕਮੀ ਦੀ ਹਵੇਲੀ (ਲਾ ਕਾਸਾ ਡੇ ਬਰਨਾਰਡਾ ਅਲਬਾ)

"ਨਾਗ ਮੰਡਲ" (ਗਿਰੀਸ਼ ਕਾਰਨਾਡ ਦਾ ਨਾਟਕ)

ਬ੍ਰੈਖਤ ਅਤੇ ਨੇਰੂਦਾ ਦੀਆਂ ਕਵਿਤਾਵਾਂ

ਸ਼ਹਿਰ ਮੇਰੇ ਦੀ ਪਾਗਲ ਔਰਤ (ਯਾਂ ਜਿਰਾਦੂ ਦੇ ਫ਼ਰੈਂਚ ਨਾਟਕ ਲਾ ਫ਼ੋਲੇ ਡੇ ਸਈਓ)

ਵਾਰਤਕ

ਸੂਰਜ ਮੰਦਰ ਦੀਆਂ ਪੌੜੀਆਂ

ਇਹ ਬਾਤ ਨਿਰੀ ਏਨੀ ਹੀ ਨਹੀਂ (2022)

**ਲਫ਼ਜ਼ਾਂ ਦੀ ਦਰਗਾਹ**

ਸੁਰਜੀਤ ਪਾਤਰ ਪੰਜਾਬੀ ਸਾਹਿਤ ਵਿੱਚ ਸਥਾਨ ਰੱਖਣ ਵਾਲਾ ਪ੍ਰਮੁੱਖ ਅਤੇ ਪ੍ਰਤੀਨਿਧ ਕਵੀ ਹੈ। ਉਸਨੇ ਧੀਮੇ ਬੋਲਾਂ ਅਤੇ ਧੀਮੇ ਅੰਦਾਜ਼ ਵਿਚ ਅਜਿਹੀਆਂ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ ਹਨ ਜਿਨ੍ਹਾਂ ਦਾ ਸਮਕਾਲੀ ਯਥਾਰਥ ਨਾਲ ਗਹਿਰਾ ਸੰਬੰਧ ਹੈ। ਉਸਨੇ ਆਪਣੇ ਕਾਵਿ ਸੰਗ੍ਰਹਾਂ ਵਿੱਚ ਗਜ਼ਲਾਂ ਦੇ ਨਾਲ-ਨਾਲ ਗੀਤ ਅਤੇ ਨਜ਼ਮਾਂ ਵੀ ਲਿਖੀਆਂ ਹਨ। ਲਫ਼ਜ਼ਾਂ ਦੀ ਦਰਗਾਹ ਸੁਰਜੀਤ ਪਾਤਰ ਦਾ 1999ਵਿੱਚ ਛਪਿਆ ਹੋਇਆ ਕਾਵਿ-ਸੰਗ੍ਰਹਿ ਹੈ। ਲਫ਼ਜ਼ਾਂ ਦੀ ਦਰਗਾਹ ਪੁਸਤਕ ਵਿੱਚ ਲੇਖਕ ਦੀਆਂ ਕੁਝ ਸਭ ਤੋਂ ਮਸ਼ਹੂਰ ਕਾਵਿਕ ਰਚਨਾਵਾਂ ਸ਼ਾਮਲ ਹਨ। ਇਸ ਕਾਵਿ ਸੰਗ੍ਰਿਹ ਵਿਚ ਕੁਲ 74 ਰਚਨਾਵਾਂ ਹਨ। ਕਵਿਤਾ, ਗਜ਼ਲ ਅਤੇ ਗੀਤ ਦੇ ਰੂਪ ਵਿੱਚ ਸ਼ਾਮਲ ਇਨ੍ਹਾਂ ਕਵਿਤਾਵਾਂ ਵਿੱਚ ਸਮਕਾਲੀ ਯਥਾਰਥ ਨੂੰ ਪੇਸ਼ ਕੀਤਾ ਗਿਆ ਹੈ। ਸਮੁੱਚੇ ਬ੍ਰਹਿਮੰਡ, ਇਤਿਹਾਸ, ਮਿਥਿਹਾਸ ਅਤੇ ਸਾਡੇ ਜੀਵਨ ਦੇ ਤਾਣੇ ਪੇਟੇ ਨਾਲ ਬੁਣੀ ਹੋਈ ਇਸ ਰਚਨਾ ਵਿੱਚ ਮਨੁੱਖੀ ਰੂਹ ਦੀ ਆਵਾਜ਼ ਸੁਣਾਈ ਦਿੰਦੀ ਹੈ। ਸੁਰਜੀਤ ਪਾਤਰ ਦੁਆਰੇ ਵਰਤੇ ਗਏ ਸ਼ਬਦ ਉਸਦੀ ਸੁਹਿਰਦ ਅਤੇ ਸੰਵੇਦਨਸ਼ੀਲ ਰੂਹ ਦੇ ਦਰਸ਼ਨ ਵੀ ਕਰਵਾਉਂਦੇ ਹਨ। ਇਸ ਵਿੱਚ ਕਾਵਿਕ ਸ਼ਬਦਾਵਲੀ ਸ਼ਾਮਲ ਹੈ, ਜੋ ਜੋਸ਼, ਦਰਦ, ਤਾਲ ਅਤੇ ਉੱਤਮਤਾ ਪ੍ਰਦਾਨ ਕਰਦੀ ਹੈ।

**ਲਫਜਾਂ ਦੀ ਦਰਗਾਹ : ਵਿਚਾਰਧਾਰਾਈ ਅਧਿਐਨ / ਅਧਿਐਨ ਦ੍ਰਿਸ਼ਟੀ**

ਇਸ ਪੁਸਤਕ ਨੂੰ ਪੜ੍ਹਦਿਆਂ, ਇੱਕ ਵਿਅਕਤੀ ਨੂੰ ਮਹਿਸੂਸ ਹੁੰਦਾ ਹੈ ਕਿ ਲੇਖਕ ਪਾਠਕ ਦੇ ਜੀਵਨ ਬਾਰੇ ਗੱਲ ਕਰ ਰਿਹਾ ਹੈ ਅਤੇ ਛੇਤੀ ਹੀ ਲੇਖਕ ਨਾਲ ਨੇੜਲਾ ਸੰਬੰਧ ਸਥਾਪਤ ਕਰ ਲੈਂਦਾ ਹੈ। ਉਸ ਨੂੰ ਕਿਸੇ ਲੰਮੀ ਭਟਕਣ ਤੋਂ ਬਾਅਦ ਉਹ ਦਰਵਾਜ਼ਾ ਦਿਸਿਆ ਜੋ ਕਹਿੰਦਾ ਜਾਪਦਾ ਸੀ:

ਇਹ ਇਕ ਧੁਖ਼ਦਾ ਰੁੱਖ ਆਇਆ ਹੈ ਇਹ ਆਈ ਧੁਨ ਮਾਤਮ ਦੀ

ਇਹਨਾਂ ਲਈ ਦਰਵਾਜ਼ੇ ਖੋਲ੍ਹੋ ਇਹ ਤਾਂ ਆਪਣੇ ਘਰ ਦੇ ਲੋਕ

ਸੁਖਵਿੰਦਰ ਅੰਮ੍ਰਿਤ ਜੀ ਅਨੁਸਾਰ ਇਹ ਕਾਵਿ- ਸੰਗ੍ਰਿਹ ਪੁਸਤਕ ਦਰਵਾਜ਼ਾ ਹੈ ਸੁਰਜੀਤ ਪਾਤਰ ਜੀ ਦੀ ਸ਼ਾਇਰੀ ਦਾ... ਉਨ੍ਹਾਂ ਦੇ ਲਫ਼ਜ਼ਾਂ ਦੀ ਦਰਗਾਹ.. । ਇਹ ਕਵਿਤਾ ਰੂਹ ਦੇ ਥਲ ਤੇ ਕਾਲੀ ਘਟ ਵਾਂਗ ਵਰਸਦੀ ਹੈ। ਸੁਰਜੀਤ ਪਾਤਰ ਜੀ ਜਿੰਨੇ ਵਧੀਆ ਸ਼ਾਇਰ ਹਨ ਓਨੇ ਹੀ ਵਧੀਆ ਇਨਸਾਨ ਹਨ। ਨੇਕੀ, ਮੁਹੱਬਤ, ਪਵਿੱਤਰਤਾ ਅਤੇ ਇਨਸਾਨੀ ਜਜ਼ਬਿਆਂ ਨਾਲ ਲਬਰੇਜ਼ ਅਜਿਹੀ ਸੰਵੇਦਨਸ਼ੀਲ ਰੂਹ ਜੋ ਸਾਰੀ ਕੁਦਰਤ ਨਾਲ ਇੱਕ-ਮਿੱਕ ਹੋਈ ਪਈ ਹੈ। ਜੋ ਕੁਦਰਤ ਦੀ ਹਰ ਸਜੀਵ ਤੇ ਨਿਰਜੀਵ ਵਸਤੂ ਨੂੰ ਸਨੇਹ ਕਰਦੀ ਹੈ, ਜੋ ਹਰ ਸਜੀਵ ਨਿਰਜੀਵ ਵਸਤੂ ਦਾ ਦੁੱਖ ਵੰਡਾਉਣ ਲਈ ਉਤਾਵਲੀ ਰਹਿੰਦੀ ਹੈ; ਉਹ ਰੂਹ ਜੋ ਪਿਆਸੇ ਥਲਾਂ ਤੇ ਕਿਣਮਿਣੀ ਵਾਂਗ ਵਰਸਣਾ ਚਾਹੁੰਦੀ

ਹੈ, ਡੁਬਦੇ ਸੂਰਜ ਨੂੰ ਆਪਣੀਆਂ ਬਾਹਵਾਂ ਵਿਚ ਥੰਮਣਾ ਲੋਚਦੀ ਹੈ, ਤਪਦੇ ਰਾਹਾਂ ਦੇ ਰਾਹੀਆਂ ਦੇ ਸਿਰ ਛਾਂ ਬਣਨ ਲਈ ਬਿਹਬਲ ਹੈ, ਜੋ ਬਿਰਖਾਂ ਦੀਆਂ ਨੰਗੀਆਂ ਸ਼ਾਖ਼ਾਂ ਵਾਸਤੇ ਪੱਤੀਆਂ ਦੀ ਕਾਮਨਾ ਕਰਦੀ ਹੈ, ਉਹ ਰੂਹ ਜਿਸ ਨੂੰ ਦੁਖੀਆਂ ਦਾ ਦੁੱਖ ਦੂਰ ਨਾ ਕਰ ਸਕਣ ਦਾ ਦੁੱਖ ਵੀ ਸਤਾਉਂਦਾ ਹੈ। ਹੇਠ ਲਿਖੇ ਸ਼ੇਅਰ ਉਹਨਾਂ ਦੀ ਉਸੇ ਪਾਕਿ ਰੂਹ ਦੀ ਆਵਾਜ਼ ਜਾਪਦੇ ਹਨ:

ਮੈਨੂੰ ਇਸ ਦੀ ਪਿਆਸ ਦਾ ਅਹਿਸਾਸ ਹੈ ਪਰ ਫੇਰ ਵੀ
ਮਾਰੂਥਲ ਤੇ ਕਿਣਮਿਣੀ ਦਾ ਕਾਵਿ ਲਿਖ ਸਕਿਆ ਨਹੀਂ

ਕਿਸੇ ਦੇ ਵਾਸਤੇ ਸ਼ਾਇਦ ਬਿਰਖ ਬਣਾਂ ਮੈਂ ਵੀ
ਇਸੇ ਉਮੀਦ 'ਤੇ ਥਲ ਵਿਚ ਖੜਾਂ ਦੁਪਹਿਰ ਅੰਦਰ

ਤੇਰਿਆਂ ਰਾਹਾਂ ਤੇ ਗੂੜ੍ਹੀ ਛਾਂ ਤਾਂ ਬਣ ਸਕਦਾ ਹਾਂ ਮੈਂ
ਮੰਨਿਆਂ ਸੂਰਜ ਦੇ ਰਸਤੇ ਨੂੰ ਬਦਲ ਸਕਦਾ ਨਹੀਂ

ਤੂੰ ਭਲਾ ਕੀ ਕਰ ਸਕੇਂਗਾ ਔੜ ਦਾ ਕੋਈ ਇਲਾਜ
ਹੰਝੂ ਇਕ ਆਏਗਾ ਉਹ ਵੀ ਪਲਕ ਤੇ ਸੁਕ ਜਾਏਗਾ

ਨੰਗੀਆਂ ਸ਼ਾਖ਼ਾਂ ਨੂੰ ਮੇਰੇ ਮਾਲਕਾ
ਦੇ ਦੇ ਦੋ ਤਿੰਨ ਪੱਤੀਆਂ ਪਹਿਨਣ ਲਈ

ਇਸ ਸੰਵੇਦਨਸ਼ੀਲ ਕਵੀ ਦਾ ਮਨ ਇਕ ਐਸਾ ਸਥਾਨ ਹੈ ਜਿਥੇ ਇਸ ਯੁਗ ਦੀ ਪੀੜ ਆਪਣਾ ਆਪਾ ਪ੍ਰਗਟ ਕਰਦੀ ਹੈ। ਭਾਵੇਂ ਪਾਤਰ ਜੀ ਦੀ ਕਵਿਤਾ ਵਿਚ ਲੋਕਾਈ ਦੇ ਹੋਰ ਅਨੇਕਾਂ ਮਸਲੇ ਤੇ ਦਰਦ ਵੀ ਸ਼ਾਮਿਲ ਹਨ ਜਿਹਨਾਂ ਬਾਰੇ ਵੱਖ ਵੱਖ ਆਲੋਚਕਾਂ ਨੇ ਬਹੁਤ ਵਿਸਥਾਰ ਨਾਲ ਲਿਖਿਆ ਵੀ ਹੈ। ਪਰ ਜਿਸ ਗੱਲ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਇਸ ਲਿਖਤ ਵਿਚ ਕਰਨਾ ਬਣਦਾ ਹੈ ਕਿ ਇਸ ਵਿਚ ਸੱਭਿਅਤਾ ਤੇ ਕੁਦਰਤ ਦੀ ਕਸ਼ਮਕਸ਼ ਆਪਣੀ ਪੂਰੀ ਸ਼ਿੱਦਤ

ਨਾਲ ਪ੍ਰਗਟ ਹੋਈ ਹੈ। ਇਸ ਵਿਚ ਸੱਭਿਅਤਾ ਦੇ ਕਿਨਾਰਿਆਂ ਵਿਚਕਾਰ ਤੜਪਦੇ ਸਮੁੰਦਰ ਦੀ ਬੇਚੈਨੀ ਹੈ, ਉਸ ਇਨਸਾਨੀਅਤ ਦਾ ਦਰਦ ਹੈ ਜਿਹੜੀ ਜਦੋਂ ਆਪਣੀਆਂ ਖ਼ੁਸ਼ੀਆਂ ਮਗਰ ਜਾਂਦੀ ਹੈ ਤਾਂ ਉਸ ਨੂੰ ਆਪਣੇ ਪੈਰਾਂ ਹੇਠ ਮਿੱਧ ਹੁੰਦੀਆਂ ਦੂਸਰਿਆਂ ਦੀਆਂ ਖ਼ੁਸ਼ੀਆਂ ਦਾ ਅਹਿਸਾਸ ਸਤਾਉਂਦਾ ਹੈ:

ਮੈਂ ਤੁਰਦਾ ਹਾਂ ਤੇਰੇ ਵੱਲ,

ਤਾਂ ਪੈਰਾਂ ਹੇਠ ਪਵਿੱਤਰ ਪੁਸਤਕਾਂ ਦੇ ਪੰਨੇ ਆਉਂਦੇ ਨੇ

ਲੋਰੀਆਂ ਆਉਂਦੀਆਂ ਨੇ ਮੇਰੀ ਮਾਂ ਦੀਆਂ

ਮੇਰੇ ਪੈਰਾਂ ਹੇਠ ਆਉਂਦੀ ਹੈ

ਅਖ਼ਬਾਰਾਂ 'ਚ ਛਪੀ ਮੇਰੀ ਤਸਵੀਰ

ਮੇਰੇ ਪੈਰਾਂ ਹੇਠ ਪੱਕੀਆਂ ਥਾਂਵਾਂ ਆਉਂਦੀਆਂ ਨੇ

ਜਠੇਰਿਆਂ ਦੀਆਂ ਸਮਾਧਾਂ ਤੇ ਉਹਨਾਂ ਦੇ ਉਪਦੇਸ਼...

ਜੇ ਇਹ ਸਭ ਕੁਝ ਪੈਰਾਂ ਹੇਠ ਆਉਂਦਾ ਹੈ

ਤਾਂ ਜ਼ਰੂਰ ਤੂੰ ਭਵਿੱਖ ਵੱਲ ਜਾ ਰਿਹਾ ਏਂ

ਇਹ ਜੋ ਕੁਝ ਤੇਰੇ ਪਿੱਛੇ ਵਿਰਲਾਪ ਕਰਦਾ ਹੈ

ਇਹ ਅਤੀਤ ਹੈ

ਤੇ ਇਹ ਹਾਸਾ ਉਨ੍ਹਾਂ ਲੋਕਾਂ ਦਾ ਹੈ

ਜੋ ਅਤੀਤ ਵੱਲ ਤੁਰ ਰਹੇ ਨੇ

ਪਰ ਇਹ ਸਿਸਕ ਕੌਣ ਰਿਹਾ ਹਵਾਵਾਂ ਵਿਚ

ਤੇ ਮੇਰੇ ਅੰਦਰ ਵਾਰ?

ਇਸ ਕਵਿਤਾ ਵਿਚ ਇਹ ਅਹਿਸਾਸ ਵੀ ਉਜਾਗਰ ਹੁੰਦਾ ਹੈ ਕਿ ਅਸੀਂ ਕੁਦਰਤ ਵੱਲ ਵਾਪਸ ਨਹੀਂ ਮੁੜ ਸਕਦੇ ਸਗੋਂ ਸਾਨੂੰ ਆਪਣੀ ਮੌਜੂਦਾ ਸੱਭਿਅਤਾ ਵਿਚ ਹੀ ਅਜਿਹੇ ਪਰਿਵਰਤਨ ਕਰਨੇ ਪੈਣਗੇ ਕਿ ਇਸ ਦੀ ਵਲਗਣ ਵਿਚ ਪ੍ਰਕਿਰਤੀ ਨੂੰ ਏਨੀ ਘੁਟਣ ਨਾ ਮਹਿਸੂਸ ਹੋਵੇ:

ਇਕ ਸਾਫ਼ ਉਜਲਾ ਵਰਕਾ

ਮੇਰੇ ਕਰੀਬ ਆਇਆ;

ਮੇਰੇ ਤੇ ਕੁਝ ਵੀ ਲਿਖ ਦੇ

ਨੇਕੀ ਬਦੀ ਦੀ ਕਰ ਦੇ ਸੱਜਰੀ ਨਿਸ਼ਾਨਦੇਹੀ

ਕੁਦਰਤ ਤੇ ਸੱਭਿਅਤਾ ਵਿਚ ਇਕ ਹੋਰ ਅਹਿਦਨਾਮਾ

ਤੂੰ ਆਪਣੀ ਇੱਛਾ ਵਰਗਾ ਉਪਨਿਸ਼ਦ ਨਵਾਂ ਰਚ ਦੇ

ਮੇਰੇ ਤੇ ਕੁਝ ਵੀ ਲਿਖ ਦੇ

ਤੂੰ ਆਪ ਮੁਕਤ ਹੋ ਜਾ

ਤੇ ਉਸ ਨੂੰ ਮੁਕਤ ਕਰ ਦੇ

ਤੂੰ ਆਪ ਨੀਰ ਹੋਵੇਂ

ਤੇ ਉਸ ਦੇ ਸੀਨੇ ਅੰਦਰ ਸੁਲਗਣ ਸਦਾ ਮੁਆਤੇ

ਇਹ ਤਾਂ ਸਹੀ ਨਹੀਂ ਨਾ.....

ਅੰਮ੍ਰਿਤ ਜੀ ਲਿਖਦੇ ਹਨ ਕਿ ਸੱਭਿਅਤਾ ਦੀਆਂ ਬੇੜੀਆਂ ਵਿਚ ਤੜਪਦੀ ਪਿਆਰ-ਭਾਵਨਾ ਦਾ ਬਿਆਨ ਸ਼ਾਇਦ ਹੀ ਕਿਸੇ ਹੋਰ ਕਵੀ ਨੇ ਏਨੀ ਸ਼ਿੱਦਤ ਅਤੇ ਸੁਹਿਦਰਤਾ ਨਾਲ ਕੀਤਾ ਹੋਵੇ ਜਿਵੇਂ ਪਾਤਰ ਸਾਹਿਬ ਨੇ ਆਪਣੀ ਸ਼ਾਇਰੀ ਵਿਚ ਕੀਤਾ ਹੈ। ਰਾਧਾ ਨੂੰ ਮੋਹਣ ਵਾਲੀ ਬੰਸਰੀ ਦੀ ਧੁਨ ਵਿਚ ਰੁਕਮਣੀ ਦੀ ਖਾਮੋਸ਼ ਵਿਲਕਣੀ ਨੂੰ ਸੁਣਨ ਵਾਲੇ ਕ੍ਰਿਸ਼ਨ ਦੀ ਕਲਪਨਾ ਸਿਰਫ਼ ਉਹਨਾਂ ਦੀ ਕਵਿਤਾ ਵਿਚ ਹੀ ਮਿਲਦੀ ਹੈ। ਇਸ ਕਵਿਤਾ ਵਿਚ ਉਸ ਤੜਪਦੇ ਪਲ ਦਾ ਜ਼ਿਕਰ ਆਉਂਦਾ ਹੈ ਜਦੋਂ ਕੋਈ ਸੰਵੇਦਨਸ਼ੀਲ ਆਪਣੀ ਮੁਹੱਬਤ ਦੇ ਜਹਾਨ ਦੀ ਜ਼ਮੀਨ ਨੂੰ ਛੂਹਣ ਲੱਗਦਾ ਹੈ ਤਾਂ ਉਸ ਦੇ ਮਨ ਅੰਦਰ ਅਨੇਕਾਂ ਸੰਸਕਾਰ, ਸਦਾਚਾਰ ਤੇ ਅਖੌਤੀ ਪਵਿੱਤਰਤਾ ਦੇ ਚਿੰਨ੍ਹ ਵਿਰਲਾਪ ਕਰਦੇ ਹਨ ਤੇ ਉਸ ਨੂੰ ਵਰਜਦੇ ਹਨ:

ਮੈਂ ਛੂਹਣ ਲੱਗਾ ਤੈਨੂੰ

ਬਹੁ-ਚੀਤਕਾਰ ਹੋਇਆ

ਅੰਧੇਰ ਤੜਪ ਉਠੇ

ਸੋ ਸੰਖ ਨਾਦ ਵਿਲਕੇ

ਘੜਿਆਲ ਖੜਕ ਉਠੇ.....

ਉਹ ਇਸ ਵਿਰਲਾਪ ਨੂੰ ਤਾਂ ਅਣਸੁਣਿਆ ਕਰ ਸਕਦਾ ਹੈ ਪਰ ਰੁਕਮਣੀ ਦੀ ਖਾਮੋਸ਼ ਵਿਲਕਣੀ ਨੂੰ ਨਹੀਂ:

ਮੈਂ ਹੋਂਠ ਦੂਰ ਕੀਤੇ

ਰਾਧਾ ਨੂੰ ਮੋਹਣ ਵਾਲੀ ਇਸ ਮਧੁਰ ਬੰਸਰੀ ਤੋਂ

ਡਰਿਆ ਮੈਂ ਰੁਕਮਣੀ ਦੀ

ਖ਼ਾਮੋਸ਼ ਵਿਲਕਣੀ ਤੋਂ.

ਇਹ ਕਵਿਤਾ ਸਦਾਚਾਰ ਦਾ ਉਪਦੇਸ਼ ਨਹੀਂ ਦਿੰਦੀ, ਨਾ ਹੀ ਇਹ ਆਪਣੇ ਕਿਰਦਾਰ ਨੂੰ ਮਰਯਾਦਾ-ਪੁਰਸ਼ੋਤਮ ਸਾਬਤ ਕਰਦੀ ਹੈ, ਬਲਕਿ ਇਹ ਤਾਂ ਅਣਦਿਸਦੇ ਧਰਾਤਲਾਂ ਨੂੰ ਰੋਸ਼ਨੀ 'ਚ ਲੈ ਕੇ ਆਉਂਦੀ ਹੈ:

ਬਹੁਤ ਗੁਲ ਖਿਲੇ ਨੇ ਨਿਗਾਹਵਾਂ ਤੋਂ ਚੋਰੀ

ਕਿਧਰ ਜਾਣ ਮਹਿਕਾਂ ਹਵਾਵਾਂ ਤੋਂ ਚੋਰੀ

ਕਿਸੇ ਹੋਰ ਧਰਤੀ ਤੇ ਵਰ੍ਹਦਾ ਰਿਹਾ ਮੈਂ
ਤੇਰੇ ਧੁਖ਼ਦੇ ਖ਼ਾਬਾਂ ਤੇ ਚਾਵਾਂ ਤੋਂ ਚੋਰੀ

ਉਨ੍ਹਾਂ ਦੀ ਵੀ ਹੈ ਪੈੜ ਮੇਰੀ ਗ਼ਜ਼ਲ ਵਿਚ
ਕਦਮ ਜਿਹੜੇ ਤੁਰਿਆ ਮੈਂ ਰਾਹਵਾਂ ਤੋਂ ਚੋਰੀ

ਕੁਫ਼ਰ ਬਦੀਆਂ ਖ਼ੌਫ਼ ਕੀ ਕੀ ਏਸ ਵਿਚ ਘੁਲਿਆ ਪਿਆ
ਮੇਰੇ ਦਿਲ ਦਰਿਆ ਤੋਂ ਵੱਧ ਦਰਿਆ ਕੋਈ ਗੰਧਲਾ ਨਹੀਂ

ਇਸ ਕਵਿਤਾ ਦੀ ਦੁਬਿਧਾ ਜਾਂ ਡਰ ਆਪਣੇ ਗੁਨਾਹਗਾਰ ਸਾਬਤ ਹੋਣ ਦਾ ਨਹੀਂ ਬਲਕਿ ਦੂਸਰਿਆਂ ਦੀ ਖ਼ੁਸ਼ੀਆਂ ਨੂੰ ਮਿੱਧ ਹੋਣ ਦੀ ਸੰਭਾਵਨਾ ਦਾ ਹੈ:

ਹਾਂ ਤੇਗ਼ ਇਸ਼ਕ ਦੀ ਪਰ ਆਪਣੇ ਹੀ ਸੀਨੇ ਵਿਚ
ਕਦੇ ਮੈਂ ਖ਼ੌਫ਼ ਕਦੇ ਰਹਿਮ ਦੀ ਮਿਆਨ 'ਚ ਹਾਂ

ਬਚਾਈਂ ਅੱਜ ਤੂੰ ਕਿਸੇ ਸੀਨੇ ਲਗਣੋਂ ਮੈਨੂੰ
ਕਿ ਅੱਜ ਮੈਂ ਪੰਛੀ ਨਹੀਂ, ਤੀਰ ਹਾਂ, ਉਡਾਨ 'ਚ ਹਾਂ

ਛੁਪਾ ਕੇ ਰੱਖਦਾ ਹਾਂ ਤੈਥੋਂ ਮੈਂ ਤਾਜ਼ੀਆਂ ਨਜ਼ਮਾਂ
ਮਤਾਂ ਤੂੰ ਜਾਣ ਕੇ ਰੋਵੇਂ ਮੈਂ ਕਿਸ ਜਹਾਨ 'ਚ ਹਾਂ

ਸਾਡੇ ਸਮਾਜ ਵਿਚ ਸੰਪੂਰਨ ਖੁਸ਼ੀ ਸੰਭਵ ਨਹੀਂ। ਏਥੇ ਖੁਸ਼ੀ ਵੀ ਗੁਨਾਹਾਂ ਦੇ ਪਰਛਾਵੇਂ ਵਿਚ ਰਹਿੰਦੀ ਹੈ। ਕੁਦਰਤ ਦੀ ਸਿਤਾਰਿਆਂ ਵਾਲੀ ਚੁੰਨੀ ਮੁੜ ਮੁੜ ਸੰਸਕਾਰਾਂ ਦੇ ਕੰਡਿਆਂ ਵਿਚ ਫਸਦੀ ਹੈ ਤੇ ਕਵੀ-ਮਨਾਂ ਨੂੰ ਉਹਨਾਂ ਦੀ

ਆਪਣੀ ਹੀ ਰੂਹ ਦੀ ਅਦਾਲਤ ਆਪਣੇ ਕਟਹਿਰੇ ਵਿਚ ਬੁਲਾਉਂਦੀ ਹੈ ਤੇ ਆਦਮਖ਼ੋਰਾ ਵਾਂਗ ਉਹਨਾਂ ਦੀ ਰੱਤ ਪੀਂਦੀ ਹੈ:

ਸਾਰੀ ਉਮਰ ਇਵੇਂ ਹੀ ਬੀਤੀ ਮੇਰੀ ਚੋਰਾਂ ਵਾਗੂੰ

ਪੂਰੇ ਖੰਭ ਖਿਲਾਰ ਨਾ ਪਾਈਆਂ ਪੈਲਾਂ ਮੋਰਾਂ ਵਾਂਗੂੰ

ਮੇਰੀ ਰੱਤ ਮੇਰੀ ਰੂਹ ਨੇ ਪੀਤੀ ਆਦਮਖ਼ੋਰਾਂ ਵਾਂਗੂੰ

ਮੈਨੂੰ ਰੋਜ਼ ਕਟਹਿਰੇ ਸੱਦਦੀ ਮੁਨਸਿਫ਼ ਹੋਰਾਂ ਵਾਂਗੂੰ

ਅਜਿਹੇ ਮਨਾਂ ਨੂੰ ਜੱਗ ਦੀ ਅਦਾਲਤ ਤਾਂ ਭਾਵੇਂ ਬੇਗੁਨਾਹ ਆਖ ਕੇ ਸੁਰਖ਼ਰੂ ਕਰ ਦੇਵੇ ਪਰ ਉਹ ਓਨਾ ਚਿਰ ਸੰਤੁਸ਼ਟ ਨਹੀਂ ਹੁੰਦੇ ਜਿੰਨਾ ਚਿਰ ਆਪਣੀ ਆਤਮਾ ਦੀ ਅਦਾਲਤ 'ਚੋਂ ਬਰੀ ਨਾ ਹੋਣ:

ਕੀ ਹੈ ਸਾਰੇ ਸ਼ਹਿਰ ਵਿਚ ਮਸ਼ਹੂਰ ਹਾਂ

ਜੇ ਨਜ਼ਰ ਤੇਰੀ 'ਚ ਨਾ-ਮਨਜ਼ੂਰ ਹਾਂ

ਸੀਨੇ ਉਤਲੇ ਤਗਮਿਆਂ ਨੂੰ ਕੀ ਕਰਾਂ

ਸੀਨੇ ਵਿਚਲੇ ਨਗਮਿਆਂ ਤੋਂ ਦੂਰ ਹਾਂ

ਮੇਰੇ ਸੀਨੇ ਵਿਚ ਹੀ ਹੈ ਸੂਲੀ ਮੇਰੀ

ਮੈਂ ਵੀ ਆਪਣੀ ਕਿਸਮ ਦਾ ਮਨਸੂਰ ਹਾਂ

ਇਸ ਕਵਿਤਾ ਨੂੰ ਪੜ੍ਹਦਿਆਂ ਸਾਨੂੰ ਇਸ ਵਿਚਲੇ ਭਾਵਾਂ ਨਾਲ ਇਕਮਿਕਤਾ ਦਾ ਅਹਿਸਾਸ ਹੁੰਦਾ ਹੈ। ਇਸ ਵਿਚਲੀ ਤੜਪ ਹਰ ਮਾਨਵ-ਮਨ ਦੀ ਤੜਪ ਮਹਿਸੂਸ ਹੁੰਦੀ ਹੈ। ਇਹ ਕਵਿਤਾ ਮੌਜੂਦਾ ਸੱਭਿਅਤਾ ਦੀ ਵਲਗਣ ਦੇ ਅਹਿਸਾਸ ਦੇ ਨਾਲ ਨਾਲ ਮੁਕਤੀ ਦੀ ਜ਼ਰੂਰਤ ਦਾ ਅਹਿਸਾਸ ਵੀ ਕਰਵਾਉਂਦੀ ਹੈ। ਨਵੀਂ ਸੱਭਿਅਤਾ ਸਿਰਜਣ ਦੀ ਪ੍ਰੇਰਨਾ ਦਿੰਦੀ ਹੋਈ, ਪਿੰਜਰੇ ਤੋਂ ਬਿਰਖ਼ ਬਣ ਜਾਣ ਲਈ ਆਖਦੀ ਹੈ ਤੇ ਅਸੀਂ ਆਪਣੇ ਮਨਾਂ ਵਿਚ ਕੈਦ ਹਜ਼ਾਰਾਂ ਪਰਿੰਦਿਆਂ ਦੀ ਆਵਾਜ਼ ਸੁਣਦੇ ਹਾਂ:

ਹਜ਼ਾਰਾਂ ਪਰਿੰਦੇ ਮੇਰੇ ਮਨ 'ਚ ਕੈਦੀ

ਸੁਣਾਂ ਰਾਤ ਦਿਨ ਮੈਂ ਇਹ ਦਿੰਦੇ ਦੁਹਾਈ

ਰਿਹਾਈ...... ਰਿਹਾਈ..

ਤੂੰ ਆਲਾਪ ਲੈ ਕਿ ਵਗਣ ਫੇਰ ਨਦੀਆਂ

ਤੂੰ ਆਲਾਪ ਲੈ ਕਿ ਵਗਣ ਫਿਰ ਹਵਾਵਾਂ

ਤੇ ਇਉਂ ਪਿੰਜਰੇ ਤੋਂ ਤੂੰ ਫਿਰ ਬਿਰਖ਼ ਹੋ ਜਾ

ਤੇ ਸ਼ਾਖ਼ਾਂ ਦੇ ਵਾਂਗੂੰ ਹਵਾਵਾਂ 'ਚ ਝੂਲਦਾ

ਖ਼ੁਸ਼ੀ ਤੇ ਉਦਾਸੀ 'ਚ ਹੋ ਜਾ ਸ਼ੁਦਾਈ

ਰਿਹਾਈ. ਰਿਹਾਈ.

ਤੇ ਇਉਂ ਪਾਤਰ ਜੀ ਦੀ ਕਵਿਤਾ ਇਕ ਐਸਾ ਸਥਾਨ ਬਣ ਗਈ ਜਾਪਦੀ ਹੈ ਜਿਥੇ ਆਤਮਿਕ ਦੁੱਖਾਂ 'ਚ ਨਪੀੜਿਆ ਮਨ ਆਪਣੀ ਵੇਦਨਾ ਦਾ ਇਜ਼ਹਾਰ ਕਰਦਾ ਹੈ:

ਅੱਥਰੂ ਏਥੇ ਚੜ੍ਹਨ ਚੜ੍ਹਾਵਾ

ਜਾਂ ਸਿਸਕੀ ਜਾਂ ਹਉਕਾ ਹਾਵਾ

ਦੁਖੜੇ ਦੇ ਕੇ ਮੁਖੜੇ ਲੈ ਜਾਉ

ਗੀਤਾਂ ਦੇ ਸ਼ਿੰਗਾਰ

ਹੇ ਕਵਿਤਾ ਮੈਂ ਮੁੜ ਆਇਆ ਹਾਂ

ਤੇਰੇ ਉਚੇ ਦੁਆਰ

ਜਿੱਥੇ ਹਰਦਮ ਸਰਗਮ ਗੂੰਜੇ

ਹਰ ਗ਼ਮ ਦਏ ਨਿਵਾਰ.......

ਇਹ ਸਾਡੇ ਸੰਤਾਪ ਨੂੰ ਗੀਤਾਂ ਵਿਚ ਬਦਲਦੀ ਹੈ, ਸਾਨੂੰ ਇਕ ਦਰਗਾਹ ਵਾਂਗ ਹੀ ਪ੍ਰੇਰਨਾ, ਧਰਵਾਸ ਤੇ ਸਹਾਰਾ ਦਿੰਦੀ ਹੋਈ ਮੁਕਤੀ ਦੀ ਅਸੀਸ ਤੇ ਆਸ ਵੀ ਬਖ਼ਸ਼ਦੀ ਹੈ।

**ਵਿਚਾਰਧਰਾਈ ਅਧਿਐਨ**

ਅੱਜ ਪੂੰਜੀਵਾਦੀ ਯੁੱਗ ਵਿੱਚ ਜਦੋਂ ਮਨੁੱਖ ਪੂਰੀ ਤਰ੍ਹਾਂ ਸਵੈਕੇਂਦ੍ਰਿਤ ਹੋ ਗਿਆ ਹੈ ਤਾਂ ਉਸ ਦੁਆਰਾ ਹਰੇਕ ਕੰਮ ਆਪਣੇ ਫਾਇਦੇ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਹੈ। ਫਾਇਦਾ ਲੈਣ ਲਈ ਮਨੁੱਖ ਕਈ ਤਰਾਂ ਦੇ ਸਮਝੌਤੇ ਕਰਦਾ ਹੈ। ਸਮਾਜ ਵਿੱਚ ਵਿੱਚਰਦਿਆਂ ਜਦੋਂ ਕਵੀ ਨੂੰ ਅਜਿਹੇ ਕਸ਼ਟਦਾਇਕ ਅਤੇ ਆਹਤ ਕਰ ਦੇਣ ਵਾਲੇ ਅਨੁਭਵ ਪ੍ਰਾਪਤ ਹੁੰਦੇ ਹਨ ਤਾਂ ਕਵੀ ਅਜਿਹੇ ਅਨੁਭਵਾਂ ਦੀ ਪੀੜਾ ਤੋਂ ਮੁਕਤ ਹੋਣ ਲਈ ਕਵਿਤਾ ਰਚਦਾ ਹੈ। ਉਸਨੂੰ ਮਹਿਸੂਸ ਹੁੰਦਾ ਹੈ ਕਿ ਰਚਨਾਵਾਂ ਰਾਹੀਂ ਉਹ ਸਭ ਪ੍ਰਾਪਤ ਗਮਾਂ ਤੋਂ ਮੁਕਤੀ ਪਾ ਸਕਦਾ ਹੈ:-

ਹੇ ਕਵਿਤਾ, ਮੈਂ ਮੁੜ ਆਇਆ ਹਾਂ,

ਤੇਰੇ ਉੱਚੇ ਦੁਆਰ

ਜਿੱਥੇ ਹਰ ਦਮ ਸਰਗਮ ਗੂੰਜੇ

ਹਰ ਗਮ ਦਏ ਨਿਵਾਰ (ਪੰਨਾ 20)

ਕਵੀ ਨੂੰ ਇਸ ਗੱਲ ਦਾ ਵੀ ਅਹਿਸਾਸ ਹੈ ਕਿ ਅਜੋਕੇ ਦੌਰ ਵਿੱਚ ਭਾਵਨਾਵਾਂ ਨੂੰ ਵਿਅਕਤ ਕਰਨ ਵਾਲੇ ਸ਼ਬਦਾਂ ਨੂੰ ਜਦੋਂ ਉਲੀਕਿਆ ਜਾਂਦਾ ਹੈ ਤਾਂ ਉਸ ਸਮੇਂ ਵੀ ਉਸਨੂੰ ਰਾਜ, ਸਮਾਜ ਅਤੇ ਪਰਿਵਾਰ ਦੀ ਪ੍ਰਵਾਨਗੀ ਦਾ ਡਰ ਹੁੰਦਾ ਹੈ। ਹਰ ਮਨੁੱਖ ਨੂੰ ਸਭ ਤੋਂ ਵਧੇਰੇ ਉਸਦੇ ਪਰਿਵਾਰ ਦਾ ਆਸਰਾ ਹੁੰਦਾ ਹੈ ਪਰ ਜਦੋਂ ਉਹੀ ਪਰਿਵਾਰ ਉਸਦੇ ਵਿਚਾਰਾਂ ਦਾ ਮੁੱਲ ਨਹੀਂ ਪਾਉਂਦਾ ਤਾਂ ਕਈ ਕਵੀ ਟੁੱਟਦਾ ਹੈ, ਉਸਨੂੰ ਹੋਰ ਵਿਚਾਰ ਪੇਸ਼ ਕਰਨ ਤੋਂ ਭੈਅ ਆਉਂਦਾ ਹੈ। ਇਸੇ ਤਰ੍ਹਾਂ ਜਿਹੜੀਆਂ ਗੱਲਾਂ ਸਮਾਜ ਦੇ ਬਣਾਏ ਹੋਏ ਨਿਯਮਾਂ ਦੇ ਅਨੁਸਾਰ ਨਹੀਂ ਹੁੰਦੀਆਂ ਉਨ੍ਹਾਂ ਨੂੰ ਸਮਾਜ ਵੱਲੋਂ ਪ੍ਰਵਾਨਗੀ ਨਹੀਂ ਮਿਲਦੀ। ਕਵੀ ਚਾਹੁੰਦਿਆਂ ਹੋਇਆ ਵੀ ਸਮਾਜ ਦੇ ਵਿਰੁੱਧ ਕੁਝ ਨਹੀਂ ਲਿਖ ਸਕਦਾ ਕਿਉਂਕਿ ਜੇਕਰ ਉਹ ਸਮਾਜ ਦੇ ਅਨੁਸਾਰ ਨਹੀਂ ਚੱਲੇਗਾ ਤਾਂ ਸਮਾਜ ਵਿੱਚ ਉਸਦਾ ਸਤਿਕਾਰ ਨਹੀਂ ਹੋਵੇਗਾ। ਇਸੇ ਤਰ੍ਹਾਂ ਹਰੇਕ ਮਨੁੱਖ ਨੂੰ ਰੋਜ਼ਗਾਰ ਲਈ ਸਰਕਾਰ ਦੇ ਹੱਥਾਂ ਵੱਲ ਦੇਖਣਾ ਪੈਣਾ ਹੈ। ਰੋਜ਼ੀ ਰੋਟੀ ਦੀ ਖਾਤਰ ਉਹ ਸਰਕਾਰ ਦੇ ਬੁਰੇ ਕੰਮਾਂ ਬਾਰੇ ਨਹੀਂ ਲਿਖ ਸਕਦਾ ਕਿਸੇ ਬੇਇਨਸਾਫ਼ੀ ਵਿਰੁੱਧ ਆਵਾਜ਼ ਨਹੀਂ ਉਠਾ ਸਕਦਾ ਅਜਿਹੀ ਬੇਵਸੀ ਬਾਰੇ ਪਾਤਰ ਨੇ ਲਿਖਿਆ ਹੈ-

ਅੱਧੀ ਰਾਤੇ

ਉੱਠਦੀਆਂ ਨਜ਼ਮਾਂ

ਦਫ਼ਨ ਕਲੇਜੇ ਕਰਦਾ ਹੈ

ਇੱਕ ਸ਼ਾਇਰ ਮੌਤੋਂ ਡਰਦਾ ਹੈ। (ਪੰਨਾ 54)

ਅਜੋਕੇ ਪੂੰਜੀਵਾਦੀ ਯੁੱਗ ਵਿੱਚ ਪੂੰਜੀ ਦੀ ਪ੍ਰਧਾਨਤਾ ਹੈ। ਹੋਰ ਜਿਨਸਾਂ ਵਾਂਗ ਕਵਿਤਾ ਦਾ ਵੀ ਮੁੱਲ ਪਾਇਆ ਜਾਂਦਾ ਹੈ। ਸਾਹਿਤ ਬਾਰੇ ਤਾਂ ਇਸ ਕਿਹਾ ਜਾਂਦਾ ਹੈ ਕਿ ਇਹ ਮਨੁੱਖੀ ਮਨ ਦੇ ਹਾਵਾਂ-ਭਾਵਾਂ ਦੀ ਪੇਸ਼ਕਾਰੀ ਕਰਦਾ ਹੈ। ਜਦੋਂ ਮਨੁੱਖੀ ਮਨ ਵਿੱਚ ਵਿਚਾਰ ਪੈਦਾ ਹੁੰਦੇ ਹਨ ਤਾਂ ਉਸ ਸਮੇਂ ਸਾਹਿਤ ਰਚਨਾ ਦਾ ਮੁੱਢ ਬੱਝਦਾ ਹੈ। ਪਰ ਅਜੋਕੇ ਦੌਰ ਵਿੱਚ ਮਨੁੱਖੀ ਮਨੋਵੇਗਾਂ ਦਾ ਪ੍ਰਗਟਾਵਾ ਨਹੀਂ ਹੁੰਦਾ ਸਗੋਂ ਅੱਜ ਕਵਿਤਾ ਕਿਰਾਏ ਉੱਤੇ ਵੀ ਲਿਖੀ ਜਾਣ ਲੱਗ ਪਈ ਹੈ।

ਡਾ. ਰਾਣਾ ਅਨੁਸਾਰ ਪੂੰਜੀਵਾਦ ਦੇ ਇਸ ਦੌਰ ਵਿੱਚ ਹੋਰ ਵਸਤਾਂ ਵਾਂਗ ਸਾਹਿਤ ਨੂੰ ਵੀ ਖਰੀਦਿਆ ਜਾਂਦਾ ਹੈ। ਇਸ ਦੌਰ ਦੇ ਚਰਿੱਤਰ ਅਨੁਸਾਰ ਸਭ ਤੋਂ ਵੱਡਾ ਅਤੇ ਪ੍ਰਮੁੱਖ ਕਵੀ ਉਸਨੂੰ ਹੀ ਸਮਝਿਆ ਜਾਂਦਾ ਹੈ ਜਿਸਦੀ ਕਵਿਤਾ ਵੱਧ ਤੋਂ ਵੱਧ ਵਿਕਦੀ ਹੈ, ਜਿਸਨੂੰ ਵੱਧ ਤੋਂ ਵੱਧ ਸਨਮਾਨ ਪ੍ਰਾਪਤ ਹੁੰਦੇ ਹਨ। ਪਰ ਬਹੁਤੀ ਵਾਰ ਇਹੀ ਹੁੰਦਾ ਹੈ ਕਿ ਇਹ ਮਾਣ-ਸਨਮਾਨ ਵੀ ਸਿਫ਼ਾਰਸ਼ੀ ਹੁੰਦੇ ਹਨ। ਦੂਜੇ ਪਾਸੇ ਇਹ ਗੱਲ ਵੀ ਨਾਲ-ਨਾਲ ਚੱਲਦੀ ਹੈ ਕਿ ਉਸਨੂੰ ਸਨਮਾਨਣ ਅਤੇ ਪੜ੍ਹਨ ਸੁਣਨ ਵਾਲੇ ਲੋਕ ਉਹੀ ਹੁੰਦੇ ਹਨ ਜਿਨ੍ਹਾਂ ਦੀ ਕਵੀ ਨੇ ਆਲੋਚਨਾ ਕੀਤੀ ਹੁੰਦੀ ਹੈ। ਪਰ ਜਦੋਂ ਕਿਸੇ ਮਨੁੱਖ ਦੀ ਰਚਨਾ ਦਾ ਸੌਦਾ ਹੁੰਦਾ ਹੈ ਉਸਦੇ ਲਈ ਇਹ ਸਥਿਤੀ ਖੁਸ਼ਗਵਾਰ ਨਹੀਂ ਹੁੰਦੀ।

ਤੇਰੀ ਹਰ ਨਜ਼ਮ ਪਾਤਰ ਵਿਕ ਗਈ ਹੈ,

ਤੇਰੇ ਗੀਤਾਂ ਦਾ ਸੌਦਾ ਹੋ ਗਿਆ ਹੈ

ਤੇਰੀ ਪਰਵਾਜ਼ ਤੋਂ ਖੁਸ਼ ਹੋ ਕੇ ਉਹਨਾ

ਇਹ ਇੱਕ ਸੋਨੇ ਦਾ ਪਿੰਜਰਾ ਭੇਜਿਆ ਹੈ। (ਪੰਨਾ 52)

ਜਦੋਂ ਵਿਅਕਤੀ ਆਪਣੀਆਂ ਭਾਵਨਾਵਾਂ ਨੂੰ ਪ੍ਰਗਟ ਕਰਨ ਤੋਂ ਕੇਵਲ ਇਸ ਕਰਕੇ ਵਾਂਝਾ ਰਹਿ ਜਾਵੇ ਕਿ ਜੇਕਰ ਉਸਨੇ ਹੋ ਰਹੀਆਂ ਬੇਇਨਸਾਫ਼ੀਆਂ ਬਾਰੇ ਲਿਖਿਆ ਤਾਂ ਉਸਨੂੰ ਹਾਕਮਾਂ ਦੇ ਕਹਿਰ ਦਾ ਸ਼ਿਕਾਰ ਹੋਣਾ ਪਵੇਗਾ ਤਾਂ ਇਹ ਇੱਕ ਅਤੀ ਤਰਸਯੋਗ ਸਥਿਤੀ ਹੈ। ਅੱਜ ਸਾਡੇ ਦੇਸ਼ ਦੀ ਹਾਲਤ ਅਜਿਹੀ ਹੈ ਕਿ ਕਿਸੇ ਵੀ ਪੜ੍ਹੇ-ਲਿਖੇ ਨੂੰ ਉਸਦੀ ਯੋਗਤਾ ਅਨੁਸਾਰ ਰੋਜ਼ਗਾਰ ਨਹੀਂ ਮਿਲ ਰਿਹਾ। ਮਿਹਨਤਕਸ਼ ਜਮਾਤ ਨੂੰ ਜ਼ਰੂਰੀ ਲੋੜਾਂ ਦੀ ਪੂਰਤੀ ਖਾਤਰ ਕਈ ਤਰਾਂ ਦੇ ਪਾਪੜ ਵੇਲਣੇ ਪੈ ਰਹੇ ਹਨ। ਗਰੀਬ ਵਿਅਕਤੀ ਦਾ ਕੋਈ ਮਾਨ-ਸਨਮਾਨ ਨਹੀਂ ਉਸਨੂੰ ਹਰ ਪਾਸਿਉਂ ਧੱਕੇ ਮਿਲਦੇ ਹਨ। ਹਰੇਕ ਵਿਅਕਤੀ ਦੁਖੀ ਹੈ। ਸਰਕਾਰਾਂ ਦਾ ਫ਼ਰਜ਼ ਆਪਣੇ ਬਸ਼ਿੰਦਿਆਂ ਨੂੰ ਵੱਧ ਤੋਂ ਵੱਧ ਸੁਖ ਸਹੂਲਤਾਂ ਦੇਣਾ ਹੁੰਦਾ

ਹੈ। ਪਰ ਸਾਡੇ ਦੇਸ਼ ਦੀ ਹਾਲਤ ਅਜਿਹੀ ਹੈ ਜਿੱਥੇ ਦੋ-ਡੰਗ ਦੀ ਰੋਟੀ ਦਾ ਫ਼ਿਕਰ ਹੀ ਮਨੁੱਖ ਨੂੰ ਤੋੜ ਕੇ ਰੱਖ ਦਿੰਦਾ ਹੈ। ਆਰਥਿਕ ਅਸਾਵਾਂਪਨ ਇਸਦਾ ਸਭ ਤੋਂ ਵੱਡਾ ਕਾਰਨ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ। ਨਵੇਂ-ਨਵੇਂ ਢੰਗਾਂ ਰਾਹੀਂ ਅਮੀਰ ਆਪਣੇ ਸਰਮਾਏ ਨੂੰ ਦੁੱਗਣਾ ਕਰ ਰਹੇ ਹਨ ਕਿਉਂਕਿ ਸਰਕਾਰਾਂ ਦੀ ਸ਼ਹਿ ਪ੍ਰਾਪਤ ਹੈ। ਅੱਜ ਥਾਂ-ਥਾਂ ਪਬਲਿਕ ਸਕੂਲ ਅਤੇ ਟ੍ਰੇਨਿੰਗ ਕਾਲਜ ਖੁੱਲ੍ਹੇ ਹੋਏ ਹਨ। ਪਰ ਇਹਨਾਂ ਦਾ ਮਕਸਦ ਆਮ ਲੋਕਾਂ ਨੂੰ ਸਿਖਿਅਤ ਕਰਨਾ ਨਹੀਂ ਸਗੋਂ ਇਨ੍ਹਾਂ ਤੋਂ ਕਮਾਈ ਪ੍ਰਾਪਤ ਕਰਨਾ ਹੈ। ਇਨ੍ਹਾਂ ਕਾਲਜਾਂ ਵਿੱਚ ਫੀਸਾਂ ਰਾਹੀਂ ਤੋਂ ਰਹੀ ਕਮਾਈ ਕਾਰਨ ਸਰਮਾਏਦਾਰਾਂ ਦੀ ਕਮਾਈ ਵਿੱਚ ਤਾਂ ਵਾਧਾ ਹੋ ਰਿਹਾ ਹੈ ਪਰ ਪੜ੍ਹੇ-ਲਿਖੇ ਬੇਰੁਜ਼ਗਾਰ ਵੱਧ ਰਹੇ ਹਨ। ਯੋਗਤਾਂ ਅਨੁਸਾਰ ਕੰਮ ਨਹੀਂ ਮਿਲ ਰਿਹਾ। ਅਨੇਕਾਂ ਨੌਜਵਾਨ ਨੌਕਰੀ ਦੀ ਉਡੀਕ ਕਰਦਿਆਂ-ਕਰਦਿਆਂ ਉਮਰ ਦੀ ਹੱਦ ਪਾਰ ਕਰ ਜਾਂਦੇ ਹਨ। ਜਦਕਿ ਸਿਫ਼ਾਰਸ਼ ਅਤੇ ਰਿਸ਼ਵਤ ਨਾਲ ਅਯੋਗ ਉਮੀਦਵਾਰਾਂ ਨੂੰ ਨੌਕਰੀ ਦੇਣ ਲਈ ਰਾਹ ਲੱਭੇ ਜਾਂਦੇ ਹਨ। ਅਜਿਹੇ ਸਮਾਜ ਵਿੱਚ ਆਮ ਵਿਅਕਤੀ ਦੀ ਤਰਸਯੋਗ ਹਾਲਤ ਬਾਰੇ ਸੁਰਜੀਤ ਪਾਤਰ ਨੇ ਲਿਖਿਆ ਹੈ-

ਉਹ ਜਾਂਦਾ ਹੈ

ਚਾਰ ਛੁੱਟੀਆਂ ਤੋਂ ਬਾਅਦ

ਬੜੀ ਉਮੀਦ ਨਾਲ ਭਰਿਆ ਉਮੀਦਵਾਰ

ਜਵਾਬ ਮਿਲਦਾ ਹੈ

ਅਜੇ ਇੰਤਜਾਰ ਕਰੋ ਇੰਤਜਾਰ

ਚਿਹਰੇ ਤੇ ਲੈ ਕੇ ਗੁੱਸਾ ਗਿਲਾਨੀ ਤੇ ਫਿਟਕਾਰ

ਸੀਨੇ ਵਿੱਚ ਲੈ ਕੇ ਰੋਹ ਦੀ ਜ਼ਹਿਰ ਉਹ ਉੱਤਰਦਾ ਹੈ

ਚੜ੍ਹੀਆਂ ਹੋਈਆਂ ਪੌੜੀਆਂ (ਪੰਨਾ 48)

ਜਦੋਂ ਕਿਸੇ ਨਾਲ ਅਜਿਹੀ ਬੇਇਨਸਾਫ਼ੀ ਵਾਰ-ਵਾਰ ਹੁੰਦੀ ਹੈ ਤਾਂ ਉਸ ਅੰਦਰ ਗੁੱਸੇ ਦੀ ਜਵਾਲਾ ਭੜਕਣੀ ਸੁਭਾਵਿਕ ਹੈ। ਗੁੱਸੇ ਵਿੱਚ ਮਨੁੱਖ ਦਾ ਦਿਮਾਗ ਸਹੀ ਦਿਸ਼ਾ ਵੱਲ ਕੰਮ ਨਹੀਂ ਕਰਦਾ ਅਤੇ ਕੁਰਾਹੇ ਪੈ ਜਾਂਦਾ ਹੈ। ਕੁਰਾਹੇ ਪਿਆ ਵਿਅਕਤੀ ਆਪਣੇ ਆਪ ਲਈ ਵੀ ਖਤਰਨਾਕ ਹੁੰਦਾ ਹੈ ਅਤੇ ਸਮਾਜ ਲਈ ਵੀ। ਪਰ ਉਸਦੇ ਅਜਿਹੇ ਹਾਲਾਤ ਦਾ ਜਿੰਮੇਵਾਰ ਉਹ ਆਪ ਨਹੀਂ ਸਗੋਂ ਸਰਕਾਰ ਹੈ। ਆਮ ਸਧਾਰਨ ਘਰਾਂ ਦੇ ਮੁੰਡਿਆਂ ਅਤੇ ਕੁੜੀਆਂ ਦੀ ਸਾਰੀ ਉਮਰ ਨੌਕਰੀ ਲਈ ਬਿਨੈ ਪੱਤਰ ਕਰਦਿਆਂ ਹੀ ਗੁਜ਼ਰ ਜਾਂਦੀ ਹੈ। ਮਨੁੱਖੀ ਜੀਵਨ ਵਿੱਚ ਬਹੁਤ ਵਾਰ ਇਉਂ ਘਟਨਾਵਾਂ ਘਟਦੀਆਂ ਹਨ ਕਿ ਨਿਰਾਸ਼ਾ ਉਸ ਉੱਤੇ ਭਾਰੂ ਹੋ ਜਾਂਦੀ ਹੈ। ਇਹੀਂ ਅੱਜ ਦੇ ਮਨੁੱਖ ਦੀ ਹੋਣੀ ਹੈ। ਪੂੰਜੀਵਾਦੀ ਸਮਾਜ

ਦੀਆਂ ਮਾਨਤਾਵਾਂ ਅਜਿਹੀਆਂ ਹਨ ਕਿ ਮਿਹਨਤ-ਮੁਸ਼ੱਕਤ ਦੇ ਬਾਵਜੂਦ ਮਨੁੱਖ ਨੂੰ ਅਨੇਕਾਂ ਤਰਾਂ ਦੇ ਸਮਝੌਤੇ ਕਰਨੇ ਪੈਂਦੇ ਹਨ। ਰੋਟੀ-ਰੋਜ਼ੀ ਦਾ ਪ੍ਰਬੰਧ ਉਸਦੀ ਸੋਚ ਤੇ ਭਾਰੂ ਪੈ ਜਾਂਦਾ ਹੈ, ਪੈਰ-ਪੈਰ ਤੇ ਸਮਝੌਤੇ ਕਰਦਿਆਂ ਮਨੁੱਖ ਆਪਣੀ ਜ਼ਮੀਰ ਮਹਿਸੂਸ ਕਰਦਾ ਹੈ। ਮਾਰਦਾ ਹੈ ਅਤੇ ਆਪਣੇ ਆਪ ਨੂੰ ਹੀਣਾ

ਬਹੁ ਗਿਣਤੀ

ਜੋ ਉਦਾਸ ਹੈ

ਖਾਮੋਸ਼ ਹੈ

ਏਨੇ ਚਸ਼ਮਿਆਂ ਦੇ ਬਾਵਜੂਦ ਪਿਆਸੀ ਹੈ

ਏਨੇ ਚਾਨਣਾਂ ਦੇ ਬਾਵਜੂਦ ਹਨ੍ਹੇਰੇ ਵਿਚ ਹੈ (ਪੰਨਾ 32)

ਸੁਰਜੀਤ ਪਾਤਰ ਦੀ ਕਵਿਤਾ ਵਿੱਚ ਸਮਕਾਲ ਦੀ ਮਹੱਤਤਾ ਵਿਸ਼ੇਸ਼ ਰੂਪ ਵਿੱਚ ਪ੍ਰਗਟ ਹੋਈ ਹੈ। ਉਸਨੇ 'ਲਫ਼ਜਾਂ ਦੀ ਦਰਗਾਹ' ਵਿੱਚ ਵਿੱਚ ਬਹੁਤ ਸਾਰੇ ਸਮਕਾਲੀਨ ਮਸਲਿਆਂ ਨੂੰ ਪੇਸ਼ ਕੀਤਾ ਹੈ ਇਹਨਾਂ ਦੇ ਕਾਰਨਾਂ ਅਤੇ ਨਤੀਜਿਆਂ ਬਾਰੇ ਵੀ ਜਾਣਕਾਰੀ ਦਿੱਤੀ ਹੈ। ਉਸਦੇ ਇਸ ਕਾਵਿ ਸੰਗ੍ਰਹਿ ਵਿੱਚ ਵਿਦਿਅਕ ਸਿਸਟਮ ਬਾਰੇ ਜਾਣਕਾਰੀ ਦਿੱਤੀ ਹੈ ਕਿਵੇਂ ਭਾਸ਼ਾ ਦਾ ਮਸਲਾ ਰੋਜ਼ਗਾਰ ਨਾਲ ਜੁੜਿਆ ਹੋਇਆ ਹੈ। ਹਰ ਵਿਅਕਤੀ ਪ੍ਰਾਪਤੀ ਲਈ ਕਿਸੇ ਭਾਸ਼ਾ ਦੀ ਚੋਣ ਕਰਦਾ ਹੈ। ਅਜਿਹਾ ਕਰਦਾ ਹੋਇਆ ਉਹ ਆਪਣੀ ਮਾਂ ਬੋਲੀ ਬਾਰੇ ਨਹੀਂ ਸੋਚ ਰਿਹਾ ਹੁੰਦਾ। ਉਸ ਸਮੇਂ ਉਸਦੇ ਅੱਗੇ ਰੋਜ਼ਗਾਰ ਪ੍ਰਾਪਤੀ ਦੀ ਸਮੱਸਿਆਂ ਹੁੰਦੀ ਹੈ। ਪਰਵਾਸੀ ਮਜਦੂਰ ਜੋ ਕੇ ਦੂਜੇ ਸੂਬਿਆਂ ਤੋਂ ਪੰਜਾਬ ਆਉਂਦੇ ਹਨ ਉਨ੍ਹਾਂ ਅੱਗੇ ਵੀ ਰੋਟੀ ਦਾ ਮਸਲਾ ਹੁੰਦਾ ਹੈ। ਸਰੀਰਕ ਮੁਸ਼ੱਕਤ ਕਰਦਿਆਂ ਉਨ੍ਹਾਂ ਦੀ ਵੀ ਇਹ ਇੱਛਾ ਹੁੰਦੀ ਹੈ ਕਿ ਉਨ੍ਹਾਂ ਦੇ ਬੱਚੇ ਮਜ਼ਦੂਰੀ ਦੀ ਥਾਂ ਚੰਗੀਆਂ ਨੌਕਰੀਆਂ ਕਰਨ। ਇਸ ਲਈ ਉਨ੍ਹਾਂ ਦੇ ਬੱਚੇ ਪੰਜਾਬੀ ਭਾਸ਼ਾ ਨੂੰ ਪੜ੍ਹ ਰਹੇ ਹਨ ਜਦਕਿ ਪੰਜਾਬੀ ਉਨ੍ਹਾਂ ਦੀ ਮਾਂ ਬੋਲੀ ਨਹੀਂ। ਇਸੇ ਤਰ੍ਹਾਂ ਹੀ ਜਿਹੜੇ ਪਰਵਾਸੀ ਦੂਸਰੇ ਦੇਸ਼ਾਂ ਵੱਲ ਕੂਚ ਕਰਦੇ ਹਨ ਉਨ੍ਹਾਂ ਅੱਗੇ ਵੀ ਰੋਜ਼ਗਾਰ ਪ੍ਰਾਪਤੀ ਦੀ ਸਮੱਸਿਆ ਹੁੰਦੀ ਹੈ ਇਸ ਲਈ ਉਸੇ ਦੇਸ਼ ਦੀ ਭਾਸ਼ਾ ਨੂੰ ਅਪਣਾਉਣਾ ਉਨ੍ਹਾਂ ਦੀ ਮਜ਼ਬੂਰੀ ਹੁੰਦੀ ਹੈ। ਇੱਥੇ ਇੱਕ ਗੱਲ ਵਿਸ਼ੇਸ਼ ਤੋਰ ਤੇ ਵਰਨਣ ਯੋਗ ਹੈ ਕਿ ਚੰਗੇ ਸਰਦੇ ਘਰਾਂ ਦੇ ਬੱਚੇ ਪਰਵਾਸ ਕਰ ਰਹੇ ਹਨ ਜਿਸਨੂੰ ਕਿ ਉਨ੍ਹਾਂ ਦਾ ਸੌਂਕ ਵੀ ਕਿਹਾ ਜਾ ਸਕਦਾ ਹੈ ਪਰ ਇਸ ਦੇ ਡੂੰਘਾਈ ਵਿੱਚ ਜਾ ਕੇ ਕਾਰਨ ਲੱਭਣ ਤੇ ਪਤਾ ਲੱਗਦਾ ਹੈ ਕਿ ਡਗਮਗਾਈ ਹੋਈ ਭਾਰਤੀ ਅਰਥ-ਵਿਵਸਥਾ ਵਿੱਚ ਰੁਜ਼ਗਾਰ ਪ੍ਰਾਪਤੀ ਦੇ ਘੱਟ ਮੌਕੇ ਉਹਨਾਂ ਨੂੰ ਅਜਿਹਾ ਕਰਨ ਲਈ ਮਜ਼ਬੂਰ ਕਰਦੇ ਹਨ। ਰੁਜ਼ਗਾਰ ਮਸਲੇ ਉੱਤੇ ਲਿਖੀ ਪਾਤਰ ਦੀ ਕਵਿਤਾ ਵਿਸ਼ੇਸ਼ ਤੌਰ ਤੇ ਵਰਨਣਯੋਗ ਹੈ-

ਊੜਾ ਐੜਾ ਲਿਖ ਰਹੀ

ਬੇਟੀ ਨੰਦ ਕਿਸ਼ੋਰ ਦੀ

ਕਿੰਨਾ ਗੂੜ੍ਹਾ ਸਾਕ ਹੈ

ਅੱਖਰਾਂ ਅਤੇ ਰਿਜ਼ਕ ਦਾ (ਪੰਨਾ 83)

ਵਿਅਕਤੀ ਅੱਜ ਦੇ ਪੂੰਜੀਵਾਦੀ ਅਤੇ ਅਸਾਵੇਂ ਜੁੱਗ ਵਿੱਚ ਕਿਵੇਂ ਨਾ ਕਿਵੇਂ ਆਪਣੀ ਜ਼ਮੀਰ ਨਾਲ ਸਮਝੌਤਾ ਕਰ ਰਿਹਾ ਹੈ ਤਾ ਜੋ ਰੋਜ਼ੀ-ਰੋਟੀ ਦਾ ਜੁਗਾੜ ਹੋ ਸਕੇ। ਅਸੀਂ ਅਜਿਹੇ ਸਮਾਜ ਦੇ ਬਸ਼ਿੰਦੇ ਹਾਂ ਜਿਸ ਵਿੱਚ ਅਪਰਾਧੀਆਂ, ਖੁਸ਼ਾਮਦੀਆਂ ਅਤੇ ਬੇਜ਼ਮੀਰੇ ਲੋਕਾਂ ਲਈ ਤਾਂ ਸਭ ਕੁਝ ਹੈ ਪਰੰਤੂ ਮਿਹਨਤਕਸ਼ਾਂ ਅਤੇ ਸੱਚੇ-ਸੁੱਚੇ ਲੋਕਾਂ ਲਈ ਕੋਈ ਮੌਕਾ ਨਹੀਂ ਹੈ। ਕੰਮ ਦੇ ਸੋਮਿਆਂ ਉੱਪਰ ਰਾਜਨੀਤੀਵਾਨਾਂ ਅਤੇ ਭ੍ਰਿਸ਼ਟ ਅਫ਼ਸਰਾਂ ਦਾ ਅਧਿਕਾਰ ਹੈ। ਕੋਈ ਵੀ ਕੰਮ ਪ੍ਰਾਪਤ ਕਰਨ ਲਈ ਉਨ੍ਹਾਂ ਖੁਸ਼ ਕਰਨਾ ਜ਼ਰੂਰੀ ਹੈ। ਜਦੋਂ ਕੋਈ ਮਨੁੱਖ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਸੋਚਦਾ ਹੈ ਤਾਂ ਉਹ ਅੰਦਰੇ-ਅੰਦਰ ਡਰ ਜਾਂਦਾ ਹੈ ਕਿ ਅਜਿਹੇ ਭ੍ਰਿਸ਼ਟ ਨਿਜ਼ਾਮ ਤੋਂ ਉਹ ਕੀ ਪ੍ਰਾਪਤ ਕਰ ਸਕਣਗੇ?

ਆਧੁਨਿਕ ਮਨੁੱਖ ਭੀੜ ਵਿੱਚ ਹੁੰਦਾ ਹੋਇਆ ਵੀ ਇਕੱਲਾ ਹੈ। ਉਹ ਆਪਣੀਆਂ ਭਾਵਨਾਵਾਂ ਕਿਸੇ ਨਾਲ ਸਾਂਝੀਆਂ ਨਹੀਂ ਕਰ ਸਕਦਾ। ਜਿਸ ਕਾਰਨ ਉਸ ਉੱਤੇ ਨਿਰਾਸ਼ਾ ਭਾਰੂ ਹੁੰਦੀ ਹੈ। ਮਨੁੱਖੀ ਮਨ ਭਟਕਦਾ ਹੈ ਅਤੇ ਭਟਕਦਾ ਹੋਇਆ ਮਨੁੱਖੀ ਮਨ ਆਪਣੇ ਆਪ ਨੂੰ ਸਮੱਸਿਆਵਾਂ ਵਿੱਚ ਘਿਰਿਆ ਹੋਇਆ ਮਹਿਸੂਸ ਕਰਦਾ ਹੈ। ਉਹ ਕੁਝ ਕਹਿਣਾ ਚਾਹੁੰਦਾ ਹੋਇਆ ਵੀ ਕਹਿ ਨਹੀਂ ਸਕਦਾ ਕਿਉਂਕਿ ਉਸ ਅੰਦਰ ਸਮਾਜ ਅਤੇ ਸਰਕਾਰ ਦਾ ਡਰ ਹੁੰਦਾ ਹੈ:-

ਦਗਾ ਕਰ ਰਿਹਾ ਏ ਗਜ਼ਲ ਨਾਲ ਪਾਤਰ

ਇਹ ਕੀ ਲਿਖ ਰਿਹੈ ਭਾਵਨਾਵਾਂ ਤੋਂ ਚੋਰੀ (ਪੰਨਾ 27)

ਸਮਕਾਲੀਨ ਸਮਾਜ ਵਿੱਚ ਸਮਾਜਕ ਅਤੇ ਰਾਜਸੀ ਪ੍ਰਬੰਧ ਅਜਿਹਾ ਹੈ ਜਿਸ ਵਿੱਚ ਮਨੁੱਖ ਦਾ ਲਗਾਤਾਰ ਸੋਸ਼ਣ ਹੋ ਰਿਹਾ ਹੈ। ਕਤਲ ਦੇ ਇਲਜਾਮ ਤੋਂ ਡਰਦੇ ਹੋਏ ਲੋਕ ਇੱਕ ਦੂਜੇ ਦੀ ਜਾਣ ਬਚਾਉਣ ਤੋਂ ਵੀ ਡਰਦੇ ਹਨ। ਮਾਨਵਤਾ ਵਿਰੋਧੀ ਅਜਿਹੇ ਨਿਜ਼ਾਮ ਨੂੰ ਬਦਲਣ ਲਈ ਕਵੀ ਤਲਵਾਰਾਂ ਨਾਲ ਉਲਝਣੋਂ ਵੀ ਨਹੀਂ ਡਰਦਾ। ਕ੍ਰਾਂਤੀਕਾਰੀ ਨਜ਼ਮਾਂ ਦੇ ਸੰਬੰਧ ਵਿਚ ਪਾਤਰ ਨੇ ਲਿਖਿਆ ਹੈ:-

ਜਦ ਨਜ਼ਮਾ ਲਟ-ਲਟ ਜਗਣਗੀਆਂ

ਤਾਂ ਬੁਰੀਆਂ ਉਨ੍ਹਾਂ ਨੂੰ ਲਗਣਗੀਆਂ

ਜੋ ਅਧਿਕਾਰ ਦੇ ਰਾਜੇ ਨੇ,

ਜੋ ਮੌਤਾਂ ਦੇ ਦਰਵਾਜੇ ਨੇ।(ਪੰਨਾ 55)

ਸਮਕਾਲੀਨ ਯਥਾਰਥ ਅਤੇ ਚੇਤਨਾ ਨਾਲ ਜੁੜਿਆ ਹੋਣ ਕਾਰਨ ਕਵੀ ਪੰਜਾਬ ਦੇ ਸਭਿਆਚਾਰਕ ਸੰਕਟ ਨੂੰ ਭਾਵਪੂਰਤ ਸ਼ੈਲੀ ਰਾਹੀਂ ਪ੍ਰਗਟਾਉਂਦਾ ਹੈ। ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਅਜੋਕੇ ਪੰਜਾਬੀ ਆਪਣੀ ਸਭਿਆਚਾਰਕ ਅਤੇ ਭਾਸ਼ਾਈ ਪਹਿਚਾਨ ਗੁਆ ਰਿਹਾ ਹੈ। 'ਆਇਆ ਨੰਦ ਕਿਸ਼ੋਰ ਕਵਿਤਾ ਵਿਚ ਅੱਖਰ ਅਤੇ ਅਕਾਂਖਿਆ ਦੀ ਨੁਮਾਇਸ਼ ਕਰਦੇ ਅੱਛਰ ਸਿੰਘ ਦੇ ਪੋਤੇ ਪੱਛਮੀ ਸਭਿਆਚਾਰ ਦੇ ਪ੍ਰਭਾਵ ਅਧੀਨ ਕੌਨਵੈਂਟ ਸਕੂਲ ਵਿੱਚ ਪਹਿਚਾਣ ਗੁਆਉਂਦੇ ਹੋਏ ਮਾਂ-ਬੋਲੀ ਪੰਜਾਬੀ ਤੋਂ ਦੂਰ ਜਾ ਰਹੇ ਹਨ।

ਇਸ ਤਰ੍ਹਾਂ ਲਫ਼ਜ਼ਾਂ ਦੀ ਦਰਗਾਹ ਕਾਵਿ ਸੰਗ੍ਰਹਿ ਵਿੱਚ ਕਵੀ ਨੇ ਸਰਬਕਾਲੀਨ ਮਸਲਿਆਂ ਦੇ ਨਾਲ-ਨਾਲ ਸਮਕਾਲੀ ਮਸਲਿਆਂ ਨੂੰ ਛੋਹਿਆ ਹੈ। ਅਜੋਕੇ ਵਿਦਿਅਕ ਪ੍ਰਬੰਧ, ਸਭਿਆਚਾਰਕ ਅਤੇ ਭਾਸ਼ਾਈ ਪਹਿਚਾਣ ਉੱਤੇ ਵਿਚਾਰ ਕਰਦਿਆਂ ਸਾਡੇ ਸਮਾਜ, ਸਭਿਆਚਾਰ ਅਤੇ ਮਨੁੱਖੀ ਹੋਂਦ ਨਾਲ ਸੰਬੰਧਤ ਮਸਲਿਆਂ ਬਾਰੇ ਵਿਚਾਰ ਕੀਤੀ ਹੈ।ਉਹ ਕਿਸੇ ਅਜਿਹੇ ਇਨਕਲਾਬ ਲਈ ਵੀ ਆਸਵੰਦ ਹੈ ਜਿਹੜਾ ਭਾਰਤੀ ਲੋਕਾਂ ਦੀਆਂ ਸਮੱਸਿਆਵਾਂ ਦਾ ਸਮਾਧਾਨ ਕਰ ਸਕੇਗਾ।